ਸਲੋਕੁ ॥ ਸੁਖੀ ਬਸੈ ਮਸਕੀਨੀਆ, ਆਪੁ ਨਿਵਾਰਿ ਤਲੇ ॥ ਬਡੇ ਬਡੇ ਅਹੰਕਾਰੀਆ, ਨਾਨਕ ਗਰਬਿ ਗਲੇ ॥੧॥ ਨਿਮ੍ਰਤਾ ਦਾ ਗੁਣ ਧਾਰਨ ਵਾਲਾ (ਮਨੁੱਖ) ਸੁਖੀ ਵਸਦਾ ਹੈ ਅਤੇ (ਉਹ) ਆਪਾ ਭਾਵ ਦੂਰ ਕਰਕੇ ਸਭ ਤੋਂ ਨੀਵਾਂ ਹੋ ਕੇ ਰਹਿੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਵੱਡੇ ਵੱਡੇ ਹੰਕਾਰ ਵਾਲੇ (ਰਾਵਣ ਵਰਗੇ ਲੋਕ ਅਪਣੇ) ਹੰਕਾਰ ਦੇ ਕਾਰਣ ਨਾਸ਼ ਹੋ ਗਏ ਹਨ।੧।

ਪਦਾਰਥ = ਮਸਕੀਨੀਆ–ਗਰੀਬੀ (ਨਿਮ੍ਰਤਾ) ਧਾਰਨ ਕਰਨ ਵਾਲਾ। ਆਪੁ–ਆਪਾ ਭਾਵ; ਅਪਣੱਤ। ਨਿਵਾਰਿ–ਦੂਰ ਕਰਕੇ। ਤਲੇ–ਥੱਲੇ (ਨੀਵਾਂ ਹੋ ਕੇ)। ਗਰਬਿ–ਹੰਕਾਰ ਦੇ ਕਾਰਣ। ਗਲੇ–ਗਲ (ਨਾਸ਼ ਹੋ) ਗਏ।੧।

ਅਸਟਪਦੀ ॥ ਜਿਸ ਕੈ ਅੰਤਰਿ ਰਾਜ ਅਭਿਮਾਨੁ ॥ ਸੋ ਨਰਕਪਾਤੀ ਹੋਵਤ ਸੁਆਨੁ ॥ ਜੋ ਜਾਨੈ ਮੈ ਜੋਬਨਵੰਤੁ ॥ ਸੋ ਹੋਵਤ ਬਿਸਟਾ ਕਾ ਜੰਤੁ ॥ ਆਪਸ ਕਉ ਕਰਮਵੰਤੁ ਕਹਾਵੈ ॥ ਜਨਮਿ ਮਰੈ ਬਹੁ ਜੋਨਿ ਭ੍ਰਮਾਵੈ ॥ ਧਨ ਭੂਮਿ ਕਾ ਜੋ ਕਰੈ ਗੁਮਾਨੁ ॥ ਸੋ ਮੂਰਖੁ ਅੰਧਾ ਅਗਿਆਨੁ ॥ ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ ॥ ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ ॥੧॥ ਜਿਸ (ਮਨੁੱਖ) ਦੇ ਹਿਰਦੇ ਅੰਦਰ ਰਾਜ ਦਾ ਹੰਕਾਰ ਹੁੰਦਾ ਹੈ (ਹੰਕਾਰ ਕਰਕੇ ਲੋਕਾਂ ਤੇ ਜ਼ੁਲਮ ਕਰਦਾ ਹੈ)। ਉਹ ਨਰਕਾਂ ਵਿਚ ਡਿਗਣ ਵਾਲਾ ਕੁੱਤਾ ਹੁੰਦਾ ਹੈ (ਨਰਕਾਂ ਦਾ ਦੁਖ ਭੋਗ ਕੇ ਕੁੱਤੇ ਦੀ ਜੂਨ ਵਿਚ ਪੈਂਦਾ ਹੈ)। ਜੋ (ਪੁਰਖ) ਜਾਣਦਾ ਹੈ ਕਿ ਮੈਂ ਜੋਬਨ ਵਾਲਾ ਹਾਂ (ਜੁਆਨੀ ਦੇ ਹੰਕਾਰ ਵਿਚ ਕਮਜੋਰਾਂ ਨੂੰ ਦੁਖ ਦੇਂਦਾ ਹੈ)। ਉਹ ਮਨੁੱਖ ਗੰਦਗੀ ਦਾ ਕੀੜਾ ਹੁੰਦਾ ਹੈ ਭਾਵ ਅਜੇਹੇ ਲੋਕਾਂ ਦਾ ਅੰਤ ਬਹੁਤ ਬੁਰਾ ਹੁੰਦਾ ਹੈ। (ਜੋ ਮਨੁੱਖ) ਆਪਣੇ ਆਪ ਨੂੰ ਸ਼ੁੱਭ ਕਰਮ ਕਰਨ ਵਾਲਾ ਕਹਾਉਂਦਾ ਹੈ। ਉਹ ਜੰਮਦਾ ਮਰਦਾ ਤੇ ਬਹੁਤ ਜੋਨੀਆਂ ਵਿਚ ਭਟਕਦਾ ਹੈ। ਧਨ ਤੇ ਭੂਮੀ ਦਾ ਜਿਹੜਾ ਮਨੁੱਖ ਗੁਮਾਨ ਕਰਦਾ ਹੈ। ਉਹ ਮਨੁੱਖ ਮੂਰਖ ਅੰਨ੍ਹਾ ਤੇ ਅਗਿਆਨੀ ਹੈ। ਜਿਸ ਪੁਰਖ ਦੇ ਹਿਰਦੇ ਵਿਚ ਪ੍ਰਭੂ ਕ੍ਰਿਪਾ ਕਰਕੇ ਗਰੀਬੀ (ਨਿਮ੍ਰਤਾ ਦਾ ਗੁਣ) ਬਸਾ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਹ ਮਨੁੱਖ) ਇਥੇ ਦੁਨੀਆਂ ਵਿਚ ਮਾਇਕ ਬੰਧਨਾਂ ਤੋਂ ਮੁਕਤ ਹੈ; (ਉਹ ਮਨੁੱਖ) ਇਥੇ ਜੀਵਨ ਮੁਕਤ ਹੈ ਤੇ ਅੱਗੇ ਪ੍ਰਲੋਕ ਵਿਚ ਵੀ ਸੁਖ ਪਾਉਂਦਾ ਹੈ।੧।

ਪਦਾਰਥ = ਅੰਤਰਿ–ਹਿਰਦੇ ਅੰਦਰ। ਨਰਕਪਾਤੀ–ਨਰਕਾਂ ਵਿਚ ਡਿਗਣ ਵਾਲਾ; ਪਾਪੀ ਮਨੁੱਖ। ਹੋਵਤ–ਹੁੰਦਾ ਹੈ। ਸੋ–ਉਹ। ਸੁਆਨੁ–ਕੁੱਤਾ। ਜੋਬਨਵੰਤ–ਜੁਆਨੀ ਵਾਲਾ। ਬਿਸਟਾ–ਗੰਦਗੀ (ਗੂੰਹ)। ਜੰਤੁ–ਕੀੜਾ। ਕਰਮਵੰਤ–ਚੰਗੇ ਕਰਮ ਕਰਨ ਵਾਲਾ। ਭਰਮਾਵੈ–ਭਟਕਦਾ ਹੈ। ਭੂਮਿ–ਜਮੀਨ। ਗਰੀਬੀ–ਨਿਮ੍ਰਤਾ। ਈਹਾ–ਇਸ ਦੁਨੀਆਂ ਵਿਚ। ਆਗੈ–ਅੱਗੇ–ਪ੍ਰਲੋਕ ਵਿਚ।੧।

ਧਨਵੰਤਾ ਹੋਇ ਕਰਿ ਗਰਬਾਵੈ ॥ ਤ੍ਰਿਣ ਸਮਾਨਿ ਕਛੁ ਸੰਗਿ ਨ ਜਾਵੈ ॥ ਬਹੁ ਲਸਕਰ ਮਾਨੁਖ ਊਪਰਿ ਕਰੇ ਆਸ ॥ ਪਲ ਭੀਤਰਿ ਤਾ ਕਾ ਹੋਇ ਬਿਨਾਸ ॥ ਸਭ ਤੇ ਆਪ ਜਾਨੈ ਬਲਵੰਤੁ ॥ ਖਿਨ ਮਹਿ ਹੋਇ ਜਾਇ ਭਸਮੰਤੁ ॥ ਕਿਸੈ ਨ ਬਦੈ ਆਪਿ ਅਹੰਕਾਰੀ ॥ ਧਰਮ ਰਾਇ ਤਿਸੁ ਕਰੇ ਖੁਆਰੀ ॥ ਗੁਰ ਪ੍ਰਸਾਦਿ ਜਾ ਕਾ ਮਿਟੈ ਅਭਿਮਾਨੁ ॥ ਸੋ ਜਨੁ ਨਾਨਕ ਦਰਗਹ ਪਰਵਾਨੁ ॥੨॥ (ਜੋ ਪੁਰਖ) ਧਨ ਵਾਲਾ ਹੋ ਕੇ ਹੰਕਾਰ ਕਰਦਾ ਹੈ। ਇਕ ਤੀਲੇ ਦੇ ਬਰਾਬਰ ਕੁਛ ਵੀ (ਮਨੁੱਖ ਦੇ) ਨਾਲ ਨਹੀਂ ਜਾਵੇਗਾ। (ਜੋ ਮਨੁੱਖ ਅਪਣੀ ਰੱਖਿਆ ਲਈ) ਬਹੁਤੀਆਂ ਫੌਜਾਂ ਤੇ ਮਨੁੱਖਾਂ ਉਪਰ ਆਸ ਕਰਦਾ ਹੈ। ਇਕ ਪਲ ਵਿਚ ਉਸ ਦਾ ਨਾਸ਼ ਹੋ ਜਾਂਦਾ ਹੈ। ਜੋ ਅਪਣੇ ਆਪ ਨੂੰ ਸਭ ਤੋਂ ਬਲ ਵਾਲਾ ਸਮਝਦਾ ਹੈ। (ਉਹ) ਇਕ ਖਿਨ ਵਿਚ ਸੜ ਕੇ ਅੰਤ ਨੂੰ ਸੁਆਹ ਹੋ ਜਾਂਦਾ ਹੈ। (ਜੋ ਮਨੁੱਖ) ਆਪ ਹੰਕਾਰੀ ਹੈ ਅਤੇ (ਅਪਣੇ ਬਰਾਬਰ ਹੋਰ) ਕਿਸੇ ਨੂੰ ਗਿਣਦਾ ਹੀ ਨਹੀਂ। ਧਰਮਰਾਜਾ ਉਸ ਨੂੰ ਖੱਜਲ ਖੁਆਰ ਕਰਦਾ ਹੈ। ਗੁਰੂ ਦੀ ਕ੍ਰਿਪਾ ਨਾਲ ਜਿਸ (ਪੁਰਖ) ਦਾ ਅਭਿਮਾਨ ਮਿਟ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਰੱਬੀ ਦਰਗਾਹ ਵਿਚ ਪ੍ਰਵਾਨ ਹੁੰਦਾ ਹੈ।੨।

ਪਦਾਰਥ = ਧਨਵੰਤਾ–ਧਨ ਵਾਲਾ; ਧਨਾਢ। ਗਰਬਾਵੈ–ਹੰਕਾਰ ਕਰਦਾ ਹੈ। ਤ੍ਰਿਣ–ਘਾਹ ਦਾ ਤੀਲਾ; ਕੱਖ। ਸਮਾਨਿ–ਬਰਾਬਰ। ਸੰਗਿ–ਨਾਲ। ਬਹੁ–ਬਹੁਤ। ਲਸਕਰ–ਫੌਜਾਂ। ਪਲ ਭੀਤਰਿ–ਪਲ ਵਿਚ ਹੀ। ਤਾ ਕਾ–ਉਸ ਦਾ। ਸਭ ਤੇ–ਸਭ ਤੋਂ। ਬਲਵੰਤੁ–ਬਲਵਾਨ। ਭਸਮੰਤੁ –ਸੁਆਹ। ਨ ਬਦੈ–ਗਿਣਦਾ ਨਹੀਂ; ਮੰਨਦਾ ਨਹੀ। ਖੁਆਰੀ–ਖੱਜਲ ਖੁਆਰ। ਜਾ ਕਾ–ਜਿਸ ਦਾ। ਸੋ ਜਨੁ–ਉਹ ਪੁਰਖ।੨।

ਕੋਟਿ ਕਰਮ ਕਰੈ ਹਉ ਧਾਰੇ ॥ ਸ੍ਰਮੁ ਪਾਵੈ ਸਗਲੇ ਬਿਰਥਾਰੇ ॥ ਅਨਿਕ ਤਪਸਿਆ ਕਰੇ ਅਹੰਕਾਰ ॥ ਨਰਕ ਸੁਰਗ ਫਿਰਿ ਫਿਰਿ ਅਵਤਾਰ ॥ ਅਨਿਕ ਜਤਨ ਕਰਿ ਆਤਮ ਨਹੀ ਦ੍ਰਵੈ ॥ ਹਰਿ ਦਰਗਹ ਕਹੁ ਕੈਸੇ ਗਵੈ ॥ ਆਪਸ ਕਉ ਜੋ ਭਲਾ ਕਹਾਵੈ ॥ ਤਿਸਹਿ ਭਲਾਈ ਨਿਕਟਿ ਨ ਆਵੈ ॥ ਸਰਬ ਕੀ ਰੇਨ ਜਾ ਕਾ ਮਨੁ ਹੋਇ ॥ ਕਹੁ ਨਾਨਕ ਤਾ ਕੀ ਨਿਰਮਲ ਸੋਇ ॥੩॥ (ਜੇ ਕੋਈ ਮਨੁੱਖ) ਕ੍ਰੋੜਾਂ ਧਾਰਮਕ ਕਰਮ ਕਰੇ ਤੇ (ਉਨ੍ਹਾਂ ਕਰਮਾਂ ਦਾ) ਹੰਕਾਰ ਧਾਰਨ ਕਰੇ। (ਉਹ ਕੀਤੇ ਕਰਮਾਂ ਦਾ ਕੇਵਲ) ਥਕੇਵਾਂ ਹੀ ਪ੍ਰਾਪਤ ਕਰਦਾ ਹੈ (ਕਿਉਂਕਿ ਹੰਕਾਰ ਦੇ ਕਾਰਣ ਕਰਮ) ਸਭ ਬ੍ਰਿਥੇ ਜਾਂਦੇ ਹਨ। (ਜੋ ਮਨੁੱਖ) ਅਨੇਕਾਂ ਤਰ੍ਹਾਂ ਦੀ ਤਪੱਸਿਆ ਕਰਕੇ ਹੰਕਾਰ ਕਰਦਾ ਹੈ। ਉਹ ਨਰਕ ਸੁਰਗ ਵਿਚ ਮੁੜ ਮੁੜ ਜੰਮਦਾ ਰਹਿੰਦਾ ਹੈ (ਉਚੀਆਂ ਨੀਵੀਆਂ ਜੂਨਾਂ ਵਿਚ ਬਾਰ ਬਾਰ ਜਨਮ ਲੈਂਦਾ ਹੈ)। ਅਨੇਕਾਂ ਜਤਨ ਕਰਕੇ ਵੀ (ਜਿਸ ਮਨੁੱਖ ਦਾ) ਹਿਰਦਾ ਨਰਮ ਨਹੀਂ ਹੁੰਦਾ। (ਤਾਂ) ਦੱਸੋ ਹਰੀ ਦੀ ਦਰਗਾਹ ਵਿਚ (ਉਹ) ਕਿਵੇਂ ਪੁਜ ਸਕੇਗਾ? ਅਪਣੇ

All Rights Reserved by Harjinder Singh Gyani | www.GuruGranthVakhyaan.org

ਆਪ ਨੂੰ ਜੋ (ਮਨੁੱਖ ਹੰਕਾਰ ਵਿਚ) ਭਲਾ ਅਖਵਾਉਂਦਾ ਹੈ। ਭਲਾਈ ਤਾਂ ਉਸ ਦੇ ਨੇੜੇ ਵੀ ਨਹੀਂ ਆਉਂਦੀ। ਜਿਸ ਪੁਰਖ ਦਾ ਮਨ ਸਭ ਦੇ ਚਰਨਾਂ ਦੀ ਧੂੜ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦੀ ਸੋਭਾ ਉਜਲ ਹੁੰਦੀ ਹੈ।੩।

ਪਦਾਰਥ = ਕੋਟਿ-ਕ੍ਰੋੜ। ਕਰਮ-ਧਰਮ ਦੇ ਕਰਮ। ਹਉ-ਹੰਕਾਰ। ਸ੍ਰਮੁ-ਮਿਹਨਤ; ਥਕਾਵਟ; ਕਸ਼ਟ। ਸਗਲੇ-ਸਾਰੇ। ਬਿਰਥਾਰੇ-ਬ੍ਰਿਥਾ। ਫਿਰਿ ਫਿਰਿ-ਮੁੜ ਮੁੜ। ਅਵਤਾਰ-ਜਨਮ। ਨਹੀ ਦ੍ਰਵੈ-ਨਹੀਂ ਪਿਘਲਦਾ; ਨਰਮ ਨਹੀਂ ਹੁੰਦਾ। ਕਹੁ-ਦੱਸੋ। ਗਵੈ-ਪੁਜਦਾ ਹੈ। ਆਪਸ ਕਉ-ਅਪਣੇ ਆਪ ਨੂੰ। ਤਿਸਹਿ-ਉਸ ਦੇ। ਨਿਕਟਿ-ਨੇੜੇ। ਰੇਨ-ਚਰਨ ਧੂੜ। ਜਾ ਕਾ-ਜਿਸ ਦਾ। ਤਾ ਕੀ-ਉਸ ਦੀ। ਸੋਇ-ਸੋਭਾ।੩। ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥ ਤਬ ਇਸ ਕਉ ਸੁਖੁ ਨਾਹੀ ਕੋਇ ॥ ਜਬ ਇਹ ਜਾਨੈ ਮੈ ਕਿਛੁ ਕਰਤਾ ॥ ਤਬ ਲਗੁ ਗਰਭ ਜੋਨਿ ਮਹਿ ਫਿਰਤਾ ॥ ਜਬ ਧਾਰੈ ਕੋਊ ਬੈਰੀ ਮੀਤੁ ॥ ਤਬ ਲਗੁ ਨਿਹਚਲੁ ਨਾਹੀ ਚੀਤੁ ॥ ਜਬ ਲਗੁ ਮੋਹ ਮਗਨ ਸੰਗਿ ਮਾਇ ॥ ਤਬ ਲਗ ਧਰਮਰਾਇ ਦੇਇ ਸਜਾਇ ॥ ਪ੍ਰਭ ਕ੍ਰਿਪਾ ਤੇ ਬੰਧਨ ਤੂਟੈ ॥ ਗੁਰ ਪ੍ਰਸਾਦਿ ਨਾਨਕ ਹਉ ਛੂਟੈ ॥੪॥ ਜਦ ਤਕ (ਇਹ ਹੰਕਾਰੀ ਮਨੁੱਖ) ਸਮਝਦਾ ਹੈ ਕਿ ਮੇਰੇ ਪਾਸੋਂ ਕੁਛ ਹੋ ਸਕਦਾ ਹੈ (ਮੈਂ ਕੁਛ ਕਰ ਸਕਦਾ ਹਾਂ)। ਤਦ ਤਕ ਇਸ ਨੂੰ ਕੋਈ ਸੁਖ ਨਹੀਂ ਮਿਲ ਸਕਦਾ। ਜਦ ਇਹ ਮਨੁੱਖ ਜਾਣਦਾ ਹੈ ਕਿ ਮੈਂ (ਅਪਣੇ ਬਲ ਨਾਲ) ਕੁਛ ਕਰਦਾ ਹਾਂ। ਤਦ ਤਕ (ਹੰਕਾਰ ਦੇ ਕਾਰਣ) ਇਹ ਗਰਭ ਜੋਨੀਆਂ ਵਿਚ ਫਿਰਦਾ ਰਹਿੰਦਾ ਹੈ (ਬਾਰ ਬਾਰ ਜੰਮਦਾ ਤੇ ਮਰਦਾ ਹੈ)। ਜਦ ਇਹ ਕਿਸੇ ਨੂੰ ਬੈਰੀ ਤੇ ਕਿਸੇ ਨੂੰ ਮਿਤ੍ਰ ਬਣਾਉਂਦਾ ਹੈ। ਤਦ ਤਕ ਇਸ ਦਾ ਚਿੱਤ ਸਥਿਰ (ਟਿਕਾਉ ਵਿਚ) ਨਹੀਂ ਰਹਿੰਦਾ। ਜਦ ਤਕ ਮਾਇਆ ਦੇ ਮੋਹ ਨਾਲ ਮਸਤ ਹੋਇਆ ਰਹਿੰਦਾ ਹੈ। ਤਦ ਤਕ ਧਰਮਰਾਜਾ (ਇਸ ਮਨੁੱਖ ਨੂੰ) ਸਜਾ ਦਿੰਦਾ ਹੈ। ਪ੍ਰਭੂ ਦੀ ਕ੍ਰਿਪਾ ਨਾਲ (ਮਾਇਆ ਦੇ) ਬੰਧਨ ਟੁੱਟਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ (ਜੀਵ ਦੀ) ਹਉਮੈ ਛੁੱਟ (ਮੁੱਕ) ਜਾਂਦੀ ਹੈ।੪।

ਪਦਾਰਥ = ਜਬ ਲਗੁ-ਜਦ ਤਕ। ਮੁਝ ਤੇ-ਮੇਰੇ ਪਾਸੋਂ। ਇਸ ਕਉ-ਇਸ ਨੂੰ। ਕਰਤਾ-ਕਰਦਾ ਹਾਂ। ਤਬ ਲਗੁ-ਤਦ ਤਕ। ਧਾਰੈ-ਬਣਾਉਂਦਾ ਹੈ। ਮੀਤੁ-ਮਿਤ੍ਰ। ਨਿਹਚਲੁ-ਅਡੋਲ; ਟਿਕਾਉ ਵਿਚ। ਚੀਤੁ-ਚਿਤ। ਮਗਨ-ਮਸਤ। ਮਾਇ-ਮਾਇਆ।੪।

ਅੰਗ ੨੭੯ = ਸਹਸ ਖਟੇ ਲਖ ਕਉ ਉਠਿ ਧਾਵੈ ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ ॥ ਅਨਿਕ ਭੋਗ ਬਿਖਿਆ ਕੇ ਕਰੈ ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ ॥ ਬਿਨਾ ਸੰਤੋਖ ਨਹੀ ਕੋਊ ਰਾਜੈ ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ ॥ ਨਾਮ ਰੰਗਿ ਸਰਬ ਸੁਖੁ ਹੋਇ ॥ ਬਡਭਾਗੀ ਕਿਸੈ ਪਰਾਪਤਿ ਹੋਇ ॥ ਕਰਨ ਕਰਾਵਨ ਆਪੇ ਆਪਿ ॥ ਸਦਾ ਸਦਾ ਨਾਨਕ ਹਰਿ ਜਾਪਿ ॥੫॥ (ਜਦ ਲੋਭੀ ਮਨੁੱਖ) ਹਜਾਰਾਂ ਰੁਪਏ ਕਮਾ ਲੈਂਦਾ ਹੈ, ਤਾਂ ਲੱਖਾਂ ਰੁਪਏ ਕਮਾਉਣ ਲਈ ਉਠ ਦੌੜਦਾ ਹੈ। (ਫਿਰ ਅੱਗੇ ਹੋਰ) ਮਾਇਆ ਇਕੱਠੀ ਕਰੀ ਜਾਂਦਾ ਹੈ; (ਸਦਾ ਅਪਣੇ ਆਪ ਨੂੰ) ਮਾਇਆ ਦੇ ਪਿੱਛੇ ਪਾਉਂਦਾ ਹੈ (ਸੰ.ਸ.), (ਫਿਰ ਵੀ ਇਸ ਨੂੰ) ਰੱਜ ਨਹੀਂ ਆਉਂਦਾ। (ਇਸ ਮਾਇਆ ਨਾਲ) ਵਿਸ਼ਿਆਂ ਦੇ ਅਨੇਕਾਂ ਭੋਗ ਰਸ ਮਾਣਦਾ ਹੈ। (ਭੋਗਾਂ ਨਾਲ ਇਹ) ਰੱਜਦਾ ਹੀ ਨਹੀਂ ਤੇ (ਅੰਤ) ਖਪ ਖਪ ਕੇ ਮਰ ਜਾਂਦਾ ਹੈ। ਸੰਤੋਖ ਤੋਂ ਬਿਨਾ ਕੋਈ ਨਹੀਂ ਰੱਜਦਾ। ਸੁਪਨੇ ਦੇ ਮਨੋਰਥ ਵਾਂਗ (ਮਨੁੱਖ ਦੇ) ਸਾਰੇ ਕੰਮ ਬਿਅਰਥ ਜਾਂਦੇ ਹਨ (ਭਾਵ ਤ੍ਰਿਪਤੀ ਨਹੀਂ ਦੇ ਸਕਦੇ। ਇਸਦੇ ਟਾਕਰੇ ਤੇ) ਨਾਮ ਦੇ ਪ੍ਰੇਮ ਵਿਚ ਸਾਰੇ ਸੁਖ ਮਿਲਦੇ ਹਨ। (ਪਰ ਨਾਮ ਦਾ ਪ੍ਰੇਮ) ਵੱਡੇ ਭਾਗਾਂ ਨਾਲ ਕਿਸੇ (ਵਿਰਲੇ ਮਨੁੱਖ) ਨੂੰ ਪ੍ਰਾਪਤ ਹੁੰਦਾ ਹੈ। (ਜਿਸ ਨੂੰ ਪ੍ਰਾਪਤ ਹੁੰਦਾ ਹੈ, ਉਹ ਜਾਣ ਲੈਂਦਾ ਕਿ ਸਭ ਕੁਛ ਪ੍ਰਭੂ) ਆਪੇ ਕਰਨ ਵਾਲਾ ਤੇ ਆਪ ਹੀ (ਜੀਵਾਂ ਪਾਸੋਂ) ਕਰਾਉਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਹੇ ਜੀਵ! ਤੂੰ ਉਸ) ਹਰੀ ਨੂੰ ਸਦਾ ਸਦਾ ਜਪ।੫।

ਪਦਾਰਥ = ਸਹਸ-ਹਜਾਰਾਂ (ਰੁਪਏ)। ਖਟੇ-ਕਮਾਉਂਦਾ ਹੈ। ਲਖ ਕਉ-ਲੱਖਾਂ ਰੁਪਏ ਲਈ। ਧਾਵੈ-ਦੌੜਦਾ ਹੈ। ਤ੍ਰਿਪਤਿ ਨ-ਰੱਜਦਾ ਨਹੀਂ। ਪਾਛੈ ਪਾਵੈ-ਜਮ੍ਹਾ ਕਰਦਾ ਹੈ (ਸਭ ਨੇ ਇਹੀ ਅਰਥ ਕੀਤਾ ਹੈ)। ਅਨਿਕ-ਅਨੇਕਾਂ। ਭੋਗ ਕਰੇ-ਮੌਜਾਂ ਮਾਣਦਾ ਹੈ। ਬਿਖਿਆ-ਵਿਸੈ ਵਿਕਾਰ; ਮਾਇਆ। ਤ੍ਰਿਪਤਾਵੈ-ਰੱਜਦਾ ਹੈ। ਖਪਿ ਖਪਿ-ਦੁਖੀ ਹੋ ਕੇ। ਮਨੋਰਥ-ਮਨ ਦੇ ਖਿਆਲ; ਪ੍ਰਯੋਜਨ। ਬ੍ਰਿਥੇ-ਬਿਅਰਥ। ਕਾਜੈ-ਕੰਮ। ਰੰਗਿ-ਪ੍ਰੇਮ ਵਿਚ। ਕਿਸੈ-ਕਿਸੇ ਵਿਰਲੇ ਨੂੰ। ਕਰਨ ਕਰਾਵਨ-ਕਰਨ ਵਾਲਾ ਤੇ ਕਰਾਉਣ ਵਾਲਾ। ਜਾਪਿ-ਸਿਮਰ।੫।

ਕਰਨ ਕਰਾਵਨ ਕਰਨੈਹਾਰੁ ॥ ਇਸ ਕੈ ਹਾਥਿ ਕਹਾ ਬੀਚਾਰੁ ॥ ਜੈਸੀ ਦ੍ਰਿਸਟਿ ਕਰੇ ਤੈਸਾ ਹੋਇ ॥ ਆਪੇ ਆਪਿ ਆਪਿ ਪ੍ਰਭੁ ਸੋਇ ॥ ਜੋ ਕਿਛੁ ਕੀਨੋ ਸੁ ਅਪਨੈ ਰੰਗਿ ॥ ਸਭ ਤੇ ਦੂਰਿ ਸਭਹੂ ਕੈ ਸੰਗਿ ॥ ਬੂਝੈ ਦੇਖੈ ਕਰੈ ਬਿਬੇਕ ॥ ਆਪਹਿ ਏਕ ਆਪਹਿ ਅਨੇਕ ॥ ਮਰੈ ਨ ਬਿਨਸੈ ਆਵੈ ਨ ਜਾਇ ॥ ਨਾਨਕ ਸਦ ਹੀ ਰਹਿਆ ਸਮਾਇ ॥੬॥ ਕਰਨਹਾਰ ਪ੍ਰਭੂ (ਆਪ ਹੀ ਸਭ ਕੁਛ) ਕਰਨ ਵਾਲਾ ਤੇ (ਜੀਵਾਂ ਪਾਸੋਂ) ਕਰਾਉਣ ਵਾਲਾ ਹੈ। ਬਿਚਾਰ ਲਵੋ, ਇਸ (ਜੀਵ) ਦੇ ਹੱਥ ਵਿਚ ਕੀ ਹੈ? (ਕੁਛ ਵੀ ਨਹੀਂ। ਜੀਵ ਉਪਰ ਪ੍ਰਭੂ) ਜੈਸੀ ਨਜਰ ਕਰਦਾ ਹੈ, ਤਿਹੋ ਜਿਹਾ (ਇਹ ਜੀਵ) ਹੋ ਜਾਂਦਾ ਹੈ। ਉਹ ਪ੍ਰਭੂ ਆਪੇ ਆਪ ਸਭ ਕੁਝ ਹੈ; ਤਿੰਨਾਂ ਕਾਲਾਂ ਵਿਚ (ਪਿਛੇ, ਹੁਣ ਤੇ ਅੱਗੇ ਨੂੰ) ਉਹ ਪ੍ਰਭੂ ਆਪੇ ਆਪ ਹੈ। ਜੋ ਕੁਛ (ਪ੍ਰਭੂ ਨੇ) ਕੀਤਾ ਹੈ, ਉਹ ਅਪਣੀ ਮੌਜ ਵਿਚ ਹੀ ਕੀਤਾ ਹੈ। (ਉਹ) ਸਭ ਤੋਂ ਦੂਰ ਵੀ ਹੈ ਤੇ ਸਭ ਦੇ ਅੰਗ ਸੰਗ ਵੀ ਹੈ। (ਪ੍ਰਭੂ ਸਭ ਦੇ ਦਿਲਾਂ ਦੀ) ਬੁੱਝਦਾ ਹੈ, (ਸਭ ਦੇ ਕੰਮ) ਦੇਖਦਾ ਹੈ ਹੈ ਤੇ (ਸਭ ਦੇ ਕਰਮਾਂ ਦਾ)

All Rights Reserved by Harjinder Singh Gyani | www.GuruGranthVakhyaan.org

ਵਿਚਾਰ; ਨਿਰਣਾ ਵੀ ਕਰਦਾ ਹੈ।(ਪ੍ਰਭੂ) ਆਪ ਇਕ ਹੈ ਤੇ ਆਪ ਹੀ ਅਨੇਕ ਰੂਪ ਹੋ ਰਿਹਾ ਹੈ (ਨਿਰਗੁਣ ਰੂਪ ਵਿਚ ਇਕ ਹੈ ਤੇ ਸਰਗੁਣ ਰੂਪ ਵਿਚ ਅਨੇਕ ਹੈ।ਪ੍ਰਭੂ) ਨਾ ਮਰਦਾ ਹੈ, ਨਾ ਨਾਸ਼ ਹੁੰਦਾ ਹੈ ਤੇ ਨਾ ਹੀ ਆਉਂਦਾ ਜਾਂਦਾ (ਜੰਮਦਾ ਮਰਦਾ) ਹੈ।ਨਾਨਕ ਗੁਰੂ ਜੀ ਆਖਦੇ ਹਨ, (ਕਿ ਉਹ ਪ੍ਰਭੂ ਸਭ ਜਗ੍ਹਾ) ਸਦਾ ਹੀ ਸਮਾ (ਵਿਆਪਕ ਹੋ) ਰਿਹਾ ਹੈ।੬।

ਪਦਾਰਥ = ਕਹਾ–ਕੀ; ਕਿਥੇ।ਦ੍ਰਿਸਟਿ–ਨਜਰ।ਸੋਇ–ਉਹ।ਰੰਗਿ–ਮੌਜ ਵਿਚ।ਕਰੈ ਬਿਬੇਕ–ਵਿਚਾਰ ਕਰਦਾ ਹੈ।੬।

ਆਪਿ ਉਪਦੇਸੈ ਸਮਝੈ ਆਪਿ ॥ ਆਪੇ ਰਚਿਆ ਸਭ ਕੈ ਸਾਥਿ ॥ ਆਪਿ ਕੀਨੋ ਆਪਨ ਬਿਸਥਾਰੁ ॥ ਸਭੁ ਕਛੁ ਉਸ ਕਾ ਓਹੁ ਕਰਨੈਹਾਰੁ ॥ ਉਸ ਤੇ ਭਿੰਨ ਕਹਹੁ ਕਿਛੁ ਹੋਇ ॥ ਥਾਨ ਥਨੰਤਰਿ ਏਕੈ ਸੋਇ ॥ ਅਪੁਨੇ ਚਲਿਤ ਆਪਿ ਕਰਣੈਹਾਰ ॥ ਕਉਤਕ ਕਰੈ ਰੰਗ ਆਪਾਰ ॥ ਮਨ ਮਹਿ ਆਪਿ ਮਨ ਅਪੁਨੇ ਮਾਹਿ ॥ ਨਾਨਕ ਕੀਮਤਿ ਕਹਨੁ ਨ ਜਾਇ ॥੭॥ (ਉਹ ਪ੍ਰਭੂ) ਆਪ ਹੀ ਗੁਰੂ ਰੂਪ ਹੋ ਕੇ ਉਪਦੇਸ਼ ਦਿੰਦਾ ਹੈ ਤੇ ਆਪ ਹੀ ਸਿੱਖ ਰੂਪ ਹੋ ਕੇ ਸਮਝਦਾ ਹੈ।(ਕਿਉਂਕਿ ਉਹ ਵਿਆਪਕ ਰੂਪ ਵਿਚ) ਆਪ ਹੀ ਸਾਰਿਆਂ ਦੇ ਨਾਲ ਮਿਲਿਆ ਹੋਇਆ ਹੈ।(ਉਸ ਨੇ) ਅਪਣੇ ਤੋਂ ਆਪ ਹੀ ਵਿਸਥਾਰ ਕੀਤਾ ਹੈ।(ਇਹ) ਸਭ ਕੁਛ ਉਸਦਾ ਹੈ ਤੇ ਉਹ ਕਰਨਹਾਰ ਹੈ।(ਫਿਰ) ਉਸ ਤੋਂ ਵੱਖਰਾ ਕੁਛ ਹੁੰਦਾ ਹੈ, ਤਾਂ ਦੱਸੋ? (ਸਭ) ਥਾਵਾਂ ਤੇ ਥਾਵਾਂ ਦੇ ਅੰਦਰ, ਇਕ ਉਹ ਹੀ (ਪੂਰਨ) ਹੈ।ਅਪਣੇ ਚੋਜ ਉਹ ਆਪ ਹੀ ਕਰਨਵਾਲਾ ਹੈ।(ਪ੍ਰਭੂ ਆਪ ਹੀ) ਬੇਅੰਤ ਰੰਗਾਂ ਦੇ ਕੌਤਕ ਕਰਦਾ ਹੈ।(ਸਭ ਜੀਵਾਂ ਦੇ) ਮਨਾਂ ਵਿਚ ਪ੍ਰਭੂ ਆਪ ਵਸਦਾ ਹੈ ਤੇ ਸਭ ਮਨ ਉਸ ਵਿਚ ਵਸਦੇ ਹਨ (ਤਾਣੇ ਪੇਟੇ ਵਾਂਗ ਅਭੇਦ ਹੈ)।ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਦੀ) ਕੀਮਤ ਕਹੀ ਨਹੀਂ ਜਾ ਸਕਦੀ (ਉਸ ਵਰਗਾ ਹੋਰ ਕੋਈ ਨਹੀਂ।ਅਸੀਂ ਸਰਬੱਗ ਨਹੀਂ ਹਾਂ, ਜੋ ਜਾਂਚ ਕਰ ਸਕੀਏ ਤੇ ਅੰਦਾਜਾ ਲਾ ਸਕੀਏ)।੭।

ਪਦਾਰਥ = ਰਚਿਆ–ਮਿਲਿਆ ਹੋਇਆ।ਕੀਨੋ–ਕੀਤਾ।ਬਿਸਥਾਰੁ–ਪ੍ਰਪੰਚ; ਖਿਲਾਰਾ।ਭਿੰਨ–ਵੱਖਰਾ।ਕਹਹੁ–ਦੱਸੋ।ਸੋਇ–ਉਹ।ਚਲਿਤ–ਕੌਤਕ; ਤਮਾਸ਼ੇ।ਕਉਤਕ–ਕੌਤਕ; ਖੇਲ।ਰੰਗ–ਤਰ੍ਹਾਂ ਦੇ।ਅਪਾਰ–ਬੇਅੰਤ।ਮਨ–ਮਨ; ਜੀਵ (ਸੰ.ਸ.; ਫ.ਸ.)।੭।

ਸਤਿ ਸਤਿ ਸਤਿ ਪ੍ਰਭੁ ਸੁਆਮੀ ॥ ਗੁਰ ਪਰਸਾਦਿ ਕਿਨੈ ਵਖਿਆਨੀ ॥ ਸਚੁ ਸਚੁ ਸਚੁ ਸਭੁ ਕੀਨਾ ॥ ਕੋਟਿ ਮਧੇ ਕਿਨੈ ਬਿਰਲੈ ਚੀਨਾ ॥ ਭਲਾ ਭਲਾ ਭਲਾ ਤੇਰਾ ਰੂਪ ॥ ਅਤਿ ਸੁੰਦਰ ਅਪਾਰ ਅਨੂਪ ॥ ਨਿਰਮਲ ਨਿਰਮਲ ਨਿਰਮਲ ਤੇਰੀ ਬਾਣੀ ॥ ਘਟਿ ਘਟਿ ਸੁਨੀ ਸ੍ਰਵਨ ਬਖ੍ਹਾਣੀ ॥ ਪਵਿਤ੍ਰ ਪਵਿਤ੍ਰ ਪਵਿਤ੍ਰ ਪੁਨੀਤ ॥ ਨਾਮੁ ਜਪੈ ਨਾਨਕ ਮਨਿ ਪ੍ਰੀਤਿ ॥੮॥੧੨॥ ਉਹ ਪ੍ਰਭੂ ਮਾਲਕ ਤਿੰਨਾਂ ਕਾਲਾਂ (ਆਦਿ ਮੱਧ ਤੇ ਅੰਤ) ਵਿਚ ਸੱਤ ਹੈ (ਸਦੀਵੀ ਹੋਂਦ ਵਾਲਾ ਹੈ।ਪਰ ਇਹ ਗਲ) ਗੁਰੂ ਦੀ ਕਿਰਪਾ ਨਾਲ ਕਿਸੇ ਵਿਰਲੇ ਪੁਰਖ ਨੇ ਹੀ ਆਖੀ ਹੈ।(ਜੋ ਕੁਛ ਪ੍ਰਭੂ ਨੇ) ਕੀਤਾ ਹੈ, ਉਹ ਪਿਛੇ ਵੀ ਸੱਚ ਸੀ, ਹੁਣ ਵੀ ਸੱਚ ਹੈ ਤੇ ਅੱਗੇ ਨੂੰ ਵੀ ਸੱਚ ਹੋਵੇਗਾ (ਜਿਵੇਂ ਜਲ ਲਹਿਰ ਰੂਪ ਹੋ ਕੇ ਵੀ ਜਲ ਰਹਿੰਦਾ ਹੈ, ਸੋਨਾ ਗਹਿਣਾ ਬਣ ਕੇ ਵੀ ਸੋਨਾ ਹੀ ਰਹਿੰਦਾ ਹੈ, ਤਿਵੇਂ ਪ੍ਰਮਾਤਮਾ ਜਗਤ ਰੂਪ ਹੋ ਕੇ ਵੀ ਸੱਚ ਰੂਪ ਰਹਿੰਦਾ ਹੈ।ਇਸ ਗੱਲ ਨੂੰ) ਕ੍ਰੋੜਾਂ ਵਿਚੋਂ ਕਿਸੇ ਵਿਰਲੇ ਨੇ ਹੀ ਜਾਣਿਆ ਹੈ।ਹੇ ਪ੍ਰਭੂ! ਤੇਰਾ ਰੂਪ ਤਿੰਨਾਂ ਕਾਲਾਂ (ਆਦਿ ਮੱਧ ਤੇ ਅੰਤ) ਵਿਚ ਭਲਾ ਹੈ।ਆਪ ਜੀ ਦਾ ਸਰੂਪ ਅਤੀ ਸੁੰਦਰ, ਪਾਰ ਰਹਿਤ ਤੇ ਉਪਮਾ ਰਹਿਤ ਹੈ।(ਹੇ ਪ੍ਰਭੂ!) ਤੇਰੀ ਨਾਮ ਬਾਣੀ ਤਿੰਨਾਂ ਕਾਲਾਂ ਵਿਚ ਨਿਰਮਲ ਹੈ।ਜੋ ਹਰੇਕ ਹਿਰਦੇ ਵਿਚ ਕੰਨਾਂ ਦੁਆਰਾ ਸੁਣੀ ਜਾ ਰਹੀ ਹੈ ਤੇ ਰਸਨਾ ਨਾਲ ਵਖਿਆਨ ਕੀਤੀ ਜਾ ਰਹੀ ਹੈ {ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ੯੮੮}।ਨਾਨਕ ਗੁਰੂ ਜੀ ਆਖਦੇ ਹਨ (ਕਿ ਜੋ ਪੁਰਖ) ਨਾਮ ਨੂੰ ਮਨ ਵਿਚ ਪ੍ਰੀਤ ਨਾਲ ਜਪਦਾ ਹੈ, ਉਹ (ਤਨ ਮਨ ਤੇ ਬਾਣੀ ਕਰਕੇ) ਪਵਿਤ੍ਰ ਹੋ ਜਾਂਦਾ ਹੈ।੮।੧੨।

ਪਦਾਰਥ = ਸਤਿ–ਸਦਾ ਕਾਇਮ ਰਹਿਣ ਵਾਲਾ; ਸਦੀਵੀ ਹੋਂਦ ਵਾਲਾ।ਗੁਰ ਪਰਸਾਦਿ–ਗੁਰੂ ਦੀ ਕ੍ਰਿਪਾ ਨਾਲ।ਕਿਨੈ–ਕਿਸੇ ਬਿਰਲੇ ਨੇ।ਵਖਿਆਨੀ–ਬਿਆਨ ਕੀਤੀ ਹੈ।ਸਚੁ–(ਆਦਿ ਸਚੁ ਜੁਗਾਦਿ ਸਚੁ) ਸੱਚ ਸਰੂਪ ਪ੍ਰਭੂ।ਚੀਨਾ–ਜਾਣਿਆ।ਅਨੂਪ–ਉਪਮਾ ਰਹਿਤ (ਜਿਸ ਵਰਗਾ ਹੋਰ ਕੋਈ ਨਹੀਂ)।ਸ੍ਰਵਨ–ਕੰਨਾਂ ਦੁਆਰਾ।ਬਖ੍ਹਾਣੀ–ਉਚਾਰੀ ਜਾ ਰਹੀ ਹੈ।ਪੁਨੀਤ–ਬਹੁਤ ਪਵਿਤ੍ਰ।੮।੧੨।

ਵਿਆਖਿਆ = ਇਸ ਅਸਟਪਦੀ ਵਿਚ ਹੰਕਾਰ ਦੂਰ ਕਰਨ ਦੀ ਸਿਖਿਆ ਦਿਤੀ ਹੈ।ਪਹਿਲੇ ਦੋ ਪਦਿਆਂ ਵਿਚ ਸੰਸਾਰਕ ਵਿਭੂਤੀ, ਰਾਜ, ਜੁਆਨੀ, ਧਨ ਪਦਾਰਥ ਤੇ ਤਾਕਤ ਆਦਿ ਦੇ ਹੰਕਾਰੀਆਂ ਨੂੰ ਨਿਮ੍ਰਤਾ ਧਾਰਨ ਦਾ ਉਪਦੇਸ਼ ਹੈ।ਅੰਕ ੩ ਤੇ ੪ ਵਿਚ ਜਪ ਤਪ ਪੁੰਨ ਦਾਨ ਆਦਿ ਕਰਮ ਧਰਮ ਦਾ ਹੰਕਾਰ ਤਿਆਗਣ ਦਾ ਉਪਦੇਸ਼ ਹੈ।ਭਾਵ ਇਹ ਹੈ ਕਿ ਚੰਗੇ ਕਰਮ ਕਰੋ, ਪਰ ਉਨ੍ਹਾਂ ਦਾ ਹੰਕਾਰ ਨਾ ਕਰੋ।ਅੰਕ ੫ ਵਿਚ ਦਸਿਆ ਹੈ ਕਿ ਨਾਮ ਸਿਮਰਨ ਨਾਲ ਹੰਕਾਰ ਮਿਟਦਾ ਹੈ ਤੇ ਜੀਵ ਦੀ ਕਲਿਆਣ ਹੁੰਦੀ ਹੈ।ਅਗਲੇ ਤਿੰਨ ਅੰਕਾਂ ਵਿਚ ਵਾਹਿਗੁਰੂ ਦੀ ਸ਼ਰਣ, ਵਿਆਪਕਤਾ ਤੇ ਸਰਬ ਸ਼ਕਤੀ ਵਰਨਣ ਕੀਤੀ ਹੈ ਜੋ ਨਾਮ ਜਪ ਕੇ ਪਛਾਣੀ ਜਾ ਸਕਦੀ ਹੈ।ਜੋ ਪਛਾਣ ਲੈਂਦਾ ਹੈ, ਉਹ ਹਉਮੈ ਦਾ ਪੜਦਾ ਦੂਰ ਕਰਕੇ ਸਭ ਪਾਸੇ '**ਸਤਿ ਸਤਿ ਸਤਿ ਪ੍ਰਭੁ ਸੁਆਮੀ**' ਦਾ ਜਹੂਰ ਦੇਖਦਾ ਹੈ।

ਸਲੋਕੁ ॥ ਸੰਤ ਸਰਨਿ ਜੋ ਜਨੁ ਪਰੈ, ਸੋ ਜਨੁ ਉਧਰਨਹਾਰ ॥ ਸੰਤ ਕੀ ਨਿੰਦਾ ਨਾਨਕਾ, ਬਹੁਰਿ ਬਹੁਰਿ ਅਵਤਾਰ ॥੧॥ ਉਹ ਪੁਰਖ (ਜਨਮ ਮਰਣ ਦੇ ਗੇੜ ਤੋਂ) ਮੁਕਤ ਹੋ ਜਾਣ ਵਾਲਾ ਹੈ, ਜਿਹੜਾ ਪੁਰਖ ਸੰਤਾਂ ਦੀ ਸ਼ਰਣ ਵਿਚ ਆ ਪੈਂਦਾ ਹੈ।ਨਾਨਕ ਗੁਰੂ ਜੀ ਆਖਦੇ

All Rights Reserved by Harjinder Singh Gyani | www.GuruGranthVakhyaan.org

ਹਨ ਕਿ ਸੰਤਾਂ ਦੀ ਨਿੰਦਾ ਕਰਨ ਨਾਲ (ਨਿੰਦਕ ਮਨੁੱਖ ਦਾ) ਮੁੜ ਮੁੜ ਜਨਮ (ਮਰਨ) ਹੁੰਦਾ ਰਹਿੰਦਾ ਹੈ।੧।

ਪਦਾਰਥ = ਜੋ–ਜਿਹੜਾ।ਜਨੁ–ਮਨੁੱਖ।ਪਰੈ–ਪੈਂਦਾ ਹੈ।ਸੋ ਜਨੁ–ਉਹ ਪੁਰਖ।ਉਧਰਨਹਾਰ–ਮੁਕਤ ਹੋਣ ਵਾਲਾ।ਕੀ–ਦੀ।ਬਹੁਰਿ ਬਹੁਰਿ–ਮੁੜ ਮੁੜ।ਅਵਤਾਰ–ਜਨਮ।੧।

ਅਸਟਪਦੀ ॥ ਸੰਤ ਕੈ ਦੂਖਨਿ ਆਰਜਾ ਘਟੈ ॥ ਸੰਤ ਕੈ ਦੂਖਨਿ ਜਮ ਤੇ ਨਹੀ ਛੁਟੈ ॥ ਸੰਤ ਕੈ ਦੂਖਨਿ ਸੁਖੁ ਸਭੁ ਜਾਇ ॥ ਸੰਤ ਕੈ ਦੂਖਨਿ ਨਰਕ ਮਹਿ ਪਾਇ ॥ ਸੰਤ ਕੈ ਦੂਖਨਿ ਮਤਿ ਹੋਇ ਮਲੀਨ ॥ ਸੰਤ ਕੈ ਦੂਖਨਿ ਸੋਭਾ ਤੇ ਹੀਨ ॥ ਸੰਤ ਕੇ ਹਤੇ ਕਉ ਰਖੈ ਨ ਕੋਇ ॥ ਸੰਤ ਕੈ ਦੂਖਨਿ ਥਾਨ ਭ੍ਰਸਟੁ ਹੋਇ ॥ ਸੰਤ ਕ੍ਰਿਪਾਲ ਕ੍ਰਿਪਾ ਜੇ ਕਰੈ ॥ ਨਾਨਕ ਸੰਤ ਸੰਗਿ ਨਿੰਦਕੁ ਭੀ ਤਰੈ ॥੧॥ ਸੰਤਾਂ ਦੇ ਉਪਰ ਦੋਸ਼ ਲਾਉਣ ਨਾਲ (ਨਿੰਦਕ ਦੀ) ਉਮਰ ਘਟਦੀ ਹੈ।ਸੰਤਾਂ ਦੇ ਵਿਚ ਦੋਸ਼ ਲਾਉਣ ਕਰਕੇ (ਨਿੰਦਕ) ਜਮਾਂ ਤੋਂ ਨਹੀਂ ਛੁੱਟ ਸਕਦਾ।ਸੰਤਾਂ ਦੇ ਵਿਚ ਦੋਸ਼ ਲਾਉਣ ਨਾਲ ਸਾਰਾ ਸੁਖ ਚਲਾ ਜਾਂਦਾ ਹੈ।ਸੰਤਾਂ ਦੇ ਵਿਚ ਦੋਸ਼ ਲਾਉਣ ਨਾਲ (ਨਿੰਦਕ) ਨਰਕਾਂ ਵਿਚ ਪਾਇਆ ਜਾਂਦਾ ਹੈ।ਸੰਤਾਂ ਦੇ ਵਿਚ ਦੋਸ਼ ਲਾਉਣ ਨਾਲ (ਨਿੰਦਕ ਦੀ) ਮੱਤ ਮੈਲੀ ਹੋ ਜਾਂਦੀ ਹੈ।ਸੰਤਾਂ ਦੇ ਵਿਚ ਦੋਸ਼ ਲਾਉਣ ਨਾਲ ਸੋਭਾ ਤੋਂ ਰਹਿਤ ਹੋ ਜਾਂਦਾ ਹੈ।ਸੰਤਾਂ ਦੇ ਮਾਰੇ ਹੋਏ (ਫਿਟਕਾਰੇ ਮਨੁੱਖ) ਨੂੰ ਕੋਈ ਨਹੀਂ ਬਚਾ ਸਕਦਾ।ਸੰਤਾਂ ਦੇ ਵਿਚ ਦੋਸ਼ ਲਾਉਣ ਵਾਲੇ ਦਾ ਥਾਂ ਭ੍ਰਿਸਟ ਹੋ ਜਾਂਦਾ ਹੈ।(ਪਰ) ਜੇ ਕ੍ਰਿਪਾਲੂ ਸੰਤ ਕਿਰਪਾ ਦ੍ਰਿਸਟੀ ਕਰ ਦੇਣ।ਤਾਂ ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤਾਂ ਦਾ ਸੰਗ ਕਰਕੇ ਨਿੰਦਕ ਵੀ (ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ।੧।

ਪਦਾਰਥ = ਦੂਖਨਿ–ਦੋਸ਼ ਲਾਉਣ ਨਾਲ; ਨਿੰਦਾ ਕਰਨ ਨਾਲ।ਆਰਜਾ–ਉਮਰ।ਨਹੀ ਛੁਟੈ–ਨਹੀਂ ਬਚ ਸਕਦਾ।ਮਲੀਨ–ਮੈਲੀ।ਮਤਿ –ਅਕਲ; ਸਮਝ।ਸੋਭਾ–ਵਡਿਆਈ।ਹੀਨ–ਰਹਿਤ; ਖਾਲੀ।ਹਤੇ ਕਉ–ਮਾਰੇ ਨੂੰ; ਫਿਟਕਾਰੇ ਨੂੰ।ਰਖੈ ਨ–ਬਚਾ ਨਹੀਂ ਸਕਦਾ।ਥਾਨ–ਰਹਿਣ ਵਾਲੀ ਥਾਂ; ਹਿਰਦਾ ਰੂਪ ਸਥਾਨ।ਭ੍ਰਸਟੁ–ਗੰਦਾ।ਤਰੈ–ਤਰ ਜਾਂਦਾ ਹੈ।੧।

ਸੰਤ ਕੇ ਦੂਖਨਿ ਤੇ ਮੁਖੁ ਭਵੈ ॥ ਸੰਤਨ ਕੈ ਦੂਖਨਿ ਕਾਗ ਜਿਉ ਲਵੈ ॥ ਸੰਤਨ ਕੈ ਦੂਖਨਿ ਸਰਪ ਜੋਨਿ ਪਾਇ ॥ ਸੰਤ ਕੈ ਦੂਖਨਿ ਤ੍ਰਿਗਦ ਜੋਨਿ ਕਿਰਮਾਇ ॥ ਸੰਤਨ ਕੈ ਦੂਖਨਿ ਤ੍ਰਿਸਨਾ ਮਹਿ ਜਲੈ ॥ ਸੰਤ ਕੈ ਦੂਖਨਿ ਸਭੁ ਕੋ ਛਲੈ ॥ ਸੰਤ ਕੈ ਦੂਖਨਿ ਤੇਜੁ ਸਭੁ ਜਾਇ ॥ ਸੰਤ ਕੈ ਦੂਖਨਿ ਨੀਚੁ ਨੀਚਾਇ ॥ ਸੰਤ ਦੋਖੀ ਕਾ ਥਾਉ ਕੋ ਨਾਹਿ ॥ ਸੰਤਾਂ ਦੇ ਵਿਚ ਦੋਸ਼ ਲਾਉਣ ਤੇ (ਨਿੰਦਕ ਦਾ) ਮੂੰਹ ਫਿਰ (ਵਿੰਗਾ ਹੋ) ਜਾਂਦਾ ਹੈ; ਰੱਬ ਤੋਂ ਮੁੜ (ਬੇਮੁਖ ਹੋ) ਜਾਂਦਾ ਹੈ।ਸੰਤਾਂ ਦੇ ਵਿਚ ਦੋਸ਼ ਲਾਉਣ ਨਾਲ (ਨਿੰਦਕ) ਕਾਂ ਵਾਂਗ ਬਿਅਰਥ ਬੋਲਦਾ ਰਹਿੰਦਾ ਹੈ।ਸੰਤਾਂ ਦੇ ਵਿਚ ਦੋਸ਼ ਲਾਉਣ ਨਾਲ (ਨਿੰਦਕ) ਸੱਪ ਦੀ ਜੂਨ ਵਿਚ ਪਾਇਆ ਜਾਂਦਾ ਹੈ।ਸੰਤਾਂ ਦੇ ਵਿਚ ਦੋਸ਼ ਲਾਉਣ ਵਾਲਾ (ਨਿੰਦਕ) ਟੇਢਾ ਚਲਣ ਵਾਲੇ (ਕੋਹੜ ਕਿਰਲੀ, ਗੰਡੋਏ, ਕੰਨ ਖਜੂਰਾ ਜਾਂ) ਕਿਰਮਾਂ ਆਦਿ ਦੀ ਜੂਨ ਵਿਚ ਪੈਂਦਾ ਹੈ।ਸੰਤਾਂ ਦੇ ਉਤੇ ਦੋਸ਼ ਲਾਉਣ ਕਰਕੇ (ਨਿੰਦਕ) ਤ੍ਰਿਸ਼ਨਾ (ਦੀ ਅੱਗ) ਵਿਚ ਜਲਦਾ ਹੈ (ਬੇਚੈਨ ਰਹਿੰਦਾ ਹੈ)।ਸੰਤਾਂ ਦੇ ਵਿਚ ਦੋਸ਼ ਲਾਉਣ ਕਰਕੇ (ਉਹ) ਸਭ ਕਿਸੇ ਨੂੰ ਛਲਦਾ ਹੈ; ਸਭ ਕੋਈ (ਉਸ ਨਿੰਦਕ ਨੂੰ) ਠੱਗ ਲੈਂਦਾ ਹੈ।ਸੰਤਾਂ ਦੇ ਉਤੇ ਦੋਸ਼ ਲਾਉਣ ਨਾਲ (ਨਿੰਦਕ ਦਾ) ਸਾਰਾ ਤੇਜ ਪ੍ਰਤਾਪ ਨਾਸ਼ ਹੋ ਜਾਂਦਾ ਹੈ।ਸੰਤਾਂ ਦੇ ਵਿਚ ਦੋਸ਼ ਲੱਭਣ ਨਾਲ (ਨਿੰਦਕ) ਨੀਚ ਤੋਂ ਨੀਚ (ਬਹੁਤ ਭੈੜਾ) ਹੋ ਜਾਂਦਾ ਹੈ।ਸੰਤਾਂ ਦੇ ਉਪਰ ਦੋਸ਼ ਲਾਉਣ ਵਾਲੇ ਦਾ ਕੋਈ ਥਾਂ ਟਿਕਾਣਾ ਨਹੀਂ ਹੁੰਦਾ (ਜਿਥੇ ਉਸ ਨੂੰ ਢੋਈ ਮਿਲ ਸਕੇ)।

ਅੰਗ ੨੮੦ = ਨਾਨਕ ਸੰਤ ਭਾਵੈ, ਤਾ ਓਇ ਭੀ ਗਤਿ ਪਾਹਿ ॥੨॥ ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਜੇ ਸੰਤਾਂ ਨੂੰ ਚੰਗਾ ਲਗੇ (ਮਰਜੀ ਹੋਵੇ) ਤਾਂ ਉਹ (ਸੰਤਾਂ ਦੇ ਦੋਖੀ) ਵੀ ਮੁਕਤੀ ਪਾ ਲੈਂਦੇ ਹਨ।੨।

ਪਦਾਰਥ = ਤੇ–ਤੋਂ ਨਾਲ।ਭਵੈ–ਫਿਰ (ਘੁੰਮ) ਜਾਂਦਾ ਹੈ; ਬੇਮੁਖ ਹੋ ਜਾਂਦਾ ਹੈ; ਲਕਵਾ ਹੋ ਜਾਂਦਾ ਹੈ; ਭੈੜੇ ਮੂੰਹ ਵਾਲਾ ਹੁੰਦਾ ਹੈ। ਕਾਗ–ਕਾਂ।ਜਿਉ–ਵਾਂਗ।ਲਵੈ–ਬੋਲਦਾ ਹੈ; ਬਕਵਾਸ ਕਰਦਾ ਹੈ।ਸਰਪ–ਸੱਪ।ਤ੍ਰਿਗਦ–ਟੇਢਾ ਚਲਣ ਵਾਲੇ ਕੀੜੇ ਮਕੌੜੇ ਆਦਿ। ਕਿਰਮਾਇ–ਕਿਰਮ ਆਦਿ।ਛਲੈ–ਠੱਗਦਾ ਹੈ।ਨੀਚੁ ਨੀਚਾਇ–ਨੀਚ ਤੋਂ ਨੀਚ।ਓਇ–ਉਹ ਨਿੰਦਕ।ਪਾਹਿ–ਪੈਂਦੇ ਹਨ।੨।

ਸੰਤ ਕਾ ਨਿੰਦਕੁ ਮਹਾ ਅਤਤਾਈ ॥ ਸੰਤ ਕਾ ਨਿੰਦਕੁ ਖਿਨੁ ਟਿਕਨੁ ਨ ਪਾਈ ॥ ਸੰਤ ਕਾ ਨਿੰਦਕੁ ਮਹਾ ਹਤਿਆਰਾ ॥ ਸੰਤ ਕਾ ਨਿੰਦਕੁ ਪਰਮੇਸੁਰਿ ਮਾਰਾ ॥ ਸੰਤ ਕਾ ਨਿੰਦਕੁ ਰਾਜ ਤੇ ਹੀਨੁ ॥ ਸੰਤ ਕਾ ਨਿੰਦਕੁ ਦੁਖੀਆ ਅਰੁ ਦੀਨੁ ॥ ਸੰਤ ਕੇ ਨਿੰਦਕ ਕਉ ਸਰਬ ਰੋਗ ॥ ਸੰਤ ਕੇ ਨਿੰਦਕ ਕਉ ਸਦਾ ਬਿਜੋਗ ॥ ਸੰਤ ਕੀ ਨਿੰਦਾ ਦੋਖ ਮੋਹ ਦੋਖੁ ॥ ਨਾਨਕ ਸੰਤ ਭਾਵੈ, ਤਾ ਉਸ ਕਾ ਭੀ ਹੋਇ ਮੋਖੁ ॥੩॥ ਸੰਤਾਂ ਦਾ ਨਿੰਦਕ ਬਹੁਤ ਅੱਤ ਚੁੱਕੀ ਰਖਦਾ ਹੈ।ਸੰਤਾਂ ਦਾ ਨਿੰਦਾ ਇਕ ਖਿਨ ਵੀ ਟਿਕਾਉ ਨਹੀਂ ਪਾ ਸਕਦਾ (ਭਟਕਦਾ ਰਹਿੰਦਾ ਹੈ)।ਸੰਤਾਂ ਦਾ ਨਿੰਦਕ ਬਹੁਤ ਵੱਡਾ ਹਤਿਆਰਾ ਬਣ ਜਾਂਦਾ ਹੈ।ਸੰਤਾਂ ਦਾ ਨਿੰਦਕ ਪ੍ਰਮੇਸਰ ਦਾ ਮਾਰਿਆ ਹੁੰਦਾ ਹੈ।ਸੰਤਾਂ ਦਾ ਨਿੰਦਕ ਤੇਜ ਪ੍ਰਤਾਪ ਤੋਂ ਹੀਣਾ ਹੁੰਦਾ ਹੈ; ਰਾਜਾ ਨਿੰਦਕ ਹੋਵੇ ਤਾਂ ਉਸਦਾ ਰਾਜ ਨਸ਼ਟ ਹੋ ਜਾਂਦਾ ਹੈ।ਸੰਤਾਂ ਦਾ ਨਿੰਦਕ ਦੁਖੀ ਤੇ ਕੰਗਾਲ ਹੁੰਦਾ ਹੈ।ਸੰਤਾਂ ਦੇ ਨਿੰਦਕ ਨੂੰ ਸਾਰੇ ਰੋਗ ਆ ਲਗਦੇ ਹਨ।ਸੰਤਾਂ ਦੇ ਨਿੰਦਕ ਨੂੰ (ਰੱਬ ਤੋਂ) ਸਦਾ ਵਿਛੋੜਾ (ਬਣਿਆ) ਰਹਿੰਦਾ ਹੈ।ਸੰਤਾਂ ਦੀ

All Rights Reserved by Harjinder Singh Gyani | www.GuruGranthVakhyaan.org

ਨਿੰਦਿਆਂ ਸਾਰੇ ਦੋਸ਼ਾਂ ਵਿਚੋਂ ਵੱਡਾ ਦੋਸ਼ ਹੈ। ਹੇ ਨਾਨਕ! ਜੇ ਸੰਤ ਚਾਹੁਣ ਤਾਂ ਉਸ (ਨਿੰਦਕ) ਦੀ ਵੀ ਮੁਕਤੀ ਹੋ ਜਾਂਦੀ ਹੈ।੩।
ਪਦਾਰਥ = ਅਤਤਾਈ–ਅੱਤ ਚੁਕਣ ਵਾਲਾ; ਵਧੀਕੀ ਕਰਨ ਵਾਲਾ। ਟਿਕਨੁ–ਟਿਕਾਉ। ਹਤਿਆਰਾ–ਜਾਲਮ। ਮਾਰਾ–ਸਰਾਪਿਆ ਹੈ। ਹੀਨੁ–ਵਾਂਝਾ। ਦੀਨੁ–ਕੰਗਾਲ; (ਸਭ ਦਾ) ਮੁਹਤਾਜ। ਬਿਜੋਗ–ਵਿਛੋੜਾ। ਦੋਖ–ਪਾਪ; ਕਲੰਕ। ਮੋਖੁ–ਮੁਕਤੀ।੩।
ਸੰਤ ਕਾ ਦੋਖੀ ਸਦਾ ਅਪਵਿਤੁ ॥ ਸੰਤ ਕਾ ਦੋਖੀ ਕਿਸੈ ਕਾ ਨਹੀ ਮਿਤੁ ॥ ਸੰਤ ਕੇ ਦੋਖੀ ਕਉ ਡਾਨੁ ਲਾਗੈ ॥ ਸੰਤ ਕੇ ਦੋਖੀ ਕਉ ਸਭ ਤਿਆਗੈ ॥ ਸੰਤ ਕਾ ਦੋਖੀ ਮਹਾ ਅਹੰਕਾਰੀ ॥ ਸੰਤ ਕਾ ਦੋਖੀ ਸਦਾ ਬਿਕਾਰੀ ਸੰਤ ਕਾ ਦੋਖੀ ਜਨਮੈ ਮਰੈ ॥ ਸੰਤ ਕੀ ਦੂਖਨਾ ਸੁਖ ਤੇ ਟਰੈ ॥ ਸੰਤ ਕੇ ਦੋਖੀ ਕਉ ਨਾਹੀ ਠਾਉ ॥ ਨਾਨਕ ਸੰਤ ਭਾਵੈ, ਤਾ ਲਏ ਮਿਲਾਇ ॥੪॥ ਸੰਤਾਂ ਦਾ ਦੋਖੀ ਸਦਾ ਮਲੀਨ ਰਹਿੰਦਾ ਹੈ। ਸੰਤਾਂ ਦਾ ਦੋਖੀ ਕਿਸੇ ਦਾ ਮਿਤ੍ਰ ਨਹੀਂ ਬਣ ਸਕਦਾ। ਸੰਤਾਂ ਦੇ ਦੋਖੀ ਨੂੰ (ਜਮਾਂ ਦਾ) ਡੰਨ ਲਗਦਾ ਹੈ। ਸੰਤਾਂ ਦੇ ਦੋਖੀ ਨੂੰ ਸਭ ਛਡ ਦੇਂਦੇ ਹਨ। ਸੰਤਾਂ ਦਾ ਦੋਖੀ ਬੜਾ ਹੰਕਾਰੀ ਹੁੰਦਾ ਹੈ। ਸੰਤਾਂ ਦਾ ਦੋਖੀ ਸਦਾ ਵਿਕਾਰਾਂ ਵਿਚ ਰਹਿੰਦਾ ਹੈ। ਸੰਤਾਂ ਦਾ ਦੋਖੀ ਸਦਾ ਜੰਮਦਾ ਮਰਦਾ ਰਹਿੰਦਾ ਹੈ। ਸੰਤਾਂ ਦੀ ਨਿੰਦਿਆ ਕਰਨ ਵਾਲਾ ਸੁੱਖਾਂ ਤੋਂ ਵਾਂਝਾ ਰਹਿ ਜਾਂਦਾ ਹੈ। ਸੰਤਾਂ ਦੇ ਦੋਖੀ ਨੂੰ ਕੋਈ ਥਾਂ ਟਿਕਾਣਾ ਨਹੀਂ ਮਿਲਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਸੰਤ ਚਾਹੁਣ ਤਾਂ (ਉਸ ਦੋਖੀ ਨੂੰ ਅਪਣੇ ਜਾਂ ਪ੍ਰਭੂ ਨਾਲ) ਮਿਲਾ ਲੈਂਦੇ ਹਨ।੪।
ਪਦਾਰਥ = ਦੋਖੀ–ਵਿਰੋਧੀ; ਦੋਸ਼ ਲਾਉਣ ਵਾਲਾ; ਨਿੰਦਕ। ਅਪਵਿਤੁ–ਮੈਲਾ; ਨੀਚ। ਮਿਤੁ–ਮਿਤ੍ਰ। ਡਾਨੁ–ਡੰਨ; ਸਜਾ। ਬਿਕਾਰੀ–ਮੰਦ ਕਰਮੀ। ਟਰੈ–ਵਾਂਝਾ ਰਹਿੰਦਾ ਹੈ। ਦੂਖਨਾ–ਨਿੰਦਿਆ। (ਲੋਕ ਪ੍ਰਲੋਕ ਵਿਚ) ਠਾਉ–ਥਾਂ। ਲਏ ਮਿਲਾਇ–ਮਿਲਾ ਲੈਂਦੇ ਹਨ।੪।
ਸੰਤ ਕਾ ਦੋਖੀ ਅਧ ਬੀਚ ਤੇ ਟੂਟੈ ॥ ਸੰਤ ਕਾ ਦੋਖੀ ਕਿਤੈ ਕਾਜਿ ਨ ਪਹੂਚੈ ॥ ਸੰਤ ਕੇ ਦੋਖੀ ਕਉ ਉਦਿਆਨ ਭ੍ਰਮਾਈਐ ॥ ਸੰਤ ਕਾ ਦੋਖੀ ਉਝੜਿ ਪਾਈਐ ॥ ਸੰਤ ਕਾ ਦੋਖੀ ਅੰਤਰ ਤੇ ਥੋਥਾ ॥ ਜਿਉ ਸਾਸ ਬਿਨਾ ਮਿਰਤਕ ਕੀ ਲੋਥਾ ॥ ਸੰਤ ਕੇ ਦੋਖੀ ਕੀ ਜੜ ਕਿਛੁ ਨਾਹਿ ॥ ਆਪਨ ਬੀਜਿ ਆਪੇ ਹੀ ਖਾਹਿ ॥ ਸੰਤ ਕੇ ਦੋਖੀ ਕਉ ਅਵਰੁ ਨ ਰਾਖਨਹਾਰੁ ॥ ਨਾਨਕ ਸੰਤ ਭਾਵੈ ਤਾ ਲਏ ਉਬਾਰਿ ॥੫॥ ਸੰਤਾਂ ਦਾ ਦੋਖੀ ਅਧ ਵਿਚਕਾਰੋਂ ਟੁੱਟ ਜਾਂਦਾ ਹੈ (ਪੂਰੀ ਉਮਰ ਨਹੀਂ ਭੋਗਦਾ, ਜਵਾਨੀ ਵਿਚ ਹੀ ਮਰ ਜਾਂਦਾ ਹੈ); ਆਤਮਕ ਜੀਵਨ ਬਰਬਾਦ ਹੋ ਜਾਂਦਾ ਹੈ (ਮੇਰਾ ਖਿਆਲ)। ਸੰਤਾਂ ਦਾ ਦੋਖੀ ਕਿਸੇ ਕੰਮ ਦੇ ਸਿਰੇ ਤਕ ਨਹੀਂ ਪਹੁੰਚ ਸਕਦਾ (ਕਿਸੇ ਕੰਮ ਵਿਚ ਸਫਲ ਨਹੀਂ ਹੁੰਦਾ)। ਸੰਤਾਂ ਦੇ ਦੋਖੀ ਨੂੰ ਉਜਾੜ ਵਿਚ ਭ੍ਰਮਾਇਆ ਜਾਂਦਾ ਹੈ; ਸੰਸਾਰ ਰੂਪ ਉਜਾੜ ਵਿਚ ਜੋਨੀਆਂ ਵਿਚ ਫਿਰਾਇਆ ਜਾਂਦਾ ਹੈ। ਸੰਤਾਂ ਦਾ ਦੋਖੀ ਕੁਰਾਹੇ ਪਾਇਆ ਜਾਂਦਾ ਹੈ (ਜੀਵਨ ਦੇ ਸਿੱਧੇ ਰਸਤੇ ਨਹੀਂ ਪੈਂਦਾ)। ਸੰਤਾਂ ਦਾ ਦੋਖੀ ਅੰਦਰੋਂ (ਸ਼ੁੱਭ ਗੁਣਾਂ ਤੋਂ ਇਉਂ) ਖਾਲੀ ਹੁੰਦਾ ਹੈ। ਜਿਵੇਂ ਸਾਹਾਂ ਤੋਂ ਬਿਨਾ ਮੁਰਦੇ ਦੀ ਲਾਸ਼ ਹੁੰਦੀ ਹੈ। ਸੰਤਾਂ ਦੇ ਦੋਖੀ ਦੀ ਕੁਛ ਜੜ੍ਹ ਨਹੀਂ ਲਗਦੀ (ਮੂਲ ਪ੍ਰਭੂ ਤੋਂ ਬੇਮੁਖ ਰਹਿੰਦਾ ਹੈ। ਉਹ) ਅਪਣਾ ਬੀਜਿਆ ਆਪੇ ਖਾਂਦਾ ਹੈ (ਨਿੰਦਿਆ ਦਾ ਫਲ ਦੁੱਖ ਭੋਗਦਾ ਹੈ)। ਸੰਤਾਂ ਦੇ ਦੋਖੀ ਨੂੰ ਹੋਰ ਕੋਈ ਰੱਖਣ ਵਾਲਾ ਨਹੀਂ। ਨਾਨਕ ਗੁਰੂ ਜੀ ਆਖਦੇ ਹਨ ਕਿ ਜੇ ਸੰਤ ਚਾਹੁਣ ਤਾਂ (ਉਸ ਦੋਖੀ ਨੂੰ ਦੁੱਖਾਂ ਤੋਂ) ਬਚਾ ਲੈਂਦੇ ਹਨ।੫।
ਪਦਾਰਥ = ਅਧ ਬੀਚ–ਅਧ ਵਿਚੋਂ; ਜੁਆਨੀ ਉਮਰੇ; ਨਾ ਇਧਰ ਦਾ ਤੇ ਨਾ ਉਧਰ ਦਾ। ਕਿਤੈ–ਕਿਸੇ। ਕਉ–ਨੂੰ। ਉਦਿਆਨ–ਉਜਾੜ ਵਿਚ। ਭ੍ਰਮਾਈਐ–ਭਟਕਾਈਦਾ ਹੈ। ਉਝੜਿ–ਕੁਰਾਹੇ; ਔਝੜ ਵਿਚ। ਅੰਤਰ ਤੇ–ਅੰਦਰ ਤੋਂ। ਥੋਥਾ–ਖਾਲੀ। ਮਿਰਤਕ–ਮੁਰਦਾ। ਲੋਥਾ–ਲਾਸ਼। ਅਵਰੁ–ਹੋਰ। ਲਏ ਉਬਾਰਿ–ਬਚਾ ਲੈਂਦਾ ਹੈ; ਤਾਰ ਲੈਂਦਾ ਹੈ।੫।
ਸੰਤ ਕਾ ਦੋਖੀ ਇਉ ਬਿਲਲਾਇ ॥ ਜਿਉ ਜਲ ਬਿਹੂਨ ਮਛੁਲੀ ਤੜਫੜਾਇ ॥ ਸੰਤ ਕਾ ਦੋਖੀ ਭੂਖਾ ਨਹੀ ਰਾਜੈ ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ ॥ ਸੰਤ ਕਾ ਦੋਖੀ ਛੁਟੈ ਇਕੇਲਾ ॥ ਜਿਉ ਬੂਆੜੁ ਤਿਲੁ ਖੇਤ ਮਾਹਿ ਦੁਹੇਲਾ ॥ ਸੰਤ ਕਾ ਦੋਖੀ ਧਰਮ ਤੇ ਰਹਤ ॥ ਸੰਤ ਕਾ ਦੋਖੀ ਸਦ ਮਿਥਿਆ ਕਹਤ ॥ ਕਿਰਤੁ ਨਿੰਦਕ ਕਾ ਧੁਰਿ ਹੀ ਪਇਆ ॥ ਨਾਨਕ ਜੋ ਤਿਸੁ ਭਾਵੈ ਸੋਈ ਥਿਆ ॥੬॥ ਸੰਤਾਂ ਦਾ ਦੋਖੀ ਇਉਂ ਵਿਰਲਾਪ ਕਰਦਾ ਹੈ। ਜਿਵੇਂ ਪਾਣੀ ਤੋਂ ਬਿਨਾ ਮੱਛੀ ਤੜਫਦੀ ਹੈ। ਸੰਤਾਂ ਦਾ ਦੋਖੀ (ਤ੍ਰਿਸ਼ਨਾ ਕਰਕੇ) ਭੁੱਖਾ ਰਹਿੰਦਾ ਹੈ, (ਉਹ ਕਦੇ) ਰੱਜਦਾ ਨਹੀਂ। ਜਿਵੇਂ ਅੱਗ ਬਾਲਣ ਨਾਲ ਨਹੀਂ ਰੱਜਦੀ। ਸੰਤਾਂ ਦਾ ਦੋਖੀ ਇਕੱਲਾ ਹੀ ਛਡ ਦਿਤਾ ਜਾਂਦਾ ਹੈ। ਜਿਵੇਂ (ਦਾਨਿਆਂ ਤੋਂ ਖਾਲੀ) ਤਿਲ ਦਾ ਬੂਟਾ ਖੇਤ ਵਿਚ ਇੱਕਲਾ ਦੁਖੀ ਰਹਿੰਦਾ ਹੈ। ਸੰਤਾਂ ਦਾ ਦੋਖੀ ਧਰਮ ਤੋਂ ਰਹਿਤ ਹੁੰਦਾ ਹੈ। ਸੰਤਾਂ ਦਾ ਦੋਖੀ ਸਦਾ ਝੂਠ ਬੋਲਦਾ ਹੈ। ਨਿੰਦਕ ਦਾ (ਨਿੰਦਿਆ ਕਰਨ ਦਾ) ਕਰਮ ਧੁਰ ਤੋਂ ਹੀ ਲਿਖਿਆ ਪਿਆ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਜੋ ਉਸ ਪ੍ਰਭੂ ਨੂੰ ਭਾਉਂਦਾ ਹੈ, ਉਹ ਹੀ ਹੁੰਦਾ ਹੈ।੬।
ਪਦਾਰਥ = ਬਿਲਲਾਇ–ਵਿਰਲਾਪ ਕਰਦਾ ਹੈ। ਬਿਹੂਨ–ਬਿਨਾ। ਤੜਫੜਾਇ–ਤੜਫਦੀ ਹੈ। ਨਹੀ ਰਾਜੈ–ਨਹੀ ਰੱਜਦਾ। ਪਾਵਕ–ਅੱਗ। ਈਧਨਿ–ਬਾਲਣ ਨਾਲ। ਨਹੀ ਧ੍ਰਾਪੈ–ਨਹੀਂ ਰੱਜਦੀ। ਬੂਆੜ–ਦਾਨਿਆਂ ਤੋਂ ਖਾਲੀ ਤਿਲ ਦੀ ਫਲੀ; ਨਿਕੰਮਾ। ਦੁਹੇਲਾ–ਦੁਖੀ। ਮਿਥਿਆ –ਝੂਠ। ਕਿਰਤੁ–ਕੀਤੇ ਕਰਮਾਂ ਦਾ ਫਲ। ਧੁਰਿ–ਮੁੱਢ ਤੋਂ (ਜਦੋਂ ਤੋਂ ਕਰਮ ਕੀਤਾ ਗਿਆ); ਰੱਬ ਦੇ ਦਰ ਤੋਂ। ਥਿਆ–ਹੁੰਦਾ ਹੈ।੬।
ਸੰਤ ਕਾ ਦੋਖੀ ਬਿਗੜ ਰੂਪੁ ਹੋਇ ਜਾਇ ॥ ਸੰਤ ਕੇ ਦੋਖੀ ਕਉ ਦਰਗਹ ਮਿਲੈ ਸਜਾਇ ॥ ਸੰਤ ਕਾ ਦੋਖੀ ਸਦਾ ਸਹਕਾਈਐ ॥ ਸੰਤ

All Rights Reserved by Harjinder Singh Gyani | www.GuruGranthVakhyaan.org

ਕਾ ਦੋਖੀ ਨ ਮਰੈ ਨ ਜੀਵਾਈਐ ॥ ਸੰਤ ਕੇ ਦੋਖੀ ਕੀ ਪੁਜੈ ਨ ਆਸਾ ॥ ਸੰਤ ਕਾ ਦੋਖੀ ਉਠਿ ਚਲੈ ਨਿਰਾਸਾ ॥ ਸੰਤ ਕੈ ਦੋਖਿ ਨ ਤ੍ਰਿਸਟੈ ਕੋਇ ॥ ਜੈਸਾ ਭਾਵੈ ਤੈਸਾ ਕੋਈ ਹੋਇ ॥ ਪਇਆ ਕਿਰਤੁ ਨ ਮੇਟੈ ਕੋਇ ॥ ਨਾਨਕ ਜਾਨੈ ਸਚਾ ਸੋਇ ॥੭॥ ਸੰਤਾਂ ਦਾ ਦੋਖੀ ਵਿਗੜ ਰੂਪ (ਕੋਝੇ ਰੂਪ ਵਾਲਾ; ਕੋੜ੍ਹੀ) ਹੋ ਜਾਂਦਾ ਹੈ। ਸੰਤਾਂ ਦੇ ਦੋਖੀ ਨੂੰ ਰੱਬ ਦੀ ਦਰਗਾਹ ਵਿਚ ਸਜਾ ਮਿਲਦੀ ਹੈ। ਸੰਤਾਂ ਦਾ ਨਿੰਦਕ ਸਦਾ ਤਰਸਾਇਆ ਜਾਂਦਾ ਹੈ। ਸੰਤਾਂ ਦਾ ਦੋਖੀ ਨਾ ਮਰਦਾ ਹੈ ਤੇ ਨਾ ਜਿਉਂਦਾ ਹੈ (ਵਿਚਾਲੇ ਹੀ ਤੜਫਦਾ ਰਹਿੰਦਾ ਹੈ)। ਸੰਤਾਂ ਦੇ ਦੋਖੀ ਦੀ ਕੋਈ ਆਸ ਪੂਰੀ ਨਹੀਂ ਹੁੰਦੀ। ਸੰਤਾਂ ਦਾ ਦੋਖੀ (ਇਸ ਸੰਸਾਰ ਤੋਂ) ਨਿਰਾਸ ਹੀ ਉਠ ਤੁਰਦਾ ਹੈ। ਸੰਤਾਂ ਦੇ ਉਤੇ ਦੋਸ਼ ਲਾਉਣ ਕਰ ਕੇ ਕੋਈ ਟਿਕਦਾ ਨਹੀਂ (ਨਿੰਦਕ ਨੂੰ ਸ਼ਾਂਤੀ ਨਹੀਂ ਮਿਲਦੀ)। ਜੈਸਾ ਕੋਈ ਬਣਨਾ ਚਾਹੁੰਦਾ ਹੈ, ਉਹੋ ਜਿਹਾ ਕੋਈ ਹੋ ਜਾਂਦਾ ਹੈ (ਜਿਸ ਤਰ੍ਹਾਂ ਦੀ ਕਿਸੇ ਦੀ ਨੀਅਤ ਹੁੰਦੀ ਹੈ, ਉਹੋ ਜਿਹਾ ਸੁਭਾਵ ਬਣ ਜਾਂਦਾ ਹੈ। (ਜਿਹੜਾ ਧੁਰ ਤੋਂ ਮੱਥੇ ਤੇ) ਕਰਮ ਲਿਖਿਆ ਪਿਆ ਹੈ, (ਉਸ ਨੂੰ) ਕੋਈ ਨਹੀਂ ਮੇਟ ਸਕਦਾ। ਨਾਨਕ ਗੁਰੂ ਜੀ ਆਖਦੇ ਹਨ (ਕਿ ਇਸ ਭੇਤ ਨੂੰ) ਉਹ ਸੱਚਾ ਪ੍ਰਭੂ ਜਾਣਦਾ ਹੈ।੭।

ਪਦਾਰਥ = ਬਿਗੜ ਰੂਪੁ-ਭੈੜੀ ਸ਼ਕਲ ਵਾਲਾ; ਕੋੜ੍ਹੀ। ਕਉ-ਨੂੰ। ਸਹਕਾਈਐ-ਤਰਸਾਇਆ ਜਾਂਦਾ ਹੈ। ਪੁਜੈ ਨ-ਪੂਰੀ ਨਹੀਂ ਹੁੰਦੀ। ਨ ਤ੍ਰਿਸਟੈ-ਨਹੀਂ ਟਿਕਦਾ। ਭਾਵੈ-ਚਾਹੁੰਦਾ ਹੈ। ਪਇਆ ਕਿਰਤੁ-ਪਿਛਲੇ ਕੀਤੇ ਮੰਦ ਕਰਮ ਕਰਕੇ (ਮੱਥੇ ਤੇ) ਪਿਆ ਲੇਖ।੭।

ਸਭ ਘਟ ਤਿਸ ਕੇ ਓਹੁ ਕਰਨੈਹਾਰੁ ॥ ਸਦਾ ਸਦਾ ਤਿਸ ਕਉ ਨਮਸਕਾਰੁ ॥ ਪ੍ਰਭ ਕੀ ਉਸਤਤਿ ਕਰਹੁ ਦਿਨ ਰਾਤਿ ॥ ਤਿਸਹਿ ਧਿਆਵਹੁ ਸਾਸਿ ਗਿਰਾਸਿ ॥ ਸਭੁ ਕਛੁ ਵਰਤੈ ਤਿਸ ਕਾ ਕੀਆ ॥ ਜੈਸਾ ਕਰੇ ਤੈਸਾ ਕੋ ਥੀਆ ॥ ਅਪਨਾ ਖੇਲੁ ਆਪਿ ਕਰਨੈਹਾਰੁ ॥ ਦੂਸਰ ਕਉਨੁ ਕਹੈ ਬੀਚਾਰੁ ॥ ਸਾਰੇ (ਚੰਗੇ ਮੰਦੇ) ਜੀਵ ਉਸ ਪ੍ਰਭੂ ਦੇ (ਰਚੇ ਹੋਏ) ਹਨ ਤੇ ਉਹ (ਪ੍ਰਭੂ ਹੀ ਸਭ ਕੁਛ) ਕਰਨ ਵਾਲਾ ਹੈ। (ਇਸ ਲਈ) ਉਸ ਪ੍ਰਭੂ ਨੂੰ ਸਦਾ ਸਦਾ (ਮਨ ਤੇ ਤਨ ਕਰਕੇ) ਨਮਸਕਾਰ ਕਰੋ। ਦਿਨ ਰਾਤ ਪ੍ਰਭੂ ਦੀ ਉਸਤਤੀ ਕਰੋ। ਉਸ ਨੂੰ ਸਾਹ ਲੈਂਦਿਆਂ ਤੇ ਭੋਜਨ ਖਾਦਿਆਂ ਸਿਮਰਦੇ ਰਹੋ। (ਕਿਉਂਕਿ) ਸਭ ਕੁਛ ਉਸ ਪ੍ਰਭੂ ਦਾ ਕੀਤਾ ਹੋਇਆ ਵਰਤ ਰਿਹਾ ਹੈ। ਜੈਸਾ (ਪ੍ਰਭੂ ਕਿਸੇ ਜੀਵ ਨੂੰ) ਬਣਾਉਂਦਾ ਹੈ, ਉਹੋ ਜਿਹਾ ਕੋਈ (ਜੀਵ) ਹੋ ਜਾਂਦਾ ਹੈ; ਜੈਸਾ ਕੰਮ ਕੋਈ ਕਰਦਾ ਹੈ, ਤੈਸਾ ਉਸਦਾ ਸੁਭਾਵ ਹੋ ਜਾਂਦਾ ਹੈ (ਟਕਸਾਲ। ਇਹ ਜਗਤ ਪ੍ਰਭੂ ਦਾ) ਅਪਣਾ ਖੇਲ ਹੈ, (ਉਹ ਇਹ ਖੇਲ) ਆਪ ਹੀ ਕਰਨ ਵਾਲਾ ਹੈ। ਦੂਜਾ ਹੋਰ ਕੌਣ ਹੈ ? ਜੋ ਉਸ ਦੇ ਬਿਚਾਰ ਨੂੰ ਕਹਿ ਸਕਦਾ ਹੈ? (ਦੂਜੇ ਕਿਸੇ ਦੀ ਸਲਾਹ ਨਹੀਂ ਲੈਂਦਾ, ਪ੍ਰਭੂ ਆਪ ਹੀ ਸਭ ਕੁਛ ਕਰਦਾ ਹੈ)।

ਅੰਗ ੨੮੧ = ਜਿਸ ਨੋ ਕ੍ਰਿਪਾ ਕਰੈ, ਤਿਸੁ ਆਪਨ ਨਾਮੁ ਦੇਇ ॥ ਬਡਭਾਗੀ ਨਾਨਕ ਜਨ ਸੇਇ ॥੮॥੧੩॥ ਜਿਸ (ਮਨੁੱਖ) ਉਤੇ ਕ੍ਰਿਪਾ ਕਰਦਾ ਹੈ, ਉਸ ਨੂੰ ਅਪਣਾ ਨਾਮ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਕਿ ਨਾਮ ਪ੍ਰਾਪਤ ਕਰਨ ਵਾਲੇ) ਉਹ ਪੁਰਖ ਵੱਡੇ ਭਾਗਾਂ ਵਾਲੇ ਹਨ।੮।੧੩।

ਪਦਾਰਥ = ਘਟ-ਜੀਵ। ਤਿਸ ਕੇ-ਉਸ ਪ੍ਰਭੂ ਦੇ। ਤਿਸਹਿ-ਉਸ ਨੂੰ। ਸਾਸਿ-ਸਾਹ ਲੈਂਦਿਆਂ। ਗਿਰਾਸਿ-ਭੋਜਨ ਖਾਦਿਆਂ। ਕੋ-ਕੋਈ। ਥੀਆ-ਹੋ ਜਾਂਦਾ ਹੈ। ਦੂਸਰ-ਦੂਜਾ। ਦੇਇ-ਦੇਂਦਾ ਹੈ। ਜਨ ਸੇਇ-ਉਹ ਪੁਰਖ।੮।੧੩।

ਸਲੋਕੁ ॥ ਤਜਹੁ ਸਿਆਨਪ ਸੁਰਿ ਜਨਹੁ ,ਸਿਮਰਹੁ ਹਰਿ ਹਰਿ ਰਾਇ ॥ ਏਕ ਆਸ ਹਰਿ ਮਨਿ ਰਖਹੁ ,ਨਾਨਕ ਦੂਖੁ ਭਰਮੁ ਭਉ ਜਾਇ ॥੧॥ ਹੇ ਭਲੇ ਪੁਰਖੋ ! (ਅਪਣੀ) ਸਿਆਣਪਾਂ ਛਡ ਦਿਓ ਅਤੇ ਪ੍ਰਕਾਸ਼ ਸਰੂਪ ਵਾਹਿਗੁਰੂ ਨੂੰ ਸਿਮਰੋ। ਨਾਨਕ ਗੁਰੂ ਜੀ ਆਖਦੇ ਹਨ ਕਿ ਇਕ (ਵਾਹਿਗੁਰੂ ਦੀ) ਆਸ ਮਨ ਵਿਚ ਰੱਖੋ, (ਸਿਮਰਨ ਨਾਲ ਤੁਹਾਡਾ) ਦੁਖ, ਭਰਮ ਤੇ ਡਰ ਦੂਰ ਹੋ ਜਾਵੇਗਾ।੧।

ਪਦਾਰਥ = ਸਿਆਣਪ-ਚਤਰਾਈਆਂ; ਅਕਲ ਦਾ ਮਾਣ। ਸੁਰਿ ਜਨਹੁ-ਹੇ ਭਲੇ ਪੁਰਖੋ !। ਹਰਿ ਰਾਇ-ਪ੍ਰਕਾਸ਼ ਸਰੂਪ ਵਾਹਿਗੁਰੂ। ਮਨਿ -ਮਨ ਵਿਚ। ਭਰਮੁ-ਭੁਲੇਖਾ। ਭਉ-ਮੌਤ ਦਾ ਡਰ। ਜਾਇ-ਦੂਰ ਹੋ ਜਾਏਗਾ।੧।

ਅਸਟਪਦੀ ॥ ਮਨੁਖ ਕੀ ਟੇਕ ਬ੍ਰਿਥੀ ਸਭ ਜਾਨੁ ॥ ਦੇਵਨ ਕਉ ਏਕੈ ਭਗਵਾਨੁ ॥ ਜਿਸ ਕੈ ਦੀਐ ਰਹੈ ਅਘਾਇ ॥ ਬਹੁਰਿ ਨ ਤ੍ਰਿਸਨਾ ਲਾਗੈ ਆਇ ॥ ਮਾਰੈ ਰਾਖੈ ਏਕੋ ਆਪਿ ॥ ਮਾਨੁਖ ਕੈ ਕਿਛੁ ਨਾਹੀ ਹਾਥਿ ॥ ਤਿਸ ਕਾ ਹੁਕਮੁ ਬੂਝਿ ਸੁਖੁ ਹੋਇ ॥ ਤਿਸ ਕਾ ਨਾਮੁ ਰਖੁ ਕੰਠਿ ਪਰੋਇ ॥ ਸਿਮਰਿ ਸਿਮਰਿ ਸਿਮਰਿ ਪ੍ਰਭੁ ਸੋਇ ॥ ਨਾਨਕ ਬਿਘਨੁ ਨ ਲਾਗੈ ਕੋਇ ॥੧॥ (ਹੇ ਭਾਈ!) ਮਨੁੱਖ ਦਾ ਆਸਰਾ ਸਭ ਬਿਅਰਥ ਜਾਣ ਲੈ। (ਕਿਉਂਕਿ ਮਨੁੱਖ ਤਾਂ ਆਪ ਮੰਗਤਾ ਹੈ, ਦਾਤਾਂ) ਦੇਣ ਨੂੰ ਇਕ ਭਗਵਾਨ ਹੀ ਹੈ। ਜਿਸ ਪ੍ਰਭੂ ਦੇ ਦਿਤਿਆਂ (ਜੀਵ ਐਸਾ) ਰੱਜਿਆ ਰਹਿੰਦਾ ਹੈ। ਮੁੜ ਕੇ (ਉਸ ਨੂੰ ਕਿਸੇ ਪਦਾਰਥ ਦੀ) ਤ੍ਰਿਸ਼ਨਾ ਨਹੀਂ ਆ ਕੇ ਲਗਦੀ। (ਉਹ) ਇਕੋ ਪ੍ਰਭੂ (ਉਮਰ ਪੂਰੀ ਹੋਏ ਤੇ ਜੀਵਾਂ ਨੂੰ) ਆਪੇ ਮਾਰਦਾ ਹੈ ਤੇ (ਉਹ ਹੀ ਵੈਰੀਆਂ ਤੋਂ) ਰੱਖਿਆ ਕਰਦਾ ਹੈ। ਮਨੁੱਖ ਦੇ ਹੱਥ ਵਿਚ ਕੁਛ ਵੀ ਨਹੀ। ਉਸ ਦਾ ਹੁਕਮ ਸਮਝਣ ਨਾਲ ਸੁਖ ਪ੍ਰਾਪਤ ਹੁੰਦਾ ਹੈ। ਉਸ ਦਾ ਨਾਮ ਕੰਠ ਵਿਚ ਪਰੋ ਕੇ ਰੱਖ (ਹਰ ਵੇਲੇ ਯਾਦ ਰੱਖ। ਹੇ ਭਾਈ! ਮਨ ਤਨ ਤੇ ਬਾਣੀ ਕਰਕੇ; ਉਠਦਿਆਂ, ਬਹਿੰਦਿਆ ਤੇ ਸੌਂਦਿਆ ਸਦਾ) ਪ੍ਰਭੂ ਨੂੰ ਸਿਮਰ। ਨਾਨਕ ਗੁਰੂ ਜੀ ਆਖਦੇ ਹਨ, (ਸਿਮਰਨ ਕਰਨ ਵਾਲੇ ਮਨੁੱਖ ਨੂੰ) ਕੋਈ ਬਿਘਨ ਨਹੀਂ ਲਗਦਾ।੧।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਟੇਕ–ਆਸਰਾ। ਬ੍ਰਿਥੀ–ਬੇ ਫਾਇਦਾ। ਜਾਨੁ–ਸਮਝ। ਏਕੈ–ਇਕੋ ਹੀ। ਦੀਐ–ਦਿੱਤਿਆਂ। ਰਹੈ ਆਘਾਇ–ਰੱਜਿਆ ਰਹਿੰਦਾ ਹੈ। ਬਹੁਰਿ–ਮੁੜ ਕੇ। ਬੂਝਿ–ਸਮਝਣ ਨਾਲ। ਕੰਠਿ–ਗਲੇ ਵਿਚ। ਬਿਘਨੁ–ਰੁਕਾਵਟ।੧।

ਉਸਤਤਿ ਮਨ ਮਹਿ ਕਰਿ ਨਿਰੰਕਾਰ ॥ ਕਰਿ ਮਨ ਮੇਰੇ ਸਤਿ ਬਿਉਹਾਰ ॥ ਨਿਰਮਲ ਰਸਨਾ ਅੰਮ੍ਰਿਤੁ ਪੀਉ ॥ ਸਦਾ ਸੁਹੇਲਾ ਕਰਿ ਲੇਹਿ ਜੀਉ ॥ ਨੈਨਹੁ ਪੇਖੁ ਠਾਕੁਰ ਕਾ ਰੰਗੁ ॥ ਸਾਧ ਸੰਗਿ ਬਿਨਸੈ ਸਭ ਸੰਗੁ ॥ ਚਰਨ ਚਲਉ ਮਾਰਗਿ ਗੋਬਿੰਦ ॥ ਮਿਟਹਿ ਪਾਪ ਜਪੀਐ ਹਰਿ ਬਿੰਦ ॥ ਕਰ ਹਰਿ ਕਰਮ, ਸ੍ਰਵਨਿ ਹਰਿ ਕਥਾ ॥ ਹਰਿ ਦਰਗਹ ਨਾਨਕ ਉਜਲ ਮਥਾ ॥੨॥ (ਹੇ ਭਾਈ! ਅਪਣੇ) ਮਨ ਵਿਚ ਨਿਰੰਕਾਰ ਦੀ ਉਸਤਤੀ ਕਰ। ਹੇ ਮੇਰੇ ਮਨ! (ਰੱਬ ਦੀ ਉਸਤਤੀ ਰੂਪ) ਸੱਚਾ ਵਿਹਾਰ ਕਰ। ਜੀਭ ਨਾਲ ਪ੍ਰਭੂ ਦਾ ਨਿਰਮਲ ਨਾਮ ਅੰਮ੍ਰਿਤ ਪੀਆ ਕਰ। (ਇਸ ਤਰ੍ਹਾਂ ਅਪਣੇ) ਜੀਵਨ ਨੂੰ ਸਦਾ ਲਈ ਸੁਖੀ ਕਰ ਲੈ। ਅੱਖਾਂ ਨਾਲ ਪ੍ਰਭੂ ਦੀ ਖੇਡ; ਜਗਤ ਤਮਾਸ਼ਾ ਦੇਖ। ਸਾਧੂਆਂ ਦੀ ਸੰਗਤ ਕਰਨ ਨਾਲ ਖੋਟਾ ਸੰਗ ਨਾਸ ਹੋ ਜਾਵੇਗਾ। ਪੈਰਾਂ ਨਾਲ ਪ੍ਰਭੂ ਦੇ ਰਸਤੇ ਤੇ ਚਲ। ਪ੍ਰਭੂ ਦਾ ਨਾਮ ਪਲ ਭਰ ਲਈ ਜਪ ਲਈਏ ਤਾਂ (ਸਾਰੇ) ਪਾਪ ਮਿਟ ਜਾਂਦੇ ਹਨ। ਹੱਥਾਂ ਨਾਲ ਹਰੀ ਦੀ ਪ੍ਰਾਪਤੀ ਦੇ ਕਰਮ ਕਰ ਤੇ ਕੰਨਾਂ ਨਾਲ ਹਰੀ ਦੀ ਕਥਾ ਸੁਣ। ਨਾਨਕ ਗੁਰੂ ਜੀ ਆਖਦੇ ਹਨ ਕਿ (ਇਸ ਤਰ੍ਹਾਂ ਕਰਨ ਨਾਲ ਤੇਰਾ) ਮੱਥਾ ਰੱਬੀ ਦਰਗਾਹ ਵਿਚ ਉਜਲ ਹੋਵੇਗਾ।੨।

ਪਦਾਰਥ = ਸਤਿ–ਸੱਚਾ। ਬਿਉਹਾਰ–ਵਿਹਾਰ। ਰਸਨਾ–ਜੀਭ ਨਾਲ। ਪੀਉ–ਪੀਵੋ। ਸੁਹੇਲਾ–ਸੁਖੀ। ਜੀਉ–ਜੀਵਨ; ਜਿੰਦ। ਨੈਨਹੁ–ਅੱਖਾਂ ਨਾਲ। ਪੇਖੁ–ਦੇਖ। ਰੰਗੁ–ਖੇਡ। ਸੰਗੁ–ਮੇਲ; ਸੰਗਤ; ਟੋਲਾ। ਬਿੰਦ–ਥੋੜਾ ਸਮਾਂ। ਕਰ–ਹੱਥਾਂ ਨਾਲ। ਸ੍ਰਵਨਿ–ਕੰਨਾਂ ਨਾਲ।੨।

ਬਡਭਾਗੀ ਤੇ ਜਨ ਜਗ ਮਾਹਿ ॥ ਸਦਾ ਸਦਾ ਹਰਿ ਕੇ ਗੁਨ ਗਾਹਿ ॥ ਰਾਮ ਨਾਮ ਜੋ ਕਰਹਿ ਬੀਚਾਰ ॥ ਸੇ ਧਨਵੰਤ ਗਨੀ ਸੰਸਾਰ ॥ ਮਨਿ ਤਨਿ ਮੁਖਿ ਬੋਲਹਿ ਹਰਿ ਮੁਖੀ ॥ ਸਦਾ ਸਦਾ ਜਾਨਹੁ ਤੇ ਸੁਖੀ ॥ ਏਕੋ ਏਕੁ ਏਕੁ ਪਛਾਨੈ ॥ ਇਤ ਉਤ ਕੀ ਓਹੁ ਸੋਝੀ ਜਾਨੈ ॥ ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥ ਨਾਨਕ ਤਿਨਹਿ ਨਿਰੰਜਨੁ ਜਾਨਿਆ ॥੩॥ ਉਹ ਪੁਰਖ ਜਗਤ ਵਿਚ ਵੱਡੇ ਭਾਗਾਂ ਵਾਲੇ ਹਨ। (ਜਿਹੜੇ) ਸਦਾ ਸਦਾ ਹਰੀ ਦੇ ਗੁਣ ਗਾਉਂਦੇ ਹਨ। ਜੋ (ਪੁਰਖ) ਰਾਮ ਦੇ ਨਾਮ ਦਾ ਵਿਚਾਰ ਕਰਦੇ ਹਨ। ਉਹ ਸੰਸਾਰ ਵਿਚ ਧਨੀ ਗਿਣੇ ਜਾਂਦੇ ਹਨ। ਜੋ (ਮਨੁੱਖ) ਮਨ ਨਾਲ, ਤਨ ਨਾਲ ਤੇ ਮੂੰਹ ਨਾਲ ਮੁਖੀ ਹਰੀ ਨੂੰ ਜਪਦੇ ਹਨ; ਜੋ ਹਰੀ ਨੂੰ ਜਪਦੇ ਹਨ, ਉਹ ਪੁਰਖ ਮੁਖੀ ਹਨ। ਉਨ੍ਹਾਂ ਨੂੰ ਸਦਾ ਸਦਾ ਲਈ ਸੁਖੀ ਜਾਣੋ। (ਜੋ ਪੁਰਖ ਮਨ ਤਨ ਤੇ ਬਾਣੀ ਕਰਕੇ) ਇਕੋ ਇਕ ਪ੍ਰਭੂ ਨੂੰ ਪਛਾਣ ਲੈਂਦਾ ਹੈ। ਉਹ ਇਸ ਲੋਕ ਤੇ ਪਰਲੋਕ ਦਾ ਗਿਆਨ ਜਾਣ ਲੈਂਦਾ ਹੈ। ਜਿਸ (ਮਨੁੱਖ) ਦਾ ਮਨ ਨਾਮ ਨਾਲ ਪਤੀਜ ਗਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਨੇ ਮਾਇਆ ਤੋਂ ਰਹਿਤ ਵਾਹਿਗੁਰੂ ਨੂੰ ਜਾਣ ਲਿਆ ਹੈ।੩।

ਪਦਾਰਥ = ਤੇ ਜਨ–ਉਹ ਪੁਰਖ। ਮਾਹਿ–ਵਿਚ। ਗਾਹਿ–ਗਾਉਂਦੇ ਹਨ। ਸੇ–ਉਹ। ਧਨਵੰਤ–ਧਨਾਢ। ਗਨੀ–ਗਿਣੇ ਜਾਂਦੇ ਹਨ। ਮੁਖਿ–ਮੂੰਹ ਨਾਲ। ਤੇ–ਉਨ੍ਹਾਂ ਨੂੰ। ਇਤ ਉਤ ਕੀ–ਲੋਕ ਪ੍ਰਲੋਕ ਦੀ। ਸੋਝੀ–ਗਿਆਨ। ਮਾਨਿਆ–ਪਤੀਜ ਗਿਆ। ਤਿਨਹਿ–ਉਸ ਨੇ।੩।

ਗੁਰ ਪ੍ਰਸਾਦਿ ਆਪਨ ਆਪੁ ਸੁਝੈ ॥ ਤਿਸ ਕੀ ਜਾਨਹੁ ਤ੍ਰਿਸਨਾ ਬੁਝੈ ॥ ਸਾਧ ਸੰਗਿ ਹਰਿ ਹਰਿ ਜਸੁ ਕਹਤ ॥ ਸਰਬ ਰੋਗ ਤੇ ਓਹੁ ਹਰਿ ਜਨੁ ਰਹਤ ॥ ਅਨਦਿਨੁ ਕੀਰਤਨੁ ਕੇਵਲ ਬਖ੍ਯ੍ਯਾਨੁ ॥ ਗ੍ਰਿਹਸਤ ਮਹਿ ਸੋਈ ਨਿਰਬਾਨੁ ॥ ਏਕ ਊਪਰਿ ਜਿਸੁ ਜਨ ਕੀ ਆਸਾ ॥ ਤਿਸ ਕੀ ਕਟੀਐ ਜਮ ਕੀ ਫਾਸਾ ॥ ਪਾਰਬ੍ਰਹਮ ਕੀ ਜਿਸੁ ਮਨਿ ਭੂਖ ॥ ਨਾਨਕ ਤਿਸਹਿ ਨ ਲਾਗਹਿ ਦੂਖ ॥੪॥ ਗੁਰੂ ਦੀ ਕ੍ਰਿਪਾ ਨਾਲ (ਜਿਹੜਾ ਪੁਰਖ) ਅਪਣੇ ਆਪ ਨੂੰ ਸਮਝ ਲੈਂਦਾ ਹੈ। ਉਸ ਦੀ ਜਾਣ ਲਵੋ ਤ੍ਰਿਸ਼ਨਾ ਬੁਝ ਜਾਂਦੀ ਹੈ। (ਜੋ ਪੁਰਖ) ਸਾਧ ਸੰਗਤ ਵਿਚ ਬੈਠ ਕੇ ਹਰੀ ਦਾ ਜਸ ਉਚਾਰਦਾ ਹੈ। ਉਹ ਹਰੀ ਦਾ ਸੇਵਕ ਸਾਰੇ ਰੋਗਾਂ ਤੋਂ ਰਹਿਤ ਹੋ ਜਾਂਦਾ ਹੈ। (ਜੋ ਪੁਰਖ) ਦਿਨ ਰਾਤ ਕੇਵਲ ਹਰੀ ਦਾ ਕੀਰਤਨ ਜਾਂ ਵਖਿਆਨ ਕਰਦਾ ਹੈ। ਉਹ ਗ੍ਰਿਹਸਤ ਵਿਚ ਰਹਿੰਦਾ ਹੋਇਆ ਵੀ ਉਦਾਸ ਹੈ; ਮਾਇਆ ਦੇ ਬੰਧਨਾਂ ਤੋਂ ਮੁਕਤ ਹੈ। ਜਿਸ ਪੁਰਖ ਦੀ ਆਸ (ਕੇਵਲ) ਇਕ ਵਾਹਿਗੁਰੂ ਉਪਰ ਹੈ। ਉਸ ਦੀ ਜਮਾਂ ਦੀ ਫਾਹੀ ਕੱਟੀ ਜਾਂਦੀ ਹੈ। ਜਿਸ ਪੁਰਖ ਦੇ ਮਨ ਵਿਚ ਪਾਰਬ੍ਰਹਮ (ਦੇ ਦਰਸ਼ਨਾਂ) ਦੀ ਭੁੱਖ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਨੂੰ ਕੋਈ ਦੁਖ ਨਹੀਂ ਲਗਦਾ।੪।

ਪਦਾਰਥ = ਸੁਝੈ–ਸਮਝਦਾ ਹੈ। ਜਾਨਹੁ–ਜਾਣ ਲਵੋ। ਬੁਝੈ–ਮਿਟ ਜਾਂਦੀ ਹੈ। ਕਹਤ–ਉਚਾਰਦਾ ਹੈ। ਰੋਗ ਤੇ–ਰੋਗਾਂ ਤੋਂ। ਹਰਿ ਜਨੁ–ਹਰੀ ਦਾ ਸੇਵਕ। ਰਹਤ–ਬਚਿਆ ਹੈ। ਨਿਰਬਾਨੁ–ਨਿਰਲੇਪ; ਮਾਇਕ ਬੰਧਨਾਂ ਤੋਂ ਮੁਕਤ। ਫਾਸਾ–ਫਾਹੀ। ਤਿਸਹਿ–ਉਸ ਨੂੰ।੪।

ਜਿਸ ਕਉ ਹਰਿ ਪ੍ਰਭੁ ਮਨਿ ਚਿਤਿ ਆਵੈ ॥ ਸੋ ਸੰਤੁ ਸੁਹੇਲਾ ਨਹੀ ਡੁਲਾਵੈ ॥ ਜਿਸੁ ਪ੍ਰਭੁ ਅਪੁਨਾ ਕਿਰਪਾ ਕਰੈ ॥ ਸੋ ਸੇਵਕੁ ਕਹੁ ਕਿਸ ਤੇ ਡਰੈ ॥ ਜੈਸਾ ਸਾ ਤੈਸਾ ਦ੍ਰਿਸਟਾਇਆ ॥ ਅਪੁਨੇ ਕਾਰਜ ਮਹਿ ਆਪਿ ਸਮਾਇਆ ॥ ਸੋਧਤ ਸੋਧਤ ਸੋਧਤ ਸੀਝਿਆ ॥ ਗੁਰ ਪ੍ਰਸਾਦਿ ਤਤੁ ਸਭੁ ਬੂਝਿਆ ॥ ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥੫॥ ਜਿਸ (ਸੰਤ) ਨੂੰ ਹਰੀ ਪ੍ਰਭੂ ਮਨ ਵਿਚ ਚੇਤੇ ਆਉਂਦਾ ਹੈ। ਉਹ ਸੰਤ ਸੁਖੀ ਹੈ ਤੇ ਅਪਣੇ ਮਨ ਨੂੰ ਡੋਲਣ ਨਹੀਂ ਦੇਂਦਾ। ਜਿਸ ਪੁਰਖ ਉਪਰ ਅਪਣਾ ਪ੍ਰਭੂ ਕਿਰਪਾ ਕਰਦਾ ਹੈ। (ਤਾਂ ਫਿਰ) ਦੱਸੋ, ਉਹ ਸੇਵਕ ਕਿਸ ਤੋਂ ਡਰ ਸਕਦਾ ਹੈ? ਜਿਸ ਤਰ੍ਹਾਂ ਦਾ ਪ੍ਰਭੂ (ਅਸਲ ਵਿਚ ਹੈ, ਉਸ ਸੇਵਕ

www.gurugranthvakhyaan.org

ਨੂੰ) ਉਸੇ ਤਰ੍ਹਾਂ ਦਾ ਦਿਖ ਆਇਆ ਹੈ।(ਉਹ ਦੇਖ ਲੈਂਦਾ ਹੈ ਕਿ ਪ੍ਰਭੂ) ਅਪਣੀ ਕਾਰਜ ਰੂਪ ਰਚਨਾ ਵਿਚ ਆਪ ਸਮਾਇਆ ਹੋਇਆ ਹੈ।ਵਿਚਾਰ ਕਰਦਿਆਂ ਕਰਦਿਆਂ ਅਪਣੇ ਵਿਚਾਰ ਵਿਚ (ਉਹ) ਕਾਮਯਾਬ ਹੋ ਗਿਆ।ਗੁਰੂ ਦੀ ਕਿਰਪਾ ਨਾਲ (ਉਸ ਨੇ) ਸਾਰੀ ਅਸਲੀਅਤ ਨੂੰ ਸਮਝ (ਪ੍ਰਭੂ ਨੂੰ ਜਾਣ) ਲਿਆ।ਨਾਨਕ ਗੁਰੂ ਜੀ ਆਖਦੇ ਹਨ ਕਿ ਜਦ ਮੈਂ ਦੇਖਦਾ ਹਾਂ ਤਦ ਸਭ ਕੁਛ ਦਾ ਮੂਲ (ਮੁੱਢ) ਪ੍ਰਮਾਤਮਾ ਹੀ ਦਿਸਦਾ ਹੈ।ਉਹ ਪ੍ਰਭੂ ਹੀ ਸੂਖਮ (ਨਿਰਗੁਣ) ਰੂਪ ਹੈ ਤੇ ਉਹ ਹੀ ਸਥੂਲ (ਸਰਗੁਣ) ਰੂਪ ਹੈ।੫।

ਪਦਾਰਥ = ਜਿਸ ਕਉ–ਜਿਸ ਨੂੰ।ਚਿਤਿ–ਚੇਤੇ; ਯਾਦ।ਸੋ–ਉਹ।ਸੁਹੇਲਾ–ਸੁਖੀ।ਕਹੁ–ਦੱਸੋ।ਕਿਸ ਤੇ–ਕਿਸ ਤੋਂ।ਜੈਸਾ ਸਾ–ਜਿਹੋ ਜਿਹਾ।ਤੈਸਾ–ਉਹੋ ਜਿਹਾ।ਦ੍ਰਿਸਟਾਇਆ–ਨਜਰ ਆਇਆ।ਕਾਰਜ–ਰਚਨਾ ਦਾ ਕੰਮ।ਸਮਾਇਆ–ਰਮਿਆ ਹੋਇਆ; ਵਿਆਪਕ। ਸੋਧਤ–ਵਿਚਾਰ ਕਰਦਿਆਂ।ਸੀਝਿਆ–ਕਾਮਯਾਬ ਹੋ ਗਿਆ।ਤਤੁ–ਅਸਲੀਅਤ; ਆਤਮ ਤੱਤ; ਤੱਤ ਸਰੂਪ ਪ੍ਰਭੂ।ਬੂਝਿਆ–ਸਮਝਿਆ ।ਮੂਲੁ–ਆਦਿ; ਮੁੱਢ।ਸੂਖਮੁ–ਨਿਰਗੁਣ (ਅਦ੍ਰਿਸਟ) ਪ੍ਰਭੂ।ਅਸਥੂਲੁ–ਸਰਗੁਣ ਪ੍ਰਭੂ; ਦ੍ਰਿਸਟਮਾਨ ਜਗਤ।੫।

ਨਹ ਕਿਛੁ ਜਨਮੈ, ਨਹ ਕਿਛੁ ਮਰੈ ॥ ਆਪਨ ਚਲਿਤੁ ਆਪ ਹੀ ਕਰੈ ॥ ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥ ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥ (ਵਾਸਤਵ ਵਿਚ) ਨਾ ਕੁਛ ਜੰਮਦਾ ਹੈ ਅਤੇ ਨਾ ਕੁਛ ਮਰਦਾ ਹੈ।ਅਪਣੇ ਕੌਤਕ ਪ੍ਰਭੂ ਆਪ ਹੀ ਕਰਦਾ ਹੈ। ਆਉਣਾ ਜਾਣਾ (ਜੰਮਣਾ ਮਰਨਾ), ਦਿਸਣ ਵਾਲਾ ਤੇ ਨਾ ਦਿਸਣ ਵਾਲਾ (ਜਗਤ ਪਸਾਰਾ।ਤੇ ਹੋਰ) ਸਾਰੀ ਸ੍ਰਿਸਟੀ (ਪ੍ਰਭੂ ਦੇ) ਹੁਕਮ ਵਿਚ ਤੁਰਨ ਵਾਲੀ ਹੈ (ਅਤੇ ਉਸ ਨੇ ਅਪਣੇ) ਆਸਰੇ ਨਾਲ ਟਿਕਾ ਰੱਖੀ ਹੈ।

ਅੰਗ ੨੯੨ = ਆਪੇ ਆਪਿ ਸਗਲ ਮਹਿ ਆਪਿ ॥ ਅਨਿਕ ਜੁਗਤਿ ਰਚਿ ਥਾਪਿ ਉਥਾਪਿ ॥ ਅਬਿਨਾਸੀ ਨਾਹੀ ਕਿਛੁ ਖੰਡ ॥ ਧਾਰਣ ਧਾਰਿ ਰਹਿਓ ਬ੍ਰਹਮੰਡ ॥ ਅਲਖ ਅਭੇਵ ਪੁਰਖ ਪਰਤਾਪ ॥ ਆਪਿ ਜਪਾਏ ਤ ਨਾਨਕ ਜਾਪ ॥੬॥ ਅਪਣੇ ਤੋਂ (ਜਗਤ ਨੂੰ ਪ੍ਰਭੂ ਨੇ) ਆਪ ਰਚਿਆ ਹੈ ਤੇ ਸਾਰਿਆਂ ਵਿਚ ਆਪ ਵਿਆਪਕ ਹੋ ਰਿਹਾ ਹੈ।ਕਈ ਤਰੀਕਿਆਂ ਨਾਲ ਬਣਾ ਕੇ, ਟਿਕਾ ਕੇ ਮੁੜ ਨਾਸ਼ ਕਰਦਾ ਹੈ।(ਉਹ) ਨਾਸ਼ ਰਹਿਤ ਹੈ ਤੇ ਕਦੇ ਨਾਸ਼ ਨਹੀਂ ਹੁੰਦਾ; (ਉਹ) ਘਟਦਾ ਨਹੀਂ (ਮ.ਕੋ.; ਉਹ) ਟੁਕੜਿਆਂ ਜਾਂ ਹਿੱਸਿਆਂ ਵਿਚ ਵੰਡਿਆ ਨਹੀਂ ਜਾ ਸਕਦਾ।(ਉਹ) ਬ੍ਰਹਮੰਡ ਨੂੰ ਰਚ ਕੇ ਆਸਰਾ ਦੇ ਰਿਹਾ ਹੈ (ਬ੍ਰਹਮੰਡ ਵਿਚ ਕਾਇਮ ਹੋ ਕੇ ਇਕ ਨੀਯਮ ਪ੍ਰਬੰਧ ਵਿਚ ਇਸ ਨੂੰ ਚਲਾ ਰਿਹਾ ਹੈ)।ਸਮਝ ਵਿਚ ਨਾ ਆਉਣ ਵਾਲਾ ਪ੍ਰਭੂ ਭੇਦ ਰਹਿਤ ਹੈ, ਵਿਆਪਕ ਹੈ ਤੇ ਉਸ ਦਾ ਤਪ ਤੇਜ ਬਹੁਤ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਸ ਮਨੁੱਖ ਨੂੰ ਪ੍ਰਭੂ) ਆਪ ਨਾਮ ਜਪਾਉਂਦਾ ਹੈ (ਉਹ ਹੀ ਨਾਮ) ਜਪ ਸਕਦਾ ਹੈ।੬।

ਪਦਾਰਥ = ਚਲਿਤੁ–ਕੌਤਕ; ਖੇਲ।ਕਰੈ–ਕਰਦਾ ਹੈ।ਆਵਨੁ ਜਾਵਨੁ–ਆਉਣਾ ਜਾਣਾ (ਜੰਮਣ ਮਰਨਾ)।ਦ੍ਰਿਸਟਿ–ਦਿਸਦਾ (ਸਥੂਲ) ਜਗਤ।ਅਨਦ੍ਰਿਸਟਿ–ਨਾ ਦਿਸਣ ਵਾਲਾ (ਸੂਖਮ) ਜਗਤ।ਆਗਿਆਕਾਰੀ–ਹੁਕਮ ਵਿਚ ਤੁਰਨ ਵਾਲੀ।ਧਾਰੀ–ਟਿਕਾਈ ਹੈ।ਜੁਗਤਿ–ਤਰੀਕਿਆਂ ਨਾਲ।ਰਚਿ–ਬਣਾ ਕੇ।ਥਾਪਿ–ਟਿਕਾ (ਅਸਥਾਪਨ ਕਰ) ਕੇ; ਪਾਲਦਾ ਹੈ।ਉਥਾਪਿ–ਨਾਸ਼ ਕਰਦਾ ਹੈ।ਖੰਡ–ਟੋਟੇ; ਨਾਸ ।ਧਾਰਣ–ਜਗਤ ਰਚਨਾ।ਧਾਰਿ ਰਹਿਓ–ਆਸਰਾ ਦੇ ਰਿਹਾ ਹੈ।ਅਲਖ–(ਅਲੱਖ ਬੋਲੋ) ਸਮਝ ਵਿਚ ਨਾ ਆਉਣ ਵਾਲਾ।ਅਭੇਵ–ਭੇਦ ਰਹਿਤ।ਪੁਰਖ–ਵਿਆਪਕ।ਪਰਤਾਪ–ਤਪ ਤੇਜ।ਤ–ਤਾਂ; ਤਦ।੬।

ਜਿਨ ਪ੍ਰਭੁ ਜਾਤਾ ਸੁ ਸੋਭਾਵੰਤ ॥ ਸਗਲ ਸੰਸਾਰੁ ਉਧਰੈ ਤਿਨ ਮੰਤ ॥ ਪ੍ਰਭ ਕੇ ਸੇਵਕ ਸਗਲ ਉਧਾਰਨ ॥ ਪ੍ਰਭ ਕੇ ਸੇਵਕ ਦੂਖ ਬਿਸਾਰਨ ॥ ਆਪੇ ਮੇਲਿ ਲਏ ਕਿਰਪਾਲ ॥ ਗੁਰ ਕਾ ਸਬਦੁ ਜਪਿ ਭਏ ਨਿਹਾਲ ॥ ਉਨ ਕੀ ਸੇਵਾ ਸੋਈ ਲਾਗੈ ॥ ਜਿਸ ਨੋ ਕ੍ਰਿਪਾ ਕਰਹਿ ਬਡਭਾਗੈ ॥ ਨਾਮੁ ਜਪਤ ਪਾਵਹਿ ਬਿਸ੍ਰਾਮੁ ॥ ਨਾਨਕ ਤਿਨ ਪੁਰਖ ਕਉ ਊਤਮ ਕਰਿ ਮਾਨੁ ॥੭॥ ਜਿਨ੍ਹਾਂ (ਸਤ ਸੰਗੀਆਂ) ਨੇ ਪ੍ਰਭੂ ਨੂੰ ਜਾਣ ਲਿਆ ਹੈ, ਉਹ ਸੋਭਾ ਵਾਲੇ ਹਨ।ਸਾਰਾ ਸੰਸਾਰ ਉਨ੍ਹਾਂ ਦੇ ਉਪਦੇਸ਼ ਨਾਲ (ਭਵ ਸਾਗਰ ਤੋਂ) ਤਰ ਜਾਂਦਾ ਹੈ।ਪ੍ਰਭੂ ਦੇ ਸੇਵਕ ਸਭ ਦਾ ਉਧਾਰ ਕਰਨ ਵਾਲੇ ਹੁੰਦੇ ਹਨ (ਜਿਵੇਂ ਕੋਲੇ ਦੇ ਲਾਲ ਅੰਗਿਆਰਾਂ ਵਿਚ ਅੱਗ ਦਾ ਸਾਰਾ ਤੇਜ ਹੁੰਦਾ ਹੈ, ਇਵੇਂ ਵਾਹਿਗੁਰੂ ਦਾ ਪ੍ਰਕਾਸ਼ ਸੇਵਕਾਂ ਵਿਚ ਹੁੰਦਾ ਹੈ)।ਪ੍ਰਭੂ ਦੇ ਸੇਵਕ (ਜੀਵਾਂ ਦਾ) ਦੁਖ ਦੂਰ ਕਰਨ ਵਾਲੇ ਹੁੰਦੇ ਹਨ।(ਸੇਵਕਾਂ ਨੂੰ) ਕ੍ਰਿਪਾਲੂ ਪ੍ਰਭੂ ਨੇ (ਅਪਣੇ ਨਾਲ) ਆਪੇ ਮਿਲਾ ਲਿਆ ਹੈ।(ਉਹ) ਗੁਰੂ ਦਾ ਸ਼ਬਦ ਜਪ ਕੇ ਨਿਹਾਲ ਹੋ ਗਏ ਹਨ।ਉਨ੍ਹਾਂ (ਗੁਰਮੁਖਾਂ) ਦੀ ਸੇਵਾ ਵਿਚ ਉਹ (ਮਨੁੱਖ) ਹੀ ਲਗਦਾ ਹੈ।ਜਿਸ (ਮਨੁੱਖ) ਉਤੇ (ਉਸ ਦੇ) ਵੱਡੇ ਭਾਗਾਂ ਕਰਕੇ ਪ੍ਰਭੂ ਕ੍ਰਿਪਾ ਕਰਦਾ ਹੈ।(ਜੋ ਪੁਰਖ) ਨਾਮ ਜਪਦੇ ਹੋਏ ਆਤਮਕ ਸ਼ਾਂਤੀ ਜਾਂ ਅਚੱਲ ਟਿਕਾਣਾ ਪ੍ਰਾਪਤ ਕਰ ਲੈਂਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਉਨ੍ਹਾਂ ਪੁਰਖਾਂ ਨੂੰ (ਸੰਸਾਰ ਵਿਚ ਸਭ ਤੋਂ) ਉਤਮ ਕਰਕੇ ਮੰਨੋ (ਸਮਝੋ)।੭।

ਪਦਾਰਥ = ਜਿਨ–ਜਿਨ੍ਹਾਂ ਨੇ।ਜਾਤਾ–ਜਾਣਿਆ।ਸੁ–ਉਹ।ਸੋਭਾਵੰਤ–ਸੋਭਾ ਵਾਲੇ।ਸਗਲ–ਸਾਰਾ।ਉਧਰੈ–ਤਰ ਜਾਂਦਾ ਹੈ।ਤਿਨ–ਉਨ੍ਹਾਂ ਦੇ।ਮੰਤ–ਉਪਦੇਸ ਨਾਲ।ਉਧਾਰਨ–ਤਾਰਨ ਵਾਲੇ।ਬਿਸਾਰਨ–ਬਿਸਰਜਨ (ਦੂਰ ਕਰਨ ਵਾਲੇ)।ਭਏ–ਹੋਏ।ਨਿਹਾਲ–ਪ੍ਰਸੰਨ। ਉਨ ਕੀ–ਉਨ੍ਹਾਂ ਦੀ।ਸੋਈ–ਉਹ ਹੀ।ਬਡਭਾਗੈ–ਵੱਡੇ ਭਾਗਾਂ ਕਰਕੇ।ਬਿਸ੍ਰਾਮੁ–ਸ਼ਾਂਤੀ; ਅਚੱਲ ਟਿਕਾਣਾ।ਮਾਨੁ–ਮੰਨ; ਸਮਝ।੭।

All Rights Reserved by Harjinder Singh Gyani | www.GuruGranthVakhyaan.org

ਜੋ ਕਿਛੁ ਕਰੈ ਸੁ ਪ੍ਰਭ ਕੈ ਰੰਗਿ ॥ ਸਦਾ ਸਦਾ ਬਸੈ ਹਰਿ ਸੰਗਿ ॥ ਸਹਜ ਸੁਭਾਇ ਹੋਵੈ ਸੋ ਹੋਇ ॥ ਕਰਣੈਹਾਰੁ ਪਛਾਣੈ ਸੋਇ ॥ ਪ੍ਰਭ ਕਾ ਕੀਆ ਜਨ ਮੀਠ ਲਗਾਨਾ ॥ ਜੈਸਾ ਸਾ ਤੈਸਾ ਦ੍ਰਿਸਟਾਨਾ ॥ ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ ਓਇ ਸੁਖ ਨਿਧਾਨ ਉਨਹੂ ਬਨਿ ਆਏ ॥ ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥੮॥੧੪॥ (ਪ੍ਰਭੂ ਦਾ ਸੇਵਕ) ਜੋ ਕੁਝ ਕਰਦਾ ਹੈ, ਉਹ ਪ੍ਰਭੂ ਦੀ ਮੌਜ ਵਿਚ ਕਰਦਾ ਹੈ।(ਕਿਉਂਕਿ ਉਹ) ਸਦਾ ਸਦਾ ਹਰੀ ਦੇ ਨਾਲ ਵਸਦਾ ਹੈ।(ਸੇਵਕ ਹਰੀ ਵਿਚ ਮਿਲ ਕੇ ਇਕ ਰੂਪ ਹੋ ਜਾਂਦਾ ਹੈ।ਹੁਣ ਉਸ ਤੋਂ) ਜੋ ਕੁਝ ਹੁੰਦਾ ਹੈ, ਉਹ ਸੁਤੇ ਸਿਧ ਹੀ ਹੁੰਦਾ ਹੈ।(ਕਿਉਂਕਿ) ਉਹ ਕਰਨ ਵਾਲੇ ਪ੍ਰਭੂ ਨੂੰ ਪਛਾਣ ਲੈਂਦਾ ਹੈ।ਪ੍ਰਭੂ ਦਾ ਕੀਤਾ ਹੋਇਆ ਸੇਵਕਾਂ ਨੂੰ ਮਿੱਠਾ ਲਗਦਾ ਹੈ।(ਕਿਉਂਕਿ ਪ੍ਰਭੂ) ਜਿਹੋ ਜਿਹਾ ਹੈ, ਉਹੋ ਜਿਹਾ (ਜਿਉਂ ਦਾ ਤਿਉਂ ਸੇਵਕਾਂ ਨੂੰ) ਦਿਸ ਪਿਆ ਹੈ (ਹੁਕਮ ਵਿਚ ਚਲਣ ਕਰਕੇ ਸਭ ਕੁਛ ਸਹੀ ਦਿਸਿਆ ਹੈ)।ਜਿਸ ਪ੍ਰਭੂ ਤੋਂ ਉਹ ਪੈਦਾ ਹੋਏ ਹਨ, ਉਸੇ ਵਿਚ ਲੀਨ ਹੋ ਗਏ ਹਨ।ਉਹ (ਸੇਵਕ) ਸੁੱਖਾਂ ਦੇ ਖਜਾਨੇ ਹਨ ਤੇ ਇਹ ਪਦਵੀ ਉਨ੍ਹਾਂ ਨੂੰ ਹੀ ਫਬਦੀ ਹੈ (ਇਸ ਪਦਵੀ ਦੇ ਉਹ ਯੋਗ ਹਨ।ਇਹ) ਮਾਣ ਹਰੀ ਨੇ ਅਪਣੇ ਆਪ ਨੂੰ ਆਪ ਹੀ ਦਿਤਾ ਹੈ (ਕਿਉਂਕਿ ਸੇਵਕ ਦੀ ਵਡਿਆਈ ਵਾਹਿਗੁਰੂ ਦੀ ਅਪਣੀ ਵਡਿਆਈ ਹੈ)।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ!) ਪ੍ਰਭੂ ਤੇ ਸੇਵਕ ਨੂੰ ਇਕ ਰੂਪ ਹੀ ਸਮਝੋ।੮।੧੪।

ਪਦਾਰਥ = ਰੰਗਿ–ਮੌਜ ਵਿਚ; ਭਾਣੇ ਵਿਚ।ਸਹਜ ਸੁਭਾਇ–ਸੁਤੇ ਸਿਧ।ਜਨ–ਸੇਵਕਾਂ ਨੂੰ।ਦ੍ਰਿਸਟਾਨਾ–ਦਿਸ ਆਉਂਦਾ ਹੈ।ਮੀਠ ਲਗਾਨਾ–ਮਿੱਠਾ ਲਗਦਾ ਹੈ।ਉਪਜੇ–ਪੈਦਾ ਹੋਏ।ਓਇ–ਉਹ (ਸੇਵਕ)।ਉਨਹੂ–ਉਨ੍ਹਾਂ ਨੂੰ ਹੀ।ਬਨਿ ਆਏ–ਫਬਦੀ ਹੈ।੮।੧੪।

ਸਲੋਕੁ ॥ ਸਰਬ ਕਲਾ ਭਰਪੂਰ ਪ੍ਰਭ, ਬਿਰਥਾ ਜਾਨਨਹਾਰ ॥ ਜਾ ਕੈ ਸਿਮਰਨਿ ਉਧਰੀਐ, ਨਾਨਕ ਤਿਸੁ ਬਲਿਹਾਰ ॥੧॥ ਵਾਹਿਗੁਰੂ ਸਾਰੀਆਂ ਸ਼ਕਤੀਆਂ ਨਾਲ ਭਰਪੂਰ ਹੈ ਤੇ ਸਭ (ਦੇ ਦਿਲ) ਦੀ ਪੀੜ ਜਾਨਣ ਵਾਲਾ ਹੈ।ਨਾਨਕ ਗੁਰੂ ਜੀ ਕਹਿੰਦੇ ਹਨ ਕਿ ਮੈਂ ਉਸ ਪ੍ਰਭੂ ਤੋਂ ਸਦਕੇ ਜਾਂਦਾ ਹਾਂ, ਜਿਸ ਦਾ ਸਿਮਰਨ ਕਰਨ ਕਰਕੇ (ਸੰਸਾਰ ਸਮੁੰਦਰ ਤੋਂ) ਤਰ ਜਾਈਦਾ ਹੈ।੧।

ਪਦਾਰਥ = ਸਰਬ–ਸਾਰੀਆਂ।ਕਲਾ–ਸ਼ਕਤੀਆਂ।ਭਰਪੂਰ–ਭਰਿਆ ਹੋਇਆ।ਬਿਰਥਾ–ਦੁੱਖ ਦਰਦ; ਹਾਲਤ।ਜਾ ਕੈ–ਜਿਸ (ਪ੍ਰਭੂ) ਦੇ।ਉਧਰੀਐ–ਤਰ ਜਾਈਦਾ ਹੈ।ਤਿਸੁ–ਉਸ (ਪ੍ਰਭੂ) ਤੋਂ।ਬਲਿਹਾਰ–ਸਦਕੇ ਜਾਂਦਾ ਹਾਂ।੧।

ਅਸਟਪਦੀ ॥ ਟੂਟੀ ਗਾਢਨਹਾਰ ਗੋੁਪਾਲ ॥ ਸਰਬ ਜੀਆ ਆਪੇ ਪ੍ਰਤਿਪਾਲ ॥ ਸਗਲ ਕੀ ਚਿੰਤਾ ਜਿਸੁ ਮਨ ਮਾਹਿ ॥ ਤਿਸ ਤੇ ਬਿਰਥਾ ਕੋਈ ਨਾਹਿ ॥ ਰੇ ਮਨ ਮੇਰੇ ਸਦਾ ਹਰਿ ਜਾਪਿ ॥ ਅਬਿਨਾਸੀ ਪ੍ਰਭੁ ਆਪੇ ਆਪਿ ॥ ਆਪਨ ਕੀਆ ਕਛੂ ਨ ਹੋਇ ॥ ਜੇ ਸਉ ਪ੍ਰਾਨੀ ਲੋਚੈ ਕੋਇ ॥ ਤਿਸੁ ਬਿਨੁ ਨਾਹੀ ਤੇਰੈ ਕਿਛੁ ਕਾਮ ॥ ਗਤਿ ਨਾਨਕ ਜਪਿ ਏਕ ਹਰਿ ਨਾਮ ॥੧॥ ਪ੍ਰਭੂ ਟੁੱਟੀ ਹੋਈ (ਪ੍ਰੇਮ ਦੀ ਡੋਰ) ਨੂੰ ਜੋੜਨ (ਵਿਛੜੇ ਹੋਏ ਨੂੰ ਮੇਲ ਲੈਣ) ਵਾਲਾ ਹੈ।(ਉਹ ਪ੍ਰਭੂ) ਆਪੇ ਪ੍ਰਤੀ ਜੀਵ ਸਭ ਦੀ ਪਾਲਣਾ ਕਰਨ ਵਾਲਾ ਹੈ।ਸਾਰੇ (ਜਗਤ) ਦੀ ਚਿੰਤਾ ਜਿਸ (ਪ੍ਰਭੂ) ਦੇ ਮਨ ਵਿਚ ਹੈ।ਉਸ ਪ੍ਰਭੂ (ਦੀ ਬਖਸ਼ਿਸ਼) ਤੋਂ ਖਾਲੀ ਕੋਈ ਜੀਵ ਨਹੀਂ ਹੈ।ਹੇ ਮੇਰੇ ਮਨ! (ਤੂੰ) ਸਦਾ ਹਰੀ ਨੂੰ ਜਪ।ਪ੍ਰਭੂ ਨਾਸ਼ ਰਹਿਤ ਹੈ ਤੇ ਆਪੇ ਆਪ (ਸੁਤੰਤਰ) ਹੈ।ਅਪਣੇ (ਜਤਨਾਂ ਨਾਲ ਮਨੁੱਖ ਦਾ) ਕੀਤਾ ਹੋਇਆ ਕੁਛ ਨਹੀਂ ਹੁੰਦਾ।ਭਾਵੇਂ ਕੋਈ (ਮਨੁੱਖ ਕੋਈ ਕੰਮ ਕਰਨ ਦੀ) ਸੌ ਵਾਰ ਇੱਛਾ ਕਰੇ।ਉਸ (ਹਰੀ ਦੇ ਨਾਮ ਤੋਂ) ਬਿਨਾ ਕੁਛ ਵੀ ਚੀਜ ਤੇਰੇ ਕੰਮ ਆਉਣ ਵਾਲੀ ਨਹੀਂ।ਨਾਨਕ ਗੁਰੂ ਜੀ ਆਖਦੇ ਹਨ ਕਿ ਇਕ ਹਰੀ ਦਾ ਨਾਮ ਜਪ ਕੇ ਤੇਰੀ ਮੁਕਤੀ ਹੋਵੇਗੀ।੧।

ਪਦਾਰਥ = ਟੂਟੀ–ਟੁੱਟੀ ਹੋਈ (ਪ੍ਰੀਤ); ਟੁੱਟਿਆ ਸਬੰਧ।ਗਾਢਨਹਾਰ–ਜੋੜਨ ਵਾਲਾ।ਜੀਆ–ਜੀਵਾਂ ਦੀ।ਤਿਸ ਤੇ–ਉਸ ਤੋਂ।ਬਿਰਥਾ–ਖਾਲੀ।ਆਪਨ ਕੀਆ–ਅਪਣੇ ਬਲ ਨਾਲ ਕੀਤਾ ਹੋਇਆ।ਸਉ–ਸੌ ਵਾਰੀ।ਲੋਚੈ–ਇੱਛਾ ਕਰੇ।ਕਾਮ–ਕੰਮ।ਗਤਿ–ਮੁਕਤੀ।੧।

ਰੂਪਵੰਤੁ ਹੋਇ ਨਾਹੀ ਮੋਹੈ ॥ ਪ੍ਰਭ ਕੀ ਜੋਤਿ ਸਗਲ ਘਟ ਸੋਹੈ ॥ ਧਨਵੰਤਾ ਹੋਇ ਕਿਆ ਕੋ ਗਰਬੈ ॥ ਜਾ ਸਭੁ ਕਿਛੁ ਤਿਸ ਕਾ ਦੀਆ ਦਰਬੈ ॥ ਅਤਿ ਸੂਰਾ ਜੇ ਕੋਊ ਕਹਾਵੈ ॥ ਪ੍ਰਭ ਕੀ ਕਲਾ ਬਿਨਾ ਕਹ ਧਾਵੈ ॥ ਜੇ ਕੋ ਹੋਇ ਬਹੈ ਦਾਤਾਰੁ ॥ ਤਿਸੁ ਦੇਨਹਾਰੁ ਜਾਨੈ ਗਾਵਾਰੁ ॥ ਜਿਸੁ ਗੁਰਪ੍ਰਸਾਦਿ ਤੂਟੈ ਹਉ ਰੋਗੁ ॥ ਨਾਨਕ ਸੋ ਜਨੁ ਸਦਾ ਅਰੋਗੁ ॥੨॥ ਸੁੰਦਰ ਹੋਣ ਤੇ ਅਪਣੀ ਸੁੰਦਰਤਾ ਉਤੇ ਕੋਈ ਮੋਹਤ ਨ ਹੋਵੇ।ਇਹ ਤਾਂ ਵਾਹਿਗੁਰੂ ਦੀ ਜੋਤ ਹੈ ਜੋ ਸਾਰਿਆਂ ਵਿਚ ਸੋਹਣੀ ਲਗ ਰਹੀ ਹੈ (ਸ਼ਬਦਾਰਥ); ਸੁੰਦਰ ਹੋ ਕੇ ਵੀ (ਅਪਣੀ ਸੁੰਦਰਤਾ ਨਾਲ ਕਿਸੇ ਦੂਜੇ ਨੂੰ) ਨਹੀਂ ਮੋਹ ਸਕਦਾ।(ਕਿਉਂਕਿ) ਪ੍ਰਭੂ ਦੀ ਜੋਤ ਸਾਰੇ ਸਰੀਰਾਂ ਵਿਚ ਸੋਭ ਰਹੀ ਹੈ (ਰੱਬ ਦੀ ਜੋਤ ਕਰਕੇ ਹੀ ਜੀਵਾਂ ਦੀ ਸੁੰਦਰਤਾ ਹੈ)।ਧਨ ਵਾਲਾ ਹੋ ਕੇ ਕੋਈ ਮਨੁੱਖ ਕੀ ਹੰਕਾਰ ਕਰਦਾ ਹੈ? ਜਦ ਕਿ ਧਨ ਆਦਿ ਸਭ ਕੁਛ ਉਸ ਪ੍ਰਭੂ ਦਾ ਦਿਤਾ ਹੋਇਆ ਹੈ (ਜਦ ਮਰਜੀ ਉਹ ਖੋਹ ਸਕਦਾ ਹੈ)।ਜੇ ਕੋਈ ਮਨੁੱਖ (ਅਪਣੇ ਆਪ ਨੂੰ) ਵੱਡਾ ਸੂਰਮਾ ਕਹਾਉਂਦਾ ਹੈ।(ਤਾਂ ਉਹ ਵਿਚਾਰ ਕਰੇ ਕਿ ਉਹ) ਪ੍ਰਭੂ ਦੀ ਤਾਕਤ ਤੋਂ ਬਿਨਾ ਕਿਥੇ ਧਾਵਾ ਕਰ ਸਕਦਾ ਹੈ; ਦੌੜ ਸਕਦਾ ਹੈ? ਜੇ ਕੋਈ ਮਨੁੱਖ ਦਾਤਾ ਬਣ ਕੇ ਬੈਠ ਜਾਵੇ।ਤਾਂ ਦਾਤਾਂ ਦੇਣ ਵਾਲਾ ਪ੍ਰਭੂ ਉਸ (ਦਾਤਾ ਬਣੇ ਮਨੁੱਖ) ਨੂੰ ਮੂਰਖ ਜਾਣੇਗਾ।ਗੁਰੂ ਦੀ ਕ੍ਰਿਪਾ ਨਾਮ ਜਿਸ ਮਨੁੱਖ ਦਾ ਹਉਮੈ ਦਾ ਰੋਗ ਟੁੱਟ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਮਨੁੱਖ ਸਦਾ ਅਰੋਗ (ਨਵਾਂ ਨਰੋਆ) ਹੁੰਦਾ ਹੈ।੨।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਨ ਮੋਹੈ–ਮੋਹ ਨਹੀ ਸਕਦਾ।ਸਗਲ ਘਟ–ਸਾਰੇ ਸਰੀਰਾਂ ਵਿਚ।ਕੋ–ਕੋਈ।ਗਰਬੈ–ਹੰਕਾਰ ਕਰੇ।ਜਾ–ਜਦ।ਦਰਬੈ–ਧਨ।ਅਤਿ–ਵੱਡਾ।ਸੂਰਾ–ਬਹਾਦਰ।ਕਲਾ–ਤਾਕਤ।ਕਹ–ਕਿਥੇ।ਧਾਵੈ–ਹੱਲਾ ਕਰ ਸਕਦਾ ਹੈ; ਦੌੜ ਸਕਦਾ ਹੈ।ਹੋਇ ਬਹੈ–ਬਣ ਕੇ ਬੈਠੇ।ਤਿਸੁ–ਉਸ ਨੂੰ।ਦੇਣਹਾਰੁ–ਦੇਣ ਵਾਲਾ (ਪ੍ਰਭੂ)।ਗਾਵਾਰੁ–ਮੂਰਖ।ਹਉ–ਹੰਕਾਰ ਦਾ।ਸੋ–ਉਹ।ਅਰੋਗੁ–ਰੋਗ ਰਹਿਤ।੨।

ਜਿਉ ਮੰਦਰ ਕਉ ਥਾਮੈ ਥੰਮਨੁ ॥ ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ ॥ ਜਿਉ ਪਾਖਾਣੁ ਨਾਵ ਚੜਿ ਤਰੈ ॥ ਪ੍ਰਾਣੀ ਗੁਰ ਚਰਣ ਲਗਤੁ ਨਿਸਤਰੈ ॥ ਜਿਉ ਅੰਧਕਾਰ ਦੀਪਕ ਪਰਗਾਸੁ ॥ ਗੁਰ ਦਰਸਨੁ ਦੇਖਿ ਮਨਿ ਹੋਇ ਬਿਗਾਸੁ ॥ ਜਿਉ ਮਹਾ ਉਦਿਆਨ ਮਹਿ ਮਾਰਗੁ ਪਾਵੈ ॥ ਤਿਉ ਸਾਧੂ ਸੰਗਿ ਮਿਲਿ ਜੋਤਿ ਪ੍ਰਗਟਾਵੈ ॥ ਤਿਨ ਸੰਤਨ ਕੀ ਬਾਛਉ ਧੂਰਿ ॥ ਨਾਨਕ ਕੀ ਹਰਿ ਲੋਚਾ ਪੂਰਿ ॥੩॥ ਜਿਵੇਂ (ਡਿਗਦੇ) ਘਰ ਨੂੰ ਥਮਲਾ ਸਹਾਰਾ ਦੇਂਦਾ ਹੈ (ਟਿਕਾਈ ਰੱਖਦਾ ਹੈ)।ਤਿਵੇਂ ਗੁਰੂ ਦਾ ਸ਼ਬਦ (ਵਿਕਾਰਾਂ ਵਿਚ) ਡਿਗਦੇ ਮਨ ਨੂੰ ਸਥਿਰ ਰਖਦਾ ਹੈ।ਜਿਵੇਂ ਬੇੜੀ ਉਤੇ ਚੜ੍ਹ ਕੇ ਪੱਥਰ (ਨਦੀ ਤੋਂ) ਤਰ ਜਾਂਦਾ ਹੈ।(ਇਸੇ ਤਰ੍ਹਾਂ) ਗੁਰੂ ਦੇ ਚਰਨਾਂ ਨਾਲ ਲਗਣ ਕਰਕੇ ਪ੍ਰਾਣੀ (ਸੰਸਾਰ ਸਮੁੰਦਰ ਤੋਂ) ਪਾਰ ਹੋ ਜਾਂਦਾ ਹੈ।ਜਿਵੇਂ ਦੀਵੇ ਦਾ ਚਾਨਣ ਹਨ੍ਹੇਰੇ ਨੂੰ ਦੂਰ ਕਰਦਾ ਹੈ।(ਇਸੇ ਤਰ੍ਹਾਂ) ਗੁਰੂ ਦਾ ਦਰਸ਼ਨ ਦੇਖ ਕੇ ਮਨ ਵਿਚ ਖੇੜਾ ਆਉਂਦਾ ਹੈ।ਜਿਵੇਂ ਬੜੇ ਭਾਰੀ ਜੰਗਲ ਵਿਚ (ਭੁੱਲਿਆ ਮਨੁੱਖ ਕਿਸੇ ਦੀ ਮੱਦਤ ਨਾਲ) ਰਸਤਾ ਪਾ ਲੈਂਦਾ ਹੈ।ਤਿਵੇਂ ਸਾਧ ਸੰਗਤ ਵਿਚ ਮਿਲ ਕੇ (ਮਨੁੱਖ ਦੇ ਅੰਦਰ ਰੱਬੀ) ਜੋਤ ਪ੍ਰਗਟ ਹੁੰਦੀ ਹੈ।(ਮੈਂ) ਉਨ੍ਹਾਂ ਸੰਤਾਂ ਦੇ ਚਰਨਾਂ ਦੀ ਧੂੜ ਮੰਗਦਾ ਹਾਂ।ਹੇ ਵਾਹਿਗੁਰੂ ! ਨਾਨਕ ਦੀ (ਇਹ) ਇੱਛਾ ਪੂਰੀ ਕਰ ਦੇਹ।੩।

ਪਦਾਰਥ = ਮੰਦਰ–ਘਰ।ਥਾਮੈ–ਥੰਮਦਾ (ਟਿਕਾ ਰੱਖਦਾ) ਹੈ।ਮਨਹਿ–ਮਨ ਨੂੰ।ਅਸਥੰਮਨੁ–ਸਥਿਰ (ਰੋਕ) ਰਖਦਾ ਹੈ।ਪਾਖਾਣੁ–ਪੱਥਰ।ਨਾਵ–ਬੇੜੀ।ਚੜਿ–ਚੜ੍ਹ ਕੇ।ਲਗਤੁ–ਲੱਗਣ ਕਰਕੇ।ਨਿਸਤਰੈ–ਤਰ ਜਾਂਦਾ ਹੈ।ਅੰਧਕਾਰ–ਹਨ੍ਹੇਰਾ।ਦੀਪਕ–ਦੀਵਾ।ਪਰਗਾਸੁ–ਚਾਨਣ।ਬਿਗਾਸੁ–ਖੇੜਾ।ਮਹਾ–ਬੜਾ ਭਾਰੀ।ਉਦਿਆਨ–ਜੰਗਲ।ਬਾਛਉ–ਮੰਗਦਾ ਹਾਂ।ਲੋਚਾ–ਇੱਛਾ।ਪੂਰਿ–ਪੂਰੀ ਕਰ।੩।

ਅੰਗ ੨੮੩ = ਮਨ ਮੂਰਖ ਕਾਹੇ ਬਿਲਲਾਈਐ ॥ ਪੁਰਬ ਲਿਖੇ ਕਾ ਲਿਖਿਆ ਪਾਈਐ ॥ ਦੂਖ ਸੂਖ ਪ੍ਰਭ ਦੇਵਨਹਾਰੁ ॥ ਅਵਰ ਤਿਆਗਿ ਤੂ ਤਿਸਹਿ ਚਿਤਾਰੁ ॥ ਜੋ ਕਛੁ ਕਰੈ ਸੋਈ ਸੁਖੁ ਮਾਨੁ ॥ ਭੂਲਾ ਕਾਹੇ ਫਿਰਹਿ ਅਜਾਨੁ ॥ ਕਉਨ ਬਸਤੁ ਆਈ ਤੇਰੈ ਸੰਗ ॥ ਲਪਟਿ ਰਹਿਓ ਰਸਿ ਲੋਭੀ ਪਤੰਗ ॥ ਰਾਮ ਨਾਮ ਜਪਿ ਹਿਰਦੇ ਮਾਹਿ ॥ ਨਾਨਕ ਪਤਿ ਸੇਤੀ ਘਰਿ ਜਾਹਿ ॥੪॥ ਹੇ ਮੂਰਖ ਮਨ ! (ਦੁੱਖ ਮਿਲਣ ਤੇ) ਕਿਉਂ ਵਿਰਲਾਪ ਕਰੀਏ।(ਕਿਉਂਕਿ ਹੁਣ) ਪਹਿਲੇ ਜਨਮਾਂ ਦੇ ਲਿਖੇ ਹੋਏ ਕਰਮਾਂ ਦਾ ਹੀ ਫਲ ਪਾਈਦਾ ਹੈ।ਦੁਖ ਸੁਖ (ਕਰਮਾਂ ਅਨੁਸਾਰ) ਪ੍ਰਭੂ ਹੀ ਦੇਣ ਵਾਲਾ ਹੈ।(ਦੁਖਾਂ ਦੇ ਖਾਤਮੇ ਲਈ) ਤੂੰ ਹੋਰ ਸਾਰੇ ਜਤਨ ਛਡ ਕੇ ਉਸ ਪ੍ਰਭੂ ਨੂੰ ਯਾਦ ਕਰ।ਜੋ ਕੁਛ ਪ੍ਰਭੂ ਕਰਦਾ ਹੈ, ਉਸ ਨੂੰ ਹੀ ਸੁਖ ਕਰਕੇ ਮੰਨ।ਹੇ ਅਣਜਾਣ ਮਨੁੱਖ ! (ਤੂੰ) ਭੁੱਲਿਆ ਕਿਉਂ ਫਿਰਦਾ ਹੈਂ।(ਵਿਚਾਰ ਕੇ ਦੇਖ ਜਨਮ ਲੈਣ ਸਮੇਂ) ਕਿਹੜੀ ਵਸਤੂ ਤੇਰੇ ਨਾਲ ਆਈ ਹੈ।(ਜਿਵੇਂ) ਲੋਭੀ ਪਤੰਗੇ (ਦੀਵੇ ਦੀ ਲਾਟ ਉਤੇ ਸੜ ਮਰਦੇ ਹਨ, ਇਸੇ ਤਰ੍ਹਾਂ ਤੂੰ ਵਿਸ਼ਿਆਂ ਦੇ) ਸੁਆਦ ਵਿਚ ਫਸ ਰਿਹਾ ਹੈਂ।(ਤੂੰ) ਵਾਹਿਗੁਰੂ ਦਾ ਨਾਮ ਹਿਰਦੇ ਵਿਚ ਜਪ।ਨਾਨਕ ਗੁਰੂ ਜੀ ਆਖਦੇ ਹਨ, ਇੱਜਤ ਨਾਲ (ਤੂੰ ਰੱਬ ਦੇ) ਘਰ ਜਾਵੇਂਗਾ; ਨਿਜ ਸਰੂਪ ਵਿਚ ਲੀਨ ਹੋ ਜਾਵੇਂਗਾ।੪।

ਪਦਾਰਥ = ਕਾਹੇ–ਕਿਉਂ।ਬਿਲਲਾਈਐ–ਵਿਰਲਾਪ ਕਰੀਏ; ਖਪੀਏ।ਪੁਰਬ–ਪਹਿਲੇ (ਜਨਮਾਂ ਦਾ)।ਅਵਰ–ਹੋਰ।ਤੂ–ਤੂੰ।ਤਿਸਹਿ–ਉਸ ਨੂੰ।ਚਿਤਾਰੁ–ਯਾਦ ਕਰ।ਮਾਨੁ–ਮੰਨ; ਸਮਝ।ਫਿਰਹਿ–ਫਿਰਦਾ ਹੈਂ।ਅਜਾਨੁ–ਅਗਿਆਨੀ।ਕਉਨ–ਕਿਹੜੀ।ਬਸਤੁ–ਵਸਤੂ।ਸੰਗ–ਨਾਲ।ਲਪਟਿ ਰਹਿਓ–ਫਸ ਰਿਹਾ ਹੈਂ।ਰਸਿ–ਸੁਆਦ ਵਿਚ।ਪਤੰਗ–ਪਰਵਾਨਾ।ਪਤਿ–ਇੱਜਤ।ਸੇਤੀ–ਨਾਲ।੪।

ਜਿਸੁ ਵਖਰ ਕਉ ਲੈਨਿ ਤੂ ਆਇਆ ॥ ਰਾਮ ਨਾਮੁ ਸੰਤਨ ਘਰਿ ਪਾਇਆ ॥ ਤਜਿ ਅਭਿਮਾਨੁ ਲੇਹੁ ਮਨ ਮੋਲਿ ॥ ਰਾਮ ਨਾਮੁ ਹਿਰਦੇ ਮਹਿ ਤੋਲਿ ॥ ਲਾਦਿ ਖੇਪ ਸੰਤਹ ਸੰਗਿ ਚਾਲੁ ॥ ਅਵਰ ਤਿਆਗਿ ਬਿਖਿਆ ਜੰਜਾਲ ॥ ਧੰਨਿ ਧੰਨਿ ਕਹੈ ਸਭੁ ਕੋਇ ॥ ਮੁਖ ਊਜਲ ਹਰਿ ਦਰਗਹ ਸੋਇ ॥ ਇਹੁ ਵਾਪਾਰੁ ਵਿਰਲਾ ਵਾਪਾਰੈ ॥ ਨਾਨਕ ਤਾ ਕੈ ਸਦ ਬਲਿਹਾਰੈ ॥੫॥ ਜਿਸ ਸੌਦੇ ਨੂੰ ਲੈਣ ਵਾਸਤੇ (ਸੰਸਾਰ ਵਿਚ) ਤੂੰ ਆਇਆ ਹੈਂ।(ਪ੍ਰਭੂ ਨੇ ਉਹ) ਰਾਮ ਨਾਮ ਰੂਪ ਸੌਦਾ ਸੰਤਾਂ ਦੇ ਘਰ (ਸਾਧ ਸੰਗਤ) ਵਿਚ ਪਾ ਰੱਖਿਆ ਹੈ; ਸੰਤਾਂ ਦੇ ਘਰ ਵਿਚੋਂ ਪਾਈਦਾ ਹੈ।ਅਭਿਮਾਨ ਛਡ ਕੇ ਮਨ ਦੇ ਕੇ ਮੁਲ ਵਿਚ ਰਾਮ ਨਾਮ ਰੂਪ ਸੌਦਾ ਹਿਰਦੇ (ਰੂਪ ਤੱਕੜੀ ਵਿਚ) ਵਿਚ ਤੋਲ ਕੇ ਲੈ ਲੈ।(ਇਹ) ਸੌਦਾ ਸੰਤਾਂ ਦੇ ਸੰਗ ਵਿਚੋਂ ਲੱਦ ਕੇ ਚੱਲ।ਮਾਇਆ ਦੇ ਹੋਰ ਝਮੇਲੇ ਛਡ ਦੇ।ਸਭ ਕੋਈ ਤੈਨੂੰ ਧੰਨ ਧੰਨ ਕਹੇਗਾ।(ਅੱਗੇ) ਉਸ ਹਰੀ ਦੀ ਦਰਗਾਹ ਵਿਚ ਵੀ (ਤੇਰਾ) ਮੂੰਹ ਉਜਲਾ ਹੋਵੇਗਾ।(ਰਾਮ ਨਾਮ ਦਾ ਜੋ) ਵਪਾਰ ਹੈ, ਕੋਈ ਵਿਰਲਾ ਮਨੁੱਖ ਇਹ ਵਪਾਰ ਕਰਦਾ ਹੈ।ਨਾਨਕ ਉਸ (ਪੁਰਖ) ਦੇ ਸਦਾ ਬਲਹਾਰ ਜਾਂਦਾ ਹੈ (ਜੋ ਰਾਮ ਨਾਮ ਦਾ ਵਪਾਰ ਕਰਦਾ ਹੈ)।੫।

ਪਦਾਰਥ = ਵਖਰ–ਸੌਦਾ।ਕਉ–ਨੂੰ।ਸੰਤਨ ਘਰਿ–ਸਾਧ ਸੰਗਤ ਵਿਚੋਂ।ਤਜਿ–ਛਡ ਕੇ।ਮਨ ਮੋਲਿ–ਮਨ ਦੇ ਮੁੱਲ ਵਿਚ (ਮਨ ਦੇ ਕੇ) ;ਮਨ ਦੇ ਬਦਲੇ।ਤੋਲਿ–ਵਿਚਾਰ ਕੇ; ਪਰਖ ਕੇ (ਇਸ ਸੌਦੇ ਵਰਗਾ ਹੋਰ ਕੋਈ ਸੌਦਾ ਨਹੀਂ)।ਖੇਪ–ਵਪਾਰ ਕਰਨ ਲਈ ਖ਼੍ਰੀਦਿਆ

ਸੌਦਾ। ਬਿਖਿਆ–ਮਾਇਆ। ਅਵਰ–ਹੋਰ। ਜੰਜਾਲ–ਝਮੇਲੇ; ਧੰਦੇ। ਵਾਪਾਰੁ–ਆਪ ਨਾਮ ਜਪਣਾ ਤੇ ਹੋਰਨਾਂ ਨੂੰ ਜਪਾਉਣਾ।੫।

ਚਰਨ ਸਾਧ ਕੇ ਧੋਇ ਧੋਇ ਪੀਉ ॥ ਅਰਪਿ ਸਾਧ ਕਉ ਅਪਨਾ ਜੀਉ ॥ ਸਾਧ ਕੀ ਧੂਰਿ ਕਰਹੁ ਇਸਨਾਨੁ ॥ ਸਾਧ ਊਪਰਿ ਜਾਈਐ ਕੁਰਬਾਨੁ ॥ ਸਾਧ ਸੇਵਾ ਵਡਭਾਗੀ ਪਾਈਐ ॥ ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਅਨਿਕ ਬਿਘਨ ਤੇ ਸਾਧੂ ਰਾਖੈ ॥ ਹਰਿ ਗੁਨ ਗਾਇ ਅੰਮ੍ਰਿਤ ਰਸੁ ਚਾਖੈ ॥ ਓਟ ਗਹੀ ਸੰਤਹ ਦਰਿ ਆਇਆ ॥ ਸਰਬ ਸੂਖ ਨਾਨਕ ਤਿਹ ਪਾਇਆ ॥੬॥ (ਨਾਮ ਦਾ ਸੌਦਾ ਸਾਧ ਗੁਰੂ ਦੇ ਘਰੋਂ ਮਿਲਦਾ ਹੈ, ਇਸ ਲਈ) ਸਾਧੂ ਦੇ ਚਰਨ ਧੋ ਧੋ ਕੇ ਪੀਵੋ (ਗੁਰੂ ਦੇ ਚਰਨਾਂ ਨੂੰ ਹਿਰਦੇ ਵਿਚ ਵਸਾ ਕੇ ਪ੍ਰੇਮ ਰੂਪ ਜਲ ਨਾਲ ਧੋ ਧੋ ਕੇ ਪੀ)। ਅਤੇ ਅਪਣਾ ਮਨ ਸਾਧ ਗੁਰੂ ਨੂੰ ਅਰਪਣ ਕਰ ਦੇਹ। ਸਾਧੂ ਦੇ ਚਰਨਾਂ ਦੀ ਧੂੜ ਵਿਚ ਇਸ਼ਨਾਨ ਕਰ। ਸਾਧ ਉਪਰ ਕੁਰਬਾਨ ਜਾਣਾ ਚਾਹੀਏ। ਸਾਧੂ ਦੀ ਸੇਵਾ ਵੱਡੇ ਭਾਗਾਂ ਨਾਲ ਪਾਈ ਜਾਂਦੀ ਹੈ। ਸਾਧ ਦਾ ਸੰਗ ਕਰਕੇ ਹਰੀ ਦਾ ਕੀਰਤਨ ਗਾਉਣਾ ਚਾਹੀਦਾ ਹੈ। ਸਾਧੂ (ਭਜਨ ਕਰਨ ਵਾਲੇ ਸੇਵਕ ਨੂੰ) ਅਨੇਕਾਂ ਬਿਘਨਾਂ ਤੋਂ ਬਚਾ ਲੈਂਦੇ ਹਨ। (ਅਤੇ ਉਸ ਦੀ ਸੰਗਤ ਵਿਚ ਸੇਵਕ) ਹਰੀ ਦੇ ਗੁਣ ਗਾਉਂਦਾ ਹੈ ਤੇ ਅੰਮ੍ਰਿਤ ਨਾਮ ਦਾ ਰਸ ਚੱਖਦਾ ਹੈ। (ਜਿਸ ਸੇਵਕ ਨੇ) ਸੰਤਾਂ ਦੀ ਓਟ ਗ੍ਰਹਿਣ ਕੀਤੀ ਹੈ ਤੇ (ਉਨ੍ਹਾਂ ਦੇ) ਦਰ ਤੇ ਆਇਆ ਹੈ। ਨਾਨਕ ਗੁਰੂ ਜੀ ਆਖਦੇ ਹਨ, ਉਸ ਨੇ ਸਾਰੇ ਸੁਖ ਪਾ ਲਏ ਹਨ।੬।

ਪਦਾਰਥ = ਪੀਉ–ਪੀਵੋ। ਅਰਪਿ–ਭੇਟਾ ਕਰ ਦੇਹ। ਜੀਉ–ਮਨ; ਜਿੰਦ। ਧੂਰਿ–ਚਰਨ ਧੂੜ ਵਿਚ। ਵਡਭਾਗੀ–ਵੱਡੇ ਭਾਗਾਂ ਨਾਲ। ਰਾਖੈ –ਬਚਾਉਂਦਾ ਹੈ। ਰਸੁ–ਸੁਆਦ। ਚਾਖੈ–ਛਕਦਾ ਹੈ। ਗਹੀ–ਗ੍ਰਹਿਣ ਕੀਤੀ। ਸੰਤਹ ਦਰਿ–ਸੰਤਾਂ ਦੇ ਦਰ ਤੇ। ਤਿਹ–ਉਸ ਨੇ।੬।

ਮਿਰਤਕ ਕਉ ਜੀਵਾਲਨਹਾਰ ॥ ਭੂਖੇ ਕਉ ਦੇਵਤ ਅਧਾਰ ॥ ਸਰਬ ਨਿਧਾਨ ਜਾ ਕੀ ਦ੍ਰਿਸਟੀ ਮਾਹਿ ॥ ਪੁਰਬ ਲਿਖੇ ਕਾ ਲਹਣਾ ਪਾਹਿ ॥ ਸਭੁ ਕਿਛੁ ਤਿਸ ਕਾ ਓਹੁ ਕਰਣੈ ਜੋਗੁ ॥ ਤਿਸੁ ਬਿਨੁ ਦੂਸਰ ਹੋਆ ਨ ਹੋਗੁ ॥ ਜਪਿ ਜਨ ਸਦਾ ਸਦਾ ਦਿਨੁ ਰੈਣੀ ॥ ਸਭ ਤੇ ਊਚ ਨਿਰਮਲ ਇਹ ਕਰਣੀ ॥ ਕਰਿ ਕਿਰਪਾ ਜਿਸ ਕਉ ਨਾਮੁ ਦੀਆ ॥ ਨਾਨਕ ਸੋ ਜਨੁ ਨਿਰਮਲੁ ਥੀਆ ॥੭॥ (ਪ੍ਰਭੂ) ਮਰੇ ਹੋਏ ਜੀਵ ਨੂੰ ਜਿਉਂਦਾ ਕਰ ਦੇਣ ਵਾਲਾ ਹੈ; ਮਰੇ ਮਨ ਨੂੰ ਜਿਵਾਉਣ ਵਾਲਾ ਹੈ। ਭੁੱਖੇ ਮਨੁੱਖ ਨੂੰ (ਭੋਜਨ ਆਦਿ ਰਾਹੀਂ) ਆਸਰਾ ਦੇਂਦਾ ਹੈ। ਜਿਸ ਪ੍ਰਭੂ ਦੀ ਨਜਰ ਵਿਚ ਹੀ ਸਾਰੇ ਖਜਾਨੇ ਹਨ (ਜਿਸ ਨੂੰ ਕ੍ਰਿਪਾ ਦ੍ਰਿਸਟੀ ਨਾਲ ਤੱਕੇ, ਉਸ ਨੂੰ ਸਾਰੇ ਖਜਾਨੇ ਮਿਲ ਜਾਂਦੇ ਹਨ। ਪਰ ਜੀਵ ਪ੍ਰਭੂ ਤੋਂ) ਪਹਿਲਾਂ ਤੋਂ ਲਿਖੇ ਕਰਮਾਂ ਅਨੁਸਾਰ ਫਲ ਪ੍ਰਾਪਤ ਕਰਦੇ ਹਨ। ਸਭ ਕੁਛ ਉਸ ਪ੍ਰਭੂ ਦਾ ਹੈ ਤੇ ਉਹ (ਸਭ ਕੁਝ) ਕਰਨ ਦੇ ਯੋਗ ਹੈ। ਉਸ ਤੋਂ ਬਿਨਾ (ਸਭ ਕੁਛ ਕਰਨ ਦੇ ਸਮਰੱਥ) ਨਾ ਕੋਈ ਹੋਇਆ ਹੈ ਤੇ ਨਾ ਹੀ ਹੋਵੇਗਾ। ਹੇ ਜਨ! (ਜੇ ਕੁਛ ਹਾਸਲ ਕਰਨਾ ਹੈ, ਤਾਂ ਪ੍ਰਭੂ ਨੂੰ) ਦਿਨ ਰਾਤ ਸਦਾ ਸਦਾ ਜਪ। ਇਹ ਕਰਣੀ ਸਭ ਤੋਂ ਉਚੀ ਤੇ ਨਿਰਮਲ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਮੇਸਰ ਨੇ) ਕਿਰਪਾ ਕਰਕੇ ਜਿਸ ਨੂੰ ਨਾਮ ਬਖਸ਼ ਦਿਤਾ ਹੈ। ਉਹ ਪੁਰਖ ਪਵਿਤ੍ਰ ਹੋ ਗਿਆ ਹੈ।੭।

ਪਦਾਰਥ = ਮਿਰਤਕ–ਮੁਰਦਾ। ਕਉ–ਨੂੰ। ਜਿਵਾਲਨਹਾਰ–ਜਿਉਂਦਾ ਕਰਨ ਵਾਲਾ। ਦੇਵਤ–ਦੇਂਦਾ ਹੈ। ਅਧਾਰ–ਆਸਰਾ। ਸਰਬ–ਸਾਰੇ। ਨਿਧਾਨ–ਖਜਾਨੇ। ਦ੍ਰਿਸਟੀ ਮਾਹਿ–ਨਜਰ ਵਿਚ। ਪੁਰਬ–ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ। ਲਹਣਾ–ਫਲ। ਪਾਹਿ–ਪਾਉਂਦੇ ਹਨ। ਜੋਗੁ–ਲਾਇਕ; ਸਮਰੱਥ। ਦੂਸਰ–ਦੂਜਾ। ਹੋਗੁ–ਹੋਵੇਗਾ। ਰੈਣੀ–ਰਾਤ। ਕਰਣੀ–ਘਾਲ ਕਮਾਈ। ਥੀਆ–ਹੋਇਆ।੭।

ਜਾ ਕੈ ਮਨਿ ਗੁਰ ਕੀ ਪਰਤੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਭਗਤੁ ਭਗਤੁ ਸੁਨੀਐ ਤਿਹੁ ਲੋਇ ॥ ਜਾ ਕੈ ਹਿਰਦੈ ਏਕੋ ਹੋਇ ॥ ਸਚੁ ਕਰਣੀ ਸਚੁ ਤਾ ਕੀ ਰਹਤ ॥ ਸਚੁ ਹਿਰਦੈ ਸਤਿ ਮੁਖਿ ਕਹਤ ॥ ਸਾਚੀ ਦ੍ਰਿਸਟਿ ਸਾਚਾ ਅਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥ ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥੮॥੧੫॥ ਜਿਸ ਪੁਰਖ ਦੇ ਮਨ ਵਿਚ ਗੁਰੂ ਦੀ ਸ਼ਰਧਾ ਹੁੰਦੀ ਹੈ; ਭਰੋਸਾ ਬੱਝ ਗਿਆ ਹੈ (ਕਿ ਗੁਰੂ ਮੇਰੇ ਅੰਗ ਸੰਗ ਹੈ)। ਉਸ ਪੁਰਖ ਨੂੰ ਹਰੀ ਪ੍ਰਭੂ ਚੇਤੇ ਆਉਂਦਾ ਹੈ। (ਉਹ) ਤਿੰਨਾਂ ਲੋਕਾਂ ਵਿਚ ਭਗਤ ਭਗਤ ਕਰਕੇ ਸੁਣਿਆ ਜਾਂਦਾ ਹੈ (ਪ੍ਰਸਿੱਧ ਹੋ ਜਾਂਦਾ ਹੈ)। ਜਿਸ ਦੇ ਹਿਰਦੇ ਵਿਚ ਇਕ ਵਾਹਿਗੁਰੂ (ਦਾ ਨਿਵਾਸ) ਹੁੰਦਾ ਹੈ। ਉਸ ਦੀ (ਬਾਹਰਲੀ) ਕਰਣੀ ਸੱਚੀ ਹੈ ਤੇ (ਉਸ ਦੀ ਅੰਦਰਲੀ) ਰਹਿਤ ਵੀ ਸੱਚੀ ਹੈ। (ਉਸ ਦੇ) ਹਿਰਦੇ ਵਿਚ ਸੱਚ ਹੁੰਦਾ ਹੈ ਤੇ ਮੂੰਹੋਂ ਵੀ (ਉਹ) ਸੱਚ ਬੋਲਦਾ ਹੈ। ਉਸ ਮਨੁੱਖ ਦੀ ਨਜਰ ਸੱਚ ਵਾਲੀ ਹੁੰਦੀ ਹੈ ਤੇ (ਸਰੀਰ ਦਾ) ਅਕਾਰ ਵੀ ਸੱਚ ਰੂਪ ਹੈ (ਉਸ ਦੀ ਨਜਰ ਵਿਚ ਸੱਚ ਰੂਪ ਪ੍ਰਭੂ ਹੁੰਦਾ ਹੈ ਤੇ ਸਾਰਾ ਦ੍ਰਿਸਟਮਾਨ ਜਗਤ ਵੀ ਉਸ ਨੂੰ ਰੱਬ ਰੂਪ ਦਿਸਦਾ ਹੈ। ਉਹ) ਸੱਚ ਵਰਤਾਂਦਾ ਹੈ ਤੇ ਸਚ ਹੀ ਖਿਲਾਰਦਾ ਹੈ (ਉਸ ਦਾ ਕੰਮ ਕਾਜ, ਵਣਜ ਵਪਾਰ, ਲੈਣ ਦੇਣ ਤੇ ਵਰਤ ਵਿਹਾਰ ਸਭ ਸੱਚ ਦਾ ਹੁੰਦਾ ਹੈ); ਉਹ ਜਾਣਦਾ ਹੈ ਕਿ ਸੱਚਾ ਪ੍ਰਭੂ ਸਾਰੇ ਜੀਵਾਂ ਵਿਚ ਵਰਤ ਰਿਹਾ ਹੈ, ਇਸੇ ਕਰਕੇ ਉਸਦਾ ਇਹ ਪਸਾਰਾ ਵੀ ਸੱਚਾ ਹੈ (ਫ.ਸ.)। ਜਿਸ ਮਨੁੱਖ ਨੇ ਪਾਰਬ੍ਰਹਮ ਨੂੰ ਸੱਚ ਕਰਕੇ ਜਾਣਿਆ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੁਰਖ ਸਚ ਵਿਚ ਸਮਾ ਗਿਆ ਹੈ।੮।੧੫।

ਪਦਾਰਥ = ਜਾ ਕੈ–ਜਿਸ ਦੇ। ਪਰਤੀਤਿ–ਸ਼ਰਧਾ; ਭਰੋਸਾ। ਚੀਤਿ–ਚਿੱਤ ਵਿਚ। ਤਿਹੁ ਲੋਇ–ਤਿੰਨਾਂ ਲੋਕਾਂ ਵਿਚ। ਰਹਤ–ਅਮਲੀ ਜੀਵਨ। ਮੁਖਿ–ਮੂੰਹ ਤੋਂ। ਕਹਤ–ਬੋਲਦਾ ਹੈ। ਅਕਾਰੁ–ਸਰੀਰ; ਦਿਸਦਾ ਜਗਤ। ਪਾਸਾਰੁ–ਪਸਾਰਾ। ਸਮਾਤਾ–ਸਮਾ ਗਿਆ।੮।੧੫।

All Rights Reserved by Harjinder Singh Gyani | www.GuruGranthVakhyaan.org

ਸਲੋਕੁ ॥ ਰੂਪੁ ਨ ਰੇਖ ਨ ਰੰਗੁ ਕਿਛੁ ,ਤ੍ਰਿਹੁ ਗੁਣ ਤੇ ਪ੍ਰਭ ਭਿੰਨ ॥ ਤਿਸਹਿ ਬੁਝਾਏ ਨਾਨਕਾ, ਜਿਸੁ ਹੋਵੈ ਸੁਪ੍ਰਸੰਨ ॥੧॥ (ਜਿਸ ਪ੍ਰਭੂ ਦਾ) ਕੋਈ ਰੂਪ ਨਹੀਂ, ਚਿੰਨ੍ਹ ਨਹੀਂ ਤੇ ਨਾ ਹੀ ਕੋਈ (ਕਾਲਾ ਪੀਲਾ ਆਦਿ) ਰੰਗ ਹੈ, (ਉਹ) ਪ੍ਰਭੂ ਤਿੰਨਾਂ ਗੁਣਾਂ ਤੋਂ ਵੱਖਰਾ ਹੈ। ਨਾਨਕ ਗੁਰੂ ਜੀ ਆਖ ਰਹੇ ਹਨ ਕਿ ਜਿਸ ਮਨੁੱਖ ਉਤੇ ਉਹ ਚੰਗੀ ਤਰ੍ਹਾਂ ਪ੍ਰਸੰਨ ਹੁੰਦਾ ਹੈ, ਉਸ ਨੂੰ ਅਪਣਾ ਸਰੂਪ ਸਮਝਾ ਦੇਂਦਾ ਹੈ (ਤਿੰਨਾਂ ਗੁਣਾਂ ਵਿਚ ਰੂਪ ਰੰਗ ਤੇ ਰੇਖ ਹੁੰਦੇ ਹਨ, ਉਹ ਪ੍ਰਭੂ ਤ੍ਰਿਗੁਣ ਅਤੀਤ ਹੈ। ਫਿਰ ਵੀ ਉਹ ਭਗਤਾਂ ਦੀ ਆਤਮਾ ਵਿਚ ਅਪਣੇ ਆਪ ਦਾ ਅਨੁਭਵ ਕਰਾ ਦੇਂਦਾ ਹੈ)।੧।

ਪਦਾਰਥ = ਰੂਪੁ–(ਦਿਸਣ ਵਾਲਾ) ਅਕਾਰ; ਸ਼ਕਲ ਸੂਰਤ। ਰੇਖ–(ਇਕ ਦੂਜੇ ਤੋਂ ਵੱਖਰਾ ਕਰਨ ਦੇ) ਨਿਸ਼ਾਨ; ਚਿੰਨ੍ਹ; ਲਕੀਰਾਂ ਆਦਿ । ਤ੍ਰਿਹੁ ਗੁਣ–(ਮਾਇਆ ਦੇ) ਤਿੰਨ ਗੁਣ (ਰਜੋ ਗੁਣ, ਤਮੋ ਗੁਣ ਅਤੇ ਸਤੋ ਗੁਣ); ਨਿਰਗੁਣ। ਤੇ–ਤੋਂ। ਭਿੰਨ–ਨਿਰਲੇਪ; ਵੱਖਰਾ। ਤਿਸਹਿ–ਉਸ ਨੂੰ। ਬੁਝਾਏ–ਬੁਝਾ (ਸਮਝਾ) ਦੇਂਦਾ ਹੈ। ਸੁਪ੍ਰਸੰਨ–ਬਹੁਤ ਖੁਸ਼; ਚੰਗੀ ਤਰ੍ਹਾਂ ਪ੍ਰਸੰਨ।੧।

ਅਸਟਪਦੀ ॥ ਅਬਿਨਾਸੀ ਪ੍ਰਭੁ ਮਨ ਮਹਿ ਰਾਖੁ ॥ ਮਾਨੁਖ ਕੀ ਤੂ ਪ੍ਰੀਤਿ ਤਿਆਗੁ ॥ ਤਿਸ ਤੇ ਪਰੈ ਨਾਹੀ ਕਿਛੁ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥ ਆਪੇ ਬੀਨਾ ਆਪੇ ਦਾਨਾ ॥ ਗਹਿਰ ਗੰਭੀਰੁ ਗਹੀਰੁ ਸੁਜਾਨਾ ॥ (ਹੇ ਭਾਈ!) ਨਾਸ਼ ਰਹਿਤ ਪ੍ਰਭੂ ਨੂੰ ਮਨ ਵਿਚ ਯਾਦ ਰੱਖ। ਤੇ ਮਨੁੱਖ ਦੀ ਪ੍ਰੀਤੀ ਨੂੰ ਤੂੰ ਛਡ ਦੇਹ। ਉਸ ਪ੍ਰਭੂ ਤੋਂ ਪਰੇ ਕੁਛ (ਕਰਨ ਦੇ ਕੋਈ ਸਮਰੱਥ) ਨਹੀਂ ਹੈ। ਸਭ ਵਿਚ ਉਹ ਇਕ ਪ੍ਰਭੂ ਹੀ ਇਕ ਰਸ ਵਿਆਪਕ ਹੈ; ਸਭ ਦੇ ਅੰਦਰ ਉਹ ਇਕ ਪ੍ਰਭੂ ਇਉਂ ਸਮਾਇਆ ਹੋਇਆ ਹੈ, ਜਿਵੇਂ ਕੋਈ ਵਿੱਥ ਖਾਲੀ ਨ ਛੱਡੀ ਹੋਵੇ (ਸ਼ਬਦਾਰਥ)। ਆਪ ਹੀ (ਉਹ ਸਭ ਦੇ ਕਰਮਾਂ ਨੂੰ) ਦੇਖਣ ਵਾਲਾ ਤੇ ਆਪ ਹੀ (ਸਭ ਦੇ ਅੰਦਰ ਦੀਆਂ) ਜਾਨਣ ਵਾਲਾ ਹੈ। (ਪ੍ਰਭੂ ਬਹੁਤ) ਸਿਆਣਾ, ਅਡੋਲ, ਡੂੰਘਾ ਤੇ ਗੁਣਾਂ ਦਾ ਸਾਗਰ ਹੈ।

ਅੰਗ ੨੮੪ = ਪਾਰਬ੍ਰਹਮ ਪ੍ਰਮੇਸੁਰ ਗੋਬਿੰਦ ॥ ਕ੍ਰਿਪਾ ਨਿਧਾਨ ਦਇਆਲ ਬਖਸੰਦ ॥ਸਾਧ ਤੇਰੇ ਕੀ ਚਰਨੀ ਪਾਉ ॥ ਨਾਨਕ ਕੈ ਮਨਿ ਇਹੁ ਅਨਰਾਉ ॥੧॥ (ਅਰਦਾਸ ਕਰਦੇ ਹਨ) ਹੇ ਪਾਰਬ੍ਰਹਮ! ਹੇ ਪ੍ਰਮੇਸਰ! ਹੇ ਗੋਬਿੰਦ!। ਹੇ ਕ੍ਰਿਪਾ ਦੇ ਖਜਾਨੇ! ਹੇ ਦਇਆ ਕਰਨ ਵਾਲੇ! ਅਤੇ ਗੁਨਾਹ ਬਖਸ਼ਣ ਵਾਲੇ!। ਨਾਨਕ ਦੇ ਮਨ ਵਿਚ ਇਹ ਪ੍ਰੇਮ ਹੈ। (ਕਿ) ਮੈਂ ਤੇਰੇ ਸਾਧੂਆਂ ਦੇ ਚਰਨੀਂ ਪਵਾਂ।੧।

ਪਦਾਰਥ = ਅਬਿਨਾਸੀ–ਨਾਸ਼ ਰਹਿਤ ਪ੍ਰਭੂ। ਤਿਆਗੁ–ਛਡ ਦੇਹ। ਨਿਰੰਤਰਿ–ਪੂਰੀ ਤਰ੍ਹਾਂ ਅੰਦਰ। ਸੋਇ–ਉਹ। ਬੀਨਾ–ਦੇਖਣ ਵਾਲਾ। ਦਾਨਾ–ਜਾਨਣਵਾਲਾ। ਗਹਿਰ–ਡੂੰਘਾ। ਗੰਭੀਰ–ਅਡੋਲ। ਗਹੀਰ–ਸਾਗਰ। ਸੁਜਾਨਾ–ਸਿਆਣਾ। ਪਾਉ–ਪਵਾਂ। ਅਨਰਾਉ–ਪਿਆਰ।੧।

ਮਨਸਾ ਪੂਰਨ ਸਰਨਾ ਜੋਗ ॥ ਜੋ ਕਰਿ ਪਾਇਆ ਸੋਈ ਹੋਗੁ ॥ ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥ ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥ ਅਨਦ ਰੂਪ ਮੰਗਲ ਸਦ ਜਾ ਕੈ ॥ ਸਰਬ ਥੋਕ ਸੁਨੀਅਹਿ ਘਰਿ ਤਾ ਕੈ ॥ ਰਾਜ ਮਹਿ ਰਾਜੁ ਜੋਗ ਮਹਿ ਜੋਗੀ ॥ ਤਪ ਮਹਿ ਤਪੀਸਰੁ ਗ੍ਰਿਹਸਤ ਮਹਿ ਭੋਗੀ ॥ ਧਿਆਇ ਧਿਆਇ ਭਗਤਹ ਸੁਖੁ ਪਾਇਆ ॥ ਨਾਨਕ ਤਿਸੁ ਪੁਰਖ ਕਾ, ਕਿਨੈ ਅੰਤੁ ਨ ਪਾਇਆ ॥੨॥ (ਉਹ ਪ੍ਰਭੂ ਜੀਵਾਂ ਦੀਆਂ) ਇੱਛਾਵਾਂ ਪੂਰਨ ਕਰਨ ਵਾਲਾ ਅਤੇ ਸ਼ਰਣ ਦੇਣ ਦੇ ਯੋਗ ਹੈ (ਸ਼ਰਣ ਵਿਚ ਆਇਆਂ ਦੀ ਰੱਖਿਆ ਕਰਨ ਕਰਨ ਦੇ ਸਮਰੱਥ ਹੈ)। ਉਹ ਹੀ (ਫਲ ਪ੍ਰਾਪਤ) ਹੁੰਦਾ ਹੈ, ਜੋ ਉਸਨੇ (ਜੀਵਾਂ ਦੇ ਅੰਤਹਕਰਣ ਰੂਪ) ਹੱਥ ਤੇ ਲਿਖ ਕੇ ਪਾ ਦਿਤਾ ਹੈ ਭਾਵ ਜੋ ਕਿਸਮਤ ਵਿਚ ਲਿਖ ਕੇ ਪਾ ਦਿਤਾ ਹੈ (ਸਭ ਨੇ ਇਸੇ ਤਰ੍ਹਾਂ ਦਾ ਅਰਥ ਕੀਤਾ ਹੈ)। ਜਿਸ (ਪ੍ਰਭੂ) ਦੇ ਅੱਖ ਫਰਕਣ ਦੇ ਸਮੇਂ ਵਿਚ ਸ੍ਰਿਸਟੀ ਨਾਸ਼ ਤੇ (ਸਭ ਜੀਵਾਂ ਦੀ) ਪਾਲਣਾ ਹੁੰਦੀ ਹੈ। ਉਸ ਦੀ ਸਲਾਹ ਨੂੰ (ਉਸ ਤੋਂ ਬਿਨਾ) ਹੋਰ ਕੋਈ ਨਹੀਂ ਜਾਣਦਾ। (ਉਹ) ਅਨੰਦ ਸਰੂਪ ਹੈ ਅਤੇ ਜਿਸ ਦੇ ਘਰ ਵਿਚ ਸਦਾ ਹੀ ਖੁਸ਼ੀਆਂ ਹਨ। ਜਿਸ ਦੇ ਘਰ ਵਿਚ ਸਾਰੇ ਪਦਾਰਥਾਂ (ਦੇ ਭੰਡਾਰ ਲੱਗੇ ਹੋਏ) ਸੁਣੀਦੇ ਹਨ। (ਉਹ ਪ੍ਰਭੂ) ਰਾਜਿਆਂ ਵਿਚ ਰਾਜਾ ਹੈ ਤੇ ਜੋਗੀਆਂ ਵਿਚ ਜੋਗੀ ਹੈ। ਤਪੀਆਂ ਵਿਚੋਂ ਵੱਡਾ ਤਪੀਸਰ ਹੈ ਤੇ ਗ੍ਰਿਹਸਤੀਆਂ ਵਿਚ ਭੋਗੀ ਰੂਪ ਹੋ ਕੇ ਪ੍ਰਗਟ ਹੋ ਰਿਹਾ ਹੈ। ਭਗਤਾਂ ਨੇ (ਪ੍ਰਭੂ ਨੂੰ) ਧਿਆ ਧਿਆ ਕੇ ਸੁਖ ਪਾਇਆ ਹੈ (ਪ੍ਰਭੂ ਹਰ ਰੰਗ, ਹਰੇਕ ਜਗ੍ਹਾ ਵਿਆਪਕ ਪੂਰਣ ਤੇ ਵਸਣ ਵਾਲਾ ਹੈ। ਸਭ ਵਿਚ ਉਸ ਪ੍ਰਭੂ ਦੀ ਸ਼ਕਤੀ ਵਰਤ ਰਹੀ ਹੈ)। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਅਕਾਲ ਪੁਰਖ ਦਾ ਕਿਸੇ ਨੇ ਵੀ ਅੰਤ ਨਹੀਂ ਪਾਇਆ।੨।

ਪਦਾਰਥ = ਮਨਸਾ–ਇੱਛਾ; ਮਨ ਦਾ ਫੁਰਨਾ। ਸਰਨਾ ਜੋਗ–ਸ਼ਰਨ ਵਿਚ ਆਏ ਦੀ ਰੱਖਿਆ ਕਰਨ ਦੇ ਯੋਗ। ਕਰਿ–ਹੱਥ ਉਤੇ। ਸੋਈ –ਉਹ ਹੀ। ਹੋਗੁ–ਹੋਵੇਗਾ। ਜਾ ਕਾ–ਜਿਸ ਦਾ। ਨੇਤ੍ਰ ਫੋਰੁ–ਅੱਖ ਫਰਕਣ ਦੇ ਸਮੇਂ ਵਿਚ। ਹਰਨ–ਨਾਸ਼; ਪਰਲੋ। ਭਰਨ–ਪਾਲਣਾ। ਮੰਤ੍ਰ –ਸਲਾਹ; ਗੁੱਝਾ ਭੇਤ। ਮੰਗਲ–ਖੁਸ਼ੀਆਂ। ਥੋਕ–ਪਦਾਰਥ। ਤਪੀਸੁਰ–ਵੱਡੇ ਤਪੀਏ। ਭੋਗੀ–ਭੋਗਣ ਵਾਲਾ ਗ੍ਰਿਹਸਤੀ।੨।

ਜਾ ਕੀ ਲੀਲਾ ਕੀ ਮਿਤਿ ਨਾਹਿ ॥ ਸਗਲ ਦੇਵ ਹਾਰੇ ਅਵਗਾਹਿ ॥ ਪਿਤਾ ਕਾ ਜਨਮੁ ਕਿ ਜਾਨੈ ਪੂਤੁ ॥ ਸਗਲ ਪਰੋਈ ਅਪੁਨੈ ਸੂਤਿ ॥ ਸੁਮਤਿ ਗਿਆਨੁ ਧਿਆਨੁ ਜਿਨ ਦੇਇ ॥ ਜਨ ਦਾਸ ਨਾਮੁ ਧਿਆਵਹਿ ਸੇਇ ॥ ਤਿਹੁ ਗੁਣ ਮਹਿ ਜਾ ਕਉ ਭਰਮਾਏ ॥ ਜਨਮਿ ਮਰੈ ਫਿਰਿ ਆਵੈ ਜਾਇ ॥ ਊਚ ਨੀਚ ਤਿਸ ਕੇ ਅਸਥਾਨ ॥ ਜੈਸਾ ਜਨਾਵੈ ਤੈਸਾ ਨਾਨਕ ਜਾਨ ॥੩॥ ਜਿਸ ਪ੍ਰਭੂ ਦੀ (ਜਗਤ ਰਚਨਾ

All Rights Reserved by Harjinder Singh Gyani | www.GuruGranthVakhyaan.org

ਵਾਲੀ ਅਸਚਰਜ) ਖੇਡ ਦਾ ਕੋਈ ਅੰਦਾਜਾ ਨਹੀਂ ਲਗ ਸਕਦਾ; ਗਿਣਤੀ ਮਿਣਤੀ ਨਹੀਂ ਕਰ ਸਕਦਾ।(ਮਨੁੱਖ ਵਿਚਾਰਾ ਕੀ ਹੈ?) ਸਾਰੇ ਦੇਵਤੇ ਖੋਜ ਖੋਜ ਕੇ ਹਾਰ ਗਏ ਭਾਵ ਥੱਕ ਗਏ (ਪਰ ਜਗਤ ਲੀਲਾ ਦਾ ਤੇ ਪ੍ਰਭੂ ਦਾ ਅੰਤ ਨਹੀਂ ਪਾ ਸਕੇ।ਜਿਵੇਂ) ਪਿਤਾ ਦਾ ਜਨਮ ਪੁੱਤ੍ਰ ਕਿਵੇਂ ਜਾਣ ਸਕਦਾ ਹੈ? (ਤਿਵੇਂ ਲੀਲਾ ਰਚਨ ਵਾਲੇ ਨੂੰ ਨਹੀਂ ਜਾਣ ਸਕਦੇ।ਰਚਨਹਾਰ ਪਿਤਾ ਨੇ) ਸਾਰੀ ਸ੍ਰਿਸਟੀ ਅਪਣੇ ਹੁਕਮ ਜਾਂ ਸੱਤਾ ਰੂਪ ਧਾਗੇ ਵਿਚ ਪ੍ਰੋਈ ਹੋਈ ਹੈ।ਜਿਨ੍ਹਾਂ ਪੁਰਖਾਂ ਨੂੰ ਉਹ ਨੇਕ ਬੁੱਧੀ ਤੇ ਗਿਆਨ ਧਿਆਨ ਬਖਸ਼ ਦੇਂਦਾ ਹੈ।ਉਹ ਹੀ ਸੇਵਕ ਜਨ (ਹਰੀ ਦੇ) ਨਾਮ ਨੂੰ ਧਿਆਉਂਦੇ ਹਨ।(ਪਰ) ਜਿਸ ਮਨੁੱਖ ਨੂੰ ਮਾਇਆ ਦੇ ਤਿੰਨਾਂ ਗੁਣਾਂ ਵਿਚ ਭਰਮਾ ਦੇਂਦਾ ਹੈ।ਉਹ ਜੰਮਦਾ ਮਰਦਾ ਤੇ ਮੁੜ ਮੁੜ (ਜਗਤ ਵਿਚ) ਆਉਂਦਾ ਜਾਂਦਾ ਹੈ।ਉਚੇ ਨੀਵੇਂ ਅਸਥਾਨ ਉਸ (ਪ੍ਰਭੂ) ਦੇ ਸਿਰਜੇ ਹੋਏ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਜਿਸ ਮਨੁੱਖ ਨੂੰ) ਜੈਸਾ ਜਣਾਉਂਦਾ ਹੈ, ਤੈਸਾ (ਉਹ ਮਨੁੱਖ) ਜਾਣ ਲੈਂਦਾ ਹੈ (ਜਿਸ ਤਰ੍ਹਾਂ ਦੀ ਸਮਝ ਪ੍ਰਭੂ ਦੇਂਦਾ ਹੈ, ਉਸ ਤਰ੍ਹਾਂ ਦੀ ਸਮਝ ਵਾਲਾ ਜੀਵ ਬਣ ਜਾਂਦਾ ਹੈ)।੩।

ਪਦਾਰਥ = ਜਾ ਕੀ–ਜਿਸ ਦੀ।ਲੀਲਾ–ਖੇਡ।ਮਿਤਿ–ਅੰਦਾਜਾ; ਮਿਣਤੀ; ਹੱਦ।ਦੇਵ–ਦੇਵਤੇ।ਹਾਰੇ–ਹਾਰ ਗਏ।ਅਵਗਾਹਿ–ਖੋਜ ਕੇ। ਕਿ–ਕੀ; ਕਿਵੇਂ।ਸੂਤਿ–(ਹੁਕਮ ਜਾਂ ਸੱਤਾ ਰੂਪ) ਧਾਗੇ ਵਿਚ।ਸੁਮਤਿ–ਨੇਕ ਬੁੱਧੀ।ਦੇਇ–ਦੇਂਦਾ ਹੈ।ਸੇਇ–ਉਹ ਹੀ।ਤਿਹੁ ਗੁਣ– ਤਿੰਨਾਂ ਗੁਣਾਂ ਵਿਚ।ਭਰਮਾਏ–ਭਰਮ ਭੁਲੇਖੇ ਵਿਚ ਪਾਉਂਦਾ ਹੈ।ਫਿਰਿ–ਮੁੜ।ਜਨਾਵੈ–ਸਮਝਾਉਂਦਾ ਹੈ।ਜਾਨ–ਜਾਣਦਾ ਹੈ।੩।

ਉਚ ਨੀਚ ਅਸਥਾਨ = ਸੁਮਤਿ ਗਿਆਨ ਧਿਆਨ ਵਾਲੇ ਉਚੇ ਸਥਾਨ (ਜਿਥੇ ਖਲੋ ਕੇ ਉਸ ਦੀ ਖੇਡ ਨੂੰ ਦੇਖਦਾ ਹੈ ਤੇ ਨਾਮ ਜਪਣ ਲਗਦਾ ਹੈ)।ਮਨੁੱਖਾ ਜਨਮ ਉਚਾ ਟਿਕਾਣਾ।ਸਵੱਰਗ ਉਚਾ ਟਿਕਾਣਾ।ਉਚੀ ਪਦਵੀ।ਉਚੀ ਸਮਝ।ਨੀਚ–ਮਾਇਆ ਦੇ ਤਿੰਨਾਂ ਗੁਣਾਂ ਵਿਚ ਪੈ ਕੇ ਜਨਮ ਮਰਣ ਵਾਲੇ ਸਥਾਨ।ਨੀਵੀਆਂ ਜੂਨਾਂ ਨੀਵਾਂ ਟਿਕਾਣਾ।ਨਰਕ ਨੀਵਾਂ ਟਿਕਾਣਾ।ਮੂਰਖਤਾ ਨੀਵਾਂ ਸਥਾਨ।

ਨਾਨਾ ਰੂਪ ਨਾਨਾ ਜਾ ਕੇ ਰੰਗ ॥ ਨਾਨਾ ਭੇਖ ਕਰਹਿ ਇਕ ਰੰਗ ॥ ਨਾਨਾ ਬਿਧਿ ਕੀਨੋ ਬਿਸਥਾਰੁ ॥ ਪ੍ਰਭੁ ਅਬਿਨਾਸੀ ਏਕੰਕਾਰੁ ॥ ਨਾਨਾ ਚਲਿਤ ਕਰੇ ਖਿਨ ਮਾਹਿ ॥ ਪੂਰਿ ਰਹਿਓ ਪੂਰਨੁ ਸਭ ਠਾਇ ॥ ਨਾਨਾ ਬਿਧਿ ਕਰਿ ਬਨਤ ਬਨਾਈ ॥ ਅਪਨੀ ਕੀਮਤਿ ਆਪੇ ਪਾਈ ॥ ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥ ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥੪॥ ਜਿਸ ਪ੍ਰਭੂ ਦੇ ਅਨੇਕਾਂ ਰੂਪ (ਅਕਾਰ) ਹਨ ਤੇ ਅਨੇਕਾਂ (ਗੋਰਾ ਕਾਲਾ ਆਦਿ) ਰੰਗ ਹਨ।ਅਨੇਕਾਂ ਭੇਖ ਧਾਰਨ ਕਰਦਾ ਹੈ, (ਪਰ) ਆਪ ਇਕ ਰੰਗ (ਨਿਰਗੁਣ ਰੂਪ) ਵਿਚ ਰਹਿੰਦਾ ਹੈ।ਅਨੇਕਾਂ ਤਰ੍ਹਾਂ ਨਾਲ ਜਗਤ ਰਚਨਾ ਦਾ ਵਿਸਥਾਰ ਕੀਤਾ ਹੈ।(ਰਚਨਾ ਨਾਸ਼ਵੰਤ ਹੈ, ਪਰ ਉਹ ਆਪ) ਇਕੋ ਇਕ ਪ੍ਰਭੂ ਹੈ ਤੇ ਨਾਸ਼ ਰਹਿਤ ਹੈ।ਇਕ ਖਿਨ ਵਿਚ ਅਨੇਕਾਂ ਕੌਤਕ ਕਰ ਦੇਂਦਾ ਹੈ।ਉਹ ਪੂਰਨ ਪ੍ਰਭੂ ਸਭ ਥਾਈਂ ਵਿਆਪਕ ਹੋ ਰਿਹਾ ਹੈ।(ਉਸ ਨੇ) ਅਨੇਕਾਂ ਵਿਧੀਆਂ ਨਾਲ ਜਗਤ ਰਚਨਾ ਬਣਾਈ ਹੈ।ਅਪਣੀ ਕੀਮਤ ਆਪੇ ਪਾਈ ਹੈ (ਹੋਰ ਕਿਸੇ ਤੋਂ ਨਹੀਂ ਪਾਈ ਗਈ)।ਸਾਰੇ ਸਰੀਰ ਉਸ ਪ੍ਰਭੂ ਦੇ ਤੇ ਸਾਰੇ ਥਾਂ ਵੀ ਉਸ ਦੇ ਹੀ ਰਚੇ ਹੋਏ ਹਨ।ਨਾਨਕ (ਉਸ) ਹਰੀ ਦਾ ਨਾਉਂ ਜਪ ਜਪ ਕੇ ਜਿਉਂਦਾ ਹੈ।੪।

ਪਦਾਰਥ = ਨਾਨਾ–ਅਨੇਕ ਕਿਸਮਾਂ ਦੇ; ਬਹੁਤ ਪ੍ਰਕਾਰ ਦੇ।ਇਕ ਰੰਗ–ਇਕੋ ਰੰਗ (ਕਿਸਮ) ਦਾ।ਨਾਨਾ ਬਿਧਿ–ਅਨੇਕ ਤਰੀਕਿਆਂ ਨਾਲ।ਚਲਿਤ–ਕੌਤਕ; ਤਮਾਸ਼ੇ।ਪੂਰਿ ਰਹਿਓ–ਵਿਆਪਕ ਹੋ ਰਿਹਾ ਹੈ।ਠਾਇ–ਥਾਂ।ਬਨਤ–ਰਚਨਾ।ਘਟ–ਸਰੀਰ; ਵਜੂਦ।੪।

ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ ॥ ਨਾਮ ਕੇ ਧਾਰੇ ਆਗਾਸ ਪਾਤਾਲ ॥ ਨਾਮ ਕੇ ਧਾਰੇ ਸਗਲ ਆਕਾਰ ॥ ਨਾਮ ਕੇ ਧਾਰੇ ਪੁਰੀਆ ਸਭ ਭਵਨ ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ ॥ ਕਰਿ ਕਿਰਪਾ, ਜਿਸੁ ਆਪਨੈ ਨਾਮਿ ਲਾਏ ॥ ਨਾਨਕ ਚਉਥੇ ਪਦ ਮਹਿ, ਸੋ ਜਨੁ ਗਤਿ ਪਾਏ ॥੫॥ ਸਾਰੇ ਜੀਵ ਜੰਤ (ਪ੍ਰਭੂ ਦੇ) ਨਾਮ ਦੇ ਆਸਰੇ (ਕਿਰਿਆ ਸ਼ੀਲ) ਹਨ।(ਪ੍ਰਭੂ ਨੇ ਸਾਰੇ) ਖੰਡ ਬ੍ਰਹਮੰਡ ਨਾਮ ਦੇ ਆਸਰੇ ਟਿਕਾਏ ਹੋਏ ਹਨ; ਨਾਮ ਦੇ ਬਣਾਏ ਹੋਏ ਹਨ।ਬੇਦ, ਪੁਰਾਣ ਤੇ ਸਿਮ੍ਰਤੀਆਂ ਆਦਿ ਗ੍ਰੰਥ ਨਾਮ ਦੇ ਆਸਰੇ (ਹੋਂਦ ਵਿਚ ਆਏ) ਹਨ।ਗਿਆਨ ਦੀਆਂ ਗੱਲਾਂ ਸੁਣਨਾ ਤੇ ਸੁਰਤ ਦਾ ਜੋੜਨਾ ਨਾਮ ਦੇ ਆਸਰੇ ਹੈ।(ਸਾਰੇ) ਅਕਾਸ਼ ਪਤਾਲ ਨਾਮ ਦੇ ਆਸਰੇ ਟਿਕੇ ਹੋਏ ਹਨ।ਸਾਰੇ ਅਕਾਰ ਨਾਮ ਦੇ ਆਸਰੇ (ਅਪਣੀ ਜਗ੍ਹਾ ਤੇ ਟਿਕੇ ਹੋਏ) ਹਨ; ਨਾਮ ਦੇ ਬਣਾਏ ਹੋਏ ਹਨ।(ਬ੍ਰਹਮ ਪੁਰੀ ਸ਼ਿਵ ਪੁਰੀ ਆਦਿ) ਪੁਰੀਆਂ ਤੇ ਭਵਨ ਨਾਮ ਦੇ ਆਸਰੇ ਟਿਕੇ ਹੋਏ ਹਨ; ਨਾਮ ਦੇ ਬਣਾਏ ਹੋਏ ਹਨ।ਨਾਮ ਸਿਮਰਨ ਨੂੰ ਕੰਨਾਂ ਦੇ ਨਾਲ ਸੁਣ ਕੇ ਬਹੁਤ (ਜੀਵ) ਮੁਕਤ ਹੋ ਗਏ ਹਨ।(ਸਰਬ ਕਲਾ ਸਮਰੱਥ ਪ੍ਰਭੂ) ਕ੍ਰਿਪਾ ਕਰਕੇ ਜਿਸ ਮਨੁੱਖ ਨੂੰ ਅਪਣੇ ਨਾਮ ਵਿਚ ਲਾ ਲੈਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਉਹ ਪੁਰਖ ਚੌਥੇ ਪਦ ਵਿਚ ਪੁਜ ਕੇ ਮੁਕਤੀ ਪਾ ਲੈਂਦਾ ਹੈ।੫।

ਪਦਾਰਥ = ਧਾਰੇ–ਆਸਰਾ ਦੇ ਕੇ ਅਪਣੀ ਥਾਂ ਟਿਕਾ ਕੇ ਰੱਖੇ ਹੋਏ; ਬਣਾਏ।ਖੰਡ–ਹਿੱਸੇ (ਜਿਵੇਂ ਪ੍ਰਿਥਵੀ ਦੇ ਨੌਂ ਖੰਡ)।ਬ੍ਰਹਮੰਡ– ਗੋਲਾਕਾਰ ਜਗਤ।ਆਗਾਸ–ਅਕਾਸ਼।ਆਕਾਰ–ਸਰੀਰ; ਵਜੂਦ।ਪੁਰੀਆ–ਦੇਵਤਿਆਂ ਦੇ ਨਗਰ।ਭਵਨ–ਮੰਡਲ; ਦੇਸ਼।ਉਧਰੇ–ਤਰ ਗਏ।ਸ੍ਰਵਨ–ਕੰਨਾਂ ਨਾਲ।ਚਉਥੇ ਪਦ–ਮਾਇਆ ਦੇ ਤਿੰਨ ਗੁਣਾਂ ਤੋਂ ਉਪਰਲੀ ਅਵਸਥਾ।ਗਤਿ–ਮੁਕਤੀ।੫।

www.gurugranthvakhyaan.org

ਰੂਪੁ ਸਤਿ ਜਾ ਕਾ ਸਤਿ ਅਸਥਾਨੁ ॥ ਪੁਰਖੁ ਸਤਿ ਕੇਵਲ ਪਰਧਾਨੁ ॥ ਕਰਤੂਤਿ ਸਤਿ ਸਤਿ ਜਾ ਕੀ ਬਾਣੀ ॥ ਸਤਿ ਪੁਰਖ ਸਭ ਮਾਹਿ ਸਮਾਣੀ ॥ ਸਤਿ ਕਰਮੁ ਜਾ ਕੀ ਰਚਨਾ ਸਤਿ ॥ ਮੂਲੁ ਸਤਿ ਸਤਿ ਉਤਪਤਿ ॥ ਸਤਿ ਕਰਣੀ ਨਿਰਮਲ ਨਿਰਮਲੀ ॥ ਜਿਸਹਿ ਬੁਝਾਏ ਤਿਸਹਿ ਸਭ ਭਲੀ ॥ ਸਤਿ ਨਾਮੁ ਪ੍ਰਭ ਕਾ ਸੁਖਦਾਈ ॥ ਬਿਸ੍ਵਾਸੁ ਸਤਿ ਨਾਨਕ ਗੁਰ ਤੇ ਪਾਈ ॥੬॥ ਜਿਸ ਪ੍ਰਭੂ ਦਾ ਸਰੂਪ ਸਦੀਵੀ ਹੋਂਦ ਵਾਲਾ ਹੈ ਅਤੇ (ਜਿਸ ਦਾ ਸੱਚਖੰਡ) ਅਸਥਾਨ ਵੀ ਸਦਾ ਕਾਇਮ ਰਹਿਣ ਵਾਲਾ ਹੈ। ਕੇਵਲ ਸਰਬ ਵਿਆਪਕ ਪ੍ਰਭੂ ਸਦਾ ਕਾਇਮ ਰਹਿਣ ਵਾਲਾ ਹੈ ਤੇ (ਸਭ ਦਾ) ਮੁਖੀ ਹੈ। (ਜਿਸ ਦੇ) ਕੰਮ ਸੱਚੇ ਹਨ ਤੇ (ਉਸ ਦੀ ਨਾਮ) ਬਾਣੀ ਵੀ ਸੱਚੀ ਹੈ। ਸੱਚੇ ਪੁਰਖ (ਦੀ ਜੋਤ) ਸਭ ਵਿਚ ਸਮਾ ਰਹੀ ਹੈ। ਜਿਸ ਦਾ ਕਰਮ ਸੱਚਾ ਹੇ ਤੇ ਜਗਤ ਰਚਨਾ ਵੀ ਸੱਚੀ ਹੈ। (ਸਭ ਦਾ) ਮੂਲ ਪ੍ਰਭੂ ਸੱਚਾ ਹੈ ਤੇ (ਉਸ ਤੋਂ) ਪੈਦਾ ਹੋਈ (ਸ੍ਰਿਸਟੀ ਬੀ) ਸੱਚੀ ਹੈ। (ਉਸਦੀ) ਕਰਣੀ ਸੱਚੀ ਤੇ ਨਿਰਮਲ ਤੋਂ ਨਿਰਮਲੀ ਹੈ। ਜਿਸ ਪੁਰਖ ਨੂੰ ਸਮਝਾਉਂਦਾ ਹੈ, ਉਸ ਨੂੰ ਸਾਰੀ ਗੱਲ ਭਲੀ ਪ੍ਰਤੀਤ ਹੁੰਦੀ ਹੈ। (ਪ੍ਰਭੂ ਦਾ) ਸਤਿਨਾਮ ਮੰਤ੍ਰ ਸੁਖ ਦੇਣ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਸੱਤ ਨਾਮ ਉਤੇ) ਸੱਚਾ ਵਿਸ਼ਵਾਸ ਗੁਰੂ ਤੋਂ ਪ੍ਰਾਪਤ ਹੁੰਦਾ ਹੈ (ਵਿਕਾਰੀ ਜੀਵਾਂ ਦਾ ਭਰੋਸਾ ਸੱਚਾ ਨਹੀਂ ਹੁੰਦਾ)।੬।

ਪਦਾਰਥ = ਸਤਿ–ਅਟੱਲ; ਸਦਾ ਥਿਰ ਰਹਿਣ ਵਾਲਾ। ਜਾ ਕਾ–ਜਿਸਦਾ। ਪੁਰਖੁ–ਸਰਬ ਵਿਆਪਕ ਪ੍ਰਭੂ। ਪਰਧਾਨੁ–ਮੁਖੀ। ਕਰਤੂਤਿ–ਕੰਮ। ਮੂਲੁ–ਅਰੰਭਕ ਤੱਤ; ਪੈਦਾਇਸ਼ੀ ਤੱਤ। ਉਤਪਤਿ–ਪੈਦਾਇਸ਼; ਰਚਨਾ। ਕਰਣੀ–ਕੰਮ। ਭਲੀ–ਚੰਗੀ।੬।

ਸਤਿ ਬਚਨ ਸਾਧੂ ਉਪਦੇਸ ॥ ਸਤਿ ਤੇ ਜਨ ਜਾ ਕੈ ਰਿਦੈ ਪ੍ਰਵੇਸ ॥ ਸਤਿ ਨਿਰਤਿ ਬੂਝੈ ਜੇ ਕੋਇ ॥ ਨਾਮੁ ਜਪਤ ਤਾ ਕੀ ਗਤਿ ਹੋਇ ॥ ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ ॥ ਸਾਧੂ (ਗੁਰੂ) ਦੇ ਉਪਦੇਸ਼ ਰੂਪ ਬਚਨ ਸੱਚੇ (ਸਦਾ ਥਿਰ) ਹਨ। ਉਹ ਪੁਰਖ ਵੀ ਸੱਚੇ ਹਨ, ਜਿਨ੍ਹਾਂ ਦੇ ਹਿਰਦੇ ਵਿਚ (ਇਹ ਬਚਨ) ਪ੍ਰਵੇਸ਼ ਹੁੰਦੇ ਹਨ। ਜੇ ਕੋਈ ਮਨੁੱਖ ਸੱਤ ਨੂੰ (ਅਸੱਤ ਨਾਲੋਂ) ਨਿਖੇੜ ਕੇ ਸਮਝ ਲਵੇ। ਤਾਂ ਨਾਮ ਜਪਦਿਆਂ ਉਸ (ਮਨੁੱਖ) ਦੀ ਮੁਕਤੀ ਹੋ ਜਾਂਦੀ ਹੈ। (ਪ੍ਰਭੂ) ਆਪ ਸਦਾ ਥਿਰ ਰਹਿਣ ਵਾਲਾ ਹੈ ਤੇ (ਜੋ ਕੁਝ ਉਸ ਨੇ ਪੈਦਾ) ਕੀਤਾ ਹੈ (ਉਹ ਵੀ) ਸਭ ਸੱਚਾ ਹੈ (ਗੁਰੂ ਸਾਹਿਬ ਨੇ ਜਗਤ ਨੂੰ ਮਿਥਿਆ ਕਹਿਣ ਵਾਲਿਆਂ ਨੂੰ ਜਗਤ ਸਬੰਧੀ ਇਕ ਨਵਾਂ ਵਿਚਾਰ ਦਿਤਾ ਹੈ)। ਅਪਣੀ ਅਵਸਥਾ (ਜਿਥੇ ਤਕ ਉਸ ਦੀ ਪਹੁੰਚ ਹੈ) ਦਾ ਅੰਦਾਜਾ ਆਪ ਹੀ ਜਾਣਦਾ ਹੈ।

ਅੰਗ ੨੮੫ = ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ ॥ ਅਵਰ ਨ ਬੂਝਿ ਕਰਤ ਬੀਚਾਰੁ ॥ ਕਰਤੇ ਕੀ ਮਿਤਿ ਨ ਜਾਨੈ ਕੀਆ ॥ ਨਾਨਕ ਜੋ ਤਿਸੁ ਭਾਵੈ ਸੋ ਵਰਤੀਆ ॥੭॥ ਜਿਸ (ਪ੍ਰਭੂ) ਦੀ ਇਹ ਸ੍ਰਿਸਟੀ ਹੈ, ਉਹ (ਆਪ ਹੀ ਇਸ ਨੂੰ ਪੈਦਾ) ਕਰਣ ਵਾਲਾ ਹੈ। (ਉਹ ਜਗਤ ਨੂੰ ਪੈਦਾ ਕਰਨ ਦਾ) ਵਿਚਾਰ ਹੋਰ ਕਿਸੇ ਨੂੰ ਪੁਛ ਕੇ ਨਹੀਂ ਕਰਦਾ। ਕਰਤੇ ਪੁਰਖ ਦੀ ਮਰਿਆਦਾ ਨੂੰ (ਕਰਤੇ ਦਾ) ਪੈਦਾ ਕੀਤਾ ਜੀਵ ਨਹੀਂ ਜਾਣ ਸਕਦਾ। ਨਾਨਕ ਗੁਰੂ ਜੀ ਆਖਦੇ ਹਨ, ਜੋ ਕੁਛ ਉਸ ਪ੍ਰਭੂ ਨੂੰ ਭਾਉਂਦਾ ਹੈ, ਉਹ ਹੀ ਵਰਤਦਾ ਹੈ।੭।

ਪਦਾਰਥ = ਸਤਿ–ਸਦਾ ਥਿਰ; ਅਟੱਲ; ਸੱਚਾ। ਤੇ ਜਨ–ਉਹ ਪੁਰਖ। ਜਾ ਕੈ–ਜਿਨ੍ਹਾਂ ਦੇ। ਨਿਰਤਿ–ਨਿਣਨਾ; ਵਿਚਾਰ; ਅਸੱਤ; ਨਿਖੇੜ ਕੇ। ਤਾ ਕੀ–ਉਸ ਦੀ। ਗਤਿ–ਮੁਕਤੀ। ਕੀਆ–ਪੈਦਾ ਕੀਤਾ। ਮਿਤਿ–ਅੰਦਾਜਾ। ਗਤਿ–ਮਰਿਆਦਾ। ਅਵਰ–ਹੋਰ।੭।

ਸਤਿ ਨਿਰਤਿ = ਸੱਤ ਸਰੂਪ ਪ੍ਰਭੂ ਦਾ ਨਿਰਣਾ ਜੇ ਕੋਈ ਸਮਝ ਲਵੇ। ਜੇ ਕੋਈ ਸੱਤ ਅਸੱਤ ਨੂੰ ਜਾਣ ਲਵੇ (ਮ.ਕੋ.)।

ਬਿਸਮਨ ਬਿਸਮ ਭਏ ਬਿਸਮਾਦ ॥ ਜਿਨਿ ਬੂਝਿਆ ਤਿਸੁ ਆਇਆ ਸ੍ਵਾਦ ॥ ਪ੍ਰਭ ਕੈ ਰੰਗਿ ਰਾਚਿ ਜਨ ਰਹੇ ॥ ਗੁਰ ਕੈ ਬਚਨਿ ਪਦਾਰਥ ਲਹੇ ॥ ਓਇ ਦਾਤੇ ਦੁਖ ਕਾਟਨਹਾਰ ॥ ਜਾ ਕੈ ਸੰਗਿ ਤਰੈ ਸੰਸਾਰ ॥ ਜਨ ਕਾ ਸੇਵਕੁ ਸੋ ਵਡਭਾਗੀ ॥ ਜਨ ਕੈ ਸੰਗਿ ਏਕ ਲਿਵ ਲਾਗੀ ॥ ਗੁਨ ਗੋਬਿੰਦ ਕੀਰਤਨੁ ਜਨੁ ਗਾਵੈ ॥ ਗੁਰ ਪ੍ਰਸਾਦਿ ਨਾਨਕ ਫਲੁ ਪਾਵੈ ॥੮॥੧੬॥ (ਜਿਨ੍ਹਾਂ ਪੁਰਖਾਂ ਨੇ) ਅਸਚਰਜ ਰੂਪ (ਪ੍ਰਭੂ ਦੇ ਨਾਮ ਰਸ) ਨੂੰ ਅਨੁਭਵ ਕੀਤਾ ਹੈ, (ਉਹ) ਅਸਚਰਜ ਤੋਂ ਅਸਚਰਜ ਹੋ ਗਏ ਹਨ। ਜਿਸ ਨੇ (ਇਸ ਅਸਚਰਜ ਨੂੰ) ਸਮਝਿਆ ਹੈ, ਉਸ ਨੂੰ (ਇਸ ਦਾ) ਅਨੰਦ ਆਇਆ ਹੈ। (ਐਸੇ ਗੁਰਮੁਖ) ਜਨ ਪ੍ਰਭੂ ਦੇ ਪ੍ਰੇਮ ਵਿਚ ਰਚੇ ਰਹਿੰਦੇ ਹਨ। (ਉਨ੍ਹਾਂ ਨੇ) ਗੁਰੂ ਦੇ ਬਚਨਾਂ ਦੁਆਰਾ (ਨਾਮ ਤੇ ਪ੍ਰੇਮ) ਪਦਾਰਥ ਪ੍ਰਾਪਤ ਕੀਤੇ ਹਨ। ਉਹ (ਸਾਧੂ ਜਨ ਨਾਮ ਦੇ) ਦਾਤੇ ਹਨ ਤੇ ਦੁਖ ਕੱਟਣ ਵਾਲੇ ਹਨ। ਜਿਨ੍ਹਾਂ ਦੀ ਸੰਗ ਕਰਕੇ ਸੰਸਾਰ ਦੇ ਜੀਵ ਤਰ ਜਾਂਦੇ ਹਨ। (ਅਜੇਹੇ) ਦਾਸ ਦਾ ਜੋ ਸੇਵਕ ਬਣ ਜਾਂਦਾ ਹੈ, ਉਹ ਵੱਡੇ ਭਾਗਾਂ ਵਾਲਾ ਹੁੰਦਾ ਹੈ। (ਉਸ) ਦਾਸ ਦਾ ਸੰਗ ਕਰਕੇ ਇਕ ਪ੍ਰਭੂ ਵਿਚ ਲਿਵ ਲਗਦੀ ਹੈ। (ਜਿਹੜਾ) ਸੇਵਕ ਪ੍ਰਭੂ ਦੇ ਗੁਣਾਂ ਦਾ ਕੀਰਤਨ ਗਾਉਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਰੂ ਦੀ ਕ੍ਰਿਪਾ ਨਾਲ (ਉਹ ਸੇਵਕ ਪ੍ਰਭੂ ਦੀ ਪ੍ਰਾਪਤੀ ਰੂਪ) ਫਲ ਪਾ ਲੈਂਦਾ ਹੈ।੮।੧੬।

ਪਦਾਰਥ = ਬਿਸਮਨ ਬਿਸਮ–ਹੈਰਾਨ ਤੋਂ ਹੈਰਾਨ। ਭਏ–ਹੋਏ। ਜਿਨਿ–ਜਿਸ ਨੇ। ਸ੍ਵਾਦ–ਅਨੰਦ। ਰੰਗਿ–ਪ੍ਰੇਮ ਵਿਚ । ਰਾਚਿ ਰਹੇ–ਰਚੇ ਰਹਿੰਦੇ ਹਨ। ਲਹੇ–ਪ੍ਰਾਪਤ ਕੀਤੇ ਹਨ। ਓਇ–ਉਹ। ਸੋ–ਉਹ। ਏਕ–ਇਕ ਪ੍ਰਭੂ ਨਾਲ।੮।੧੬।

ਬਿਸਮਾਦ = ਹੈਰਾਨ; ਆਤਮ ਰਸ ਨੂੰ ਪ੍ਰਾਪਤ ਹੋ ਕੇ ਅੰਤਹਕਰਣ ਦੀ ਸਹਜ ਅਨੰਦ ਵਾਲੀ ਅਵਸਥਾ (ਮ.ਕੋ.); ਸਿਫਤ ਸਲਾਹ ਦੇ ਭਾਵ ਵਿਚ ਮਨ ਸੋਚ ਮੰਡਲ ਤੋਂ ਉਚਾ ਹੋ ਕੇ ਅਸਚਰਜ ਤੇ ਰਸ ਭਰੀ ਅਵਸਥਾ ਵਿਚ ਮਗਨ ਹੋ ਜਾਂਦਾ ਹੈ (ਗੁ.ਗ੍ਰੰ. ਸਾਹਿਬ ਕੋਸ਼)।

All Rights Reserved by Harjinder Singh Gyani | www.GuruGranthVakhyaan.org

ਸਲੋਕੁ ॥ ਆਦਿ ਸਚੁ ਜੁਗਾਦਿ ਸਚੁ ॥ ਹੈ ਭਿ ਸਚੁ ਨਾਨਕ ਹੋਸੀ ਭਿ ਸਚੁ ॥੧॥ (ਪ੍ਰਭੂ ਜਗਤ ਦੇ ਹੋਂਦ ਵਿਚ ਆਉਣ ਤੋਂ) ਪਹਿਲਾਂ ਵੀ ਸੱਚ ਸੀ, ਜੁੱਗਾਂ ਦੇ ਆਦਿ ਵਿਚ ਭੀ ਸੱਚ ਸੀ। ਹੁਣ ਭੀ ਸੱਚ ਹੈ ਅਤੇ ਹੇ ਨਾਨਕ! ਅੱਗੇ ਨੂੰ ਭੀ ਸੱਚ ਹੋਵੇਗਾ।੧।

ਪਦਾਰਥ = ਆਦਿ–ਜਗਤ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ। ਸਚੁ–ਸਦਾ ਕਾਇਮ ਰਹਿਣ ਵਾਲਾ ਪ੍ਰਮਾਤਮਾ। ਜੁਗਾਦਿ–ਜੁਗਾਂ ਦੇ ਅਰੰਭ ਵਿਚ (ਸਮਾਂ ਸ਼ੁਰੂ ਹੋਣ ਤੋਂ ਪਹਿਲਾਂ)। ਹੈ ਭਿ–ਹੁਣ ਭੀ (ਵਰਤਮਾਨ ਕਾਲ ਵਿਚ)। ਹੋਸੀ–ਭਵਿੱਖ ਵਿਚ ਵੀ ਹੋਵੇਗਾ।੧।

ਅਸਟਪਦੀ ॥ ਚਰਨ ਸਤਿ ਸਤਿ ਪਰਸਨਹਾਰ ॥ ਪੂਜਾ ਸਤਿ ਸਤਿ ਸੇਵਦਾਰ ॥ ਦਰਸਨੁ ਸਤਿ ਸਤਿ ਪੇਖਨਹਾਰ ॥ ਨਾਮੁ ਸਤਿ ਸਤਿ ਧਿਆਵਨਹਾਰ ॥ ਆਪਿ ਸਤਿ ਸਤਿ ਸਭ ਧਾਰੀ ॥ ਆਪੇ ਗੁਣ ਆਪੇ ਗੁਣਕਾਰੀ ॥ ਸਬਦੁ ਸਤਿ ਸਤਿ ਪ੍ਰਭੁ ਬਕਤਾ ॥ ਸੁਰਤਿ ਸਤਿ ਸਤਿ ਜਸੁ ਸੁਨਤਾ ॥ ਬੁਝਨਹਾਰ ਕਉ ਸਤਿ ਸਭ ਹੋਇ ॥ ਨਾਨਕ ਸਤਿ ਸਤਿ ਪ੍ਰਭੁ ਸੋਇ ॥੧॥ (ਪ੍ਰਭੂ ਦੇ) ਚਰਨ ਸੱਤ ਹਨ ਤੇ ਉਨ੍ਹਾਂ ਚਰਨਾਂ ਨੂੰ ਪਰਸਨ ਵਾਲੇ (ਪੁਰਖ) ਸੱਤ ਹਨ। (ਪ੍ਰਭੂ ਦੀ) ਪੂਜਾ ਸੱਤ ਹੈ (ਅਤੇ ਪੂਜਾ ਕਰਨ ਵਾਲੇ) ਸੇਵਾਦਾਰ ਵੀ ਸੱਤ ਹਨ। (ਪ੍ਰਭੂ ਦਾ) ਦਰਸ਼ਨ ਸੱਤ ਹੈ ਅਤੇ (ਦਰਸ਼ਨ) ਦੇਖਣ ਵਾਲੇ ਵੀ ਸੱਤ ਹਨ। (ਪ੍ਰਭੂ ਦਾ) ਨਾਮ ਸੱਚਾ ਹੈ ਤੇ (ਨਾਮ ਨੂੰ) ਧਿਆਉਣ ਵਾਲੇ ਵੀ ਸੱਚੇ ਹਨ। (ਪ੍ਰਭੂ) ਆਪ ਸੱਚਾ ਹੈ, ਆਸਰਾ ਦੇ ਕੇ ਟਿਕਾਈ ਹੋਈ ਰਚਨਾ ਵੀ ਸੱਚੀ ਹੈ। ਆਪੇ (ਪ੍ਰਭੂ ਬੇਅੰਤ) ਗੁਣਾਂ ਵਾਲਾ ਹੈ ਤੇ ਆਪੇ ਗੁਣ ਕਰਨ (ਗੁਣ ਦੇਣ) ਵਾਲਾ ਹੈ। ਸ਼ਬਦ ਸੱਚਾ ਹੈ ਤੇ ਸ਼ਬਦ ਨੂੰ ਉਚਾਰਨ ਵਾਲਾ ਪ੍ਰਭੂ ਸੱਚਾ ਹੈ। (ਪ੍ਰਭੂ ਦਾ) ਜਸ ਸੱਚਾ ਹੈ ਤੇ (ਜਸ ਨੂੰ) ਧਿਆਨ ਨਾਲ ਸੁਣਨ ਵਾਲਾ ਸ੍ਰੋਤਾ ਵੀ ਸੱਚਾ ਹੈ। ਗਿਆਨਵਾਨ ਨੂੰ ਸਭ ਕੁਝ ਸੱਚ ਪ੍ਰਤੀਤ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪ੍ਰਭੂ ਹੀ (ਸਦਾ ਸਦਾ ਲਈ) ਸੱਚ ਹੈ ਸੱਚ ਹੈ; ਤ੍ਰੈ ਕਾਲ ਅਤੀਤ ਸੱਤ ਹੈ।੧।

ਪਦਾਰਥ = ਸਤਿ–ਸਦਾ ਥਿਰ ਰਹਿਣ ਵਾਲਾ; ਅਟੱਲ। ਪਰਸਨਹਾਰ–(ਚਰਨਾਂ ਨੂੰ) ਛੁਹਣ ਵਾਲਾ। ਸੇਵਦਾਰ–ਸੇਵਾ ਕਰਨ ਵਾਲੇ; ਪੂਜਾ ਕਰਨ ਵਾਲੇ ਪੁਜਾਰੀ। ਪੇਖਨਹਾਰ–ਦੇਖਣ ਵਾਲੇ। ਸਭ–ਸਾਰੀ (ਸ੍ਰਿਸਟੀ ਰਚਨਾ)। ਧਾਰੀ–ਆਸਰਾ ਦੇ ਕੇ ਟਿਕਾਈ ਹੋਈ। ਗੁਣਕਾਰੀ–ਗੁਣ (ਦੇਣ ਜਾਂ ਪੈਦਾ ਕਰਨ) ਵਾਲਾ; ਉਪਕਾਰੀ। ਬਕਤਾ–ਉਚਾਰਨ ਵਾਲਾ। ਸੁਰਤਿ–ਧਿਆਨ ਨਾਲ। ਸੁਨਤਾ–ਸੁਣਨ ਵਾਲਾ ਸ੍ਰੋਤਾ। ਬੁਝਨਹਾਰ–ਸਮਝਣ ਵਾਲਾ; ਗਿਆਨ ਵਾਨ। ਕਉ–ਨੂੰ; ਲਈ। ਸੋਇ–ਉਹ ਹੀ।੧।

ਸਤਿ ਸਰੂਪੁ ਰਿਦੈ ਜਿਨਿ ਮਾਨਿਆ ॥ ਕਰਨ ਕਰਾਵਨ ਤਿਨਿ ਮੂਲੁ ਪਛਾਨਿਆ ॥ ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ ॥ ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ ਭੈ ਤੇ ਨਿਰਭਉ ਹੋਇ ਬਸਾਨਾ ॥ ਜਿਸ ਤੇ ਉਪਜਿਆ, ਤਿਸੁ ਮਾਹਿ ਸਮਾਨਾ ॥ ਬਸਤੁ ਮਾਹਿ ਲੇ ਬਸਤੁ ਗਡਾਈ ॥ ਤਾ ਕਉ ਭਿੰਨ ਨ ਕਹਨਾ ਜਾਈ ॥ ਬੂਝੈ ਬੂਝਨਹਾਰੁ ਬਿਬੇਕ ॥ ਨਾਰਾਇਨ ਮਿਲੇ ਨਾਨਕ ਏਕ ॥੨॥ ਜਿਸ ਨੇ ਸੱਤ ਸਰੂਪ ਪ੍ਰਭੂ ਨੂੰ ਹਿਰਦੇ ਵਿਚ ਮੰਨ ਲਿਆ (ਅਨੁਭਵ ਕਰ ਲਿਆ ਕਿ ਪ੍ਰਭੂ ਦਾ ਸਰੂਪ ਸੱਤ ਹੈ)। ਉਸ ਪੁਰਖ ਨੇ (ਸਭ ਕੁਝ) ਕਰਨ ਵਾਲੇ ਅਤੇ (ਜੀਵਾਂ ਪਾਸੋਂ) ਕਰਾਉਣ ਵਾਲੇ ਮੂਲ ਰੂਪ ਪ੍ਰਭੂ ਨੂੰ ਪਛਾਣ ਲਿਆ ਹੈ। ਜਿਸ ਦੇ ਹਿਰਦੇ ਵਿਚ ਪ੍ਰਭੂ ਦਾ ਯਕੀਨ ਆਇਆ ਹੈ। ਉਸ ਦੇ ਹਿਰਦੇ ਵਿਚ ਆਤਮ ਗਿਆਨ ਪ੍ਰਗਟ ਹੋ ਆਇਆ ਹੈ। (ਫਿਰ ਉਹ) ਭੈ ਤੋਂ ਨਿਰਭੈ ਹੋ ਕੇ (ਸੰਸਾਰ ਵਿਚ) ਵਸਦਾ ਹੈ। ਜਿਸ (ਸੱਤ ਸਰੂਪ ਤੋਂ ਉਹ) ਪੈਦਾ ਹੋਇਆ ਹੈ, ਉਸੇ ਵਿਚ ਸਮਾ ਗਿਆ ਹੈ। ਜਿਵੇਂ ਕਿਸੇ ਵਸਤੂ ਵਿਚ ਵਸਤੂ ਮਿਲਾ ਦਿਤੀ ਜਾਵੇ। ਉਸ (ਰਲੀ ਹੋਈ ਵਸਤੂ ਨੂੰ) ਵੱਖਰਾ ਨਹੀਂ ਕਿਹਾ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ, ਇਸ ਵਿਚਾਰ ਨੂੰ ਕੋਈ ਸਮਝਣ ਵਾਲਾ ਹੀ ਸਮਝਦਾ ਹੈ। ਕਿ (ਉਪਰਲੀ ਮਿਸਾਲ ਵਾਂਗ) ਹਰੀ ਨਾਲ ਮਿਲ ਕੇ ਉਸਦਾ ਸੇਵਕ ਇਕ ਰੂਪ ਹੋ ਜਾਂਦਾ ਹੈ।੨।

ਪਦਾਰਥ = ਸਤਿ ਸਰੂਪੁ–ਸੱਤ ਹੈ ਜਿਸ ਦਾ ਵਜੂਦ; ਸੱਤ ਰੂਪ ਕਰਤਾਰ। ਰਿਦੈ–ਹਿਰਦੇ ਵਿਚ। ਜਿਨਿ–ਜਿਸ ਨੇ। ਤਿਨਿ–ਉਸ ਨੇ। ਮੂਲੁ–(ਸਭ ਦਾ) ਮੁੱਢ। ਜਾ ਕੈ–ਜਿਸ ਦੇ। ਬਿਸ੍ਵਾਸ–ਭਰੋਸਾ; ਸ਼ਰਧਾ। ਤਤੁ ਗਿਆਨੁ–ਆਤਮ ਗਿਆਨ; ਸੱਚਾ ਗਿਆਨ। ਭੈ ਤੇ–ਡਰ ਤੋਂ। ਬਸਾਨਾ–ਵਸਦਾ ਹੈ। ਸਮਾਨਾ–ਲੀਨ ਹੋ ਗਿਆ। ਬਸਤੁ–ਚੀਜ। ਗਡਾਈ–ਮਿਲਾ ਦਿਤੀ। ਭਿੰਨ–ਵਖਰਾ। ਬਿਬੇਕ–ਵਿਚਾਰ; ਪਰਖ।੨।

ਉਪਰਲੇ ਪਦਿਆਂ ਵਿਚ ਵਾਹਿਗੁਰੂ ਦਾ ਸਰੂਪ ਦਸਿਆ ਹੈ ਅਤੇ ਵਾਹਿਗੁਰੂ ਨੂੰ ਮੰਨਣ ਵਾਲਾ ਉਸੇ ਦਾ ਰੂਪ ਹੋ ਗਿਆ ਦਸਿਆ ਹੈ। ਕੀ ਸੇਵਕ ਵਾਹਿਗੁਰੂ ਰੂਪ ਹੋ ਕੇ ਉਸ ਦੀ ਬਰਾਬਰੀ ਕਰ ਸਕਦਾ ਹੈ? ਅੱਗੇ ਇਸ ਦਾ ਉਤਰ ਤੇ ਸੇਵਕ ਦੀ ਰਹਿਤ ਦਸਦੇ ਹਨ =

ਠਾਕੁਰ ਕਾ ਸੇਵਕੁ ਆਗਿਆਕਾਰੀ ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ ॥ ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ ॥ ਠਾਕੁਰ ਕਉ ਸੇਵਕੁ ਜਾਨੈ ਸੰਗਿ ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ ॥ ਸੇਵਕ ਕਉ ਪ੍ਰਭ ਪਾਲਨਹਾਰਾ ॥ ਸੇਵਕ ਕੀ ਰਾਖੈ ਨਿਰੰਕਾਰਾ ॥ ਸੋ ਸੇਵਕੁ ਜਿਸੁ ਦਇਆ ਪ੍ਰਭੁ ਧਾਰੈ ॥ ਨਾਨਕ ਸੋ ਸੇਵਕੁ ਸਾਸਿ ਸਾਸਿ ਸਮਾਰੈ ॥੩॥ ਪ੍ਰਭੂ ਦਾ ਸੇਵਕ (ਅਪਣੇ ਮਾਲਕ ਦੀ) ਆਗਿਆ ਮੰਨਣ ਵਾਲਾ ਹੁੰਦਾ ਹੈ। ਪ੍ਰਭੂ ਦਾ ਸੇਵਕ ਸਦਾ (ਪ੍ਰਭੂ ਦੀ) ਪੂਜਾ ਕਰਨ ਵਾਲਾ ਹੈ (ਸੇਵਕ ਅਪਣੀ ਪੂਜਾ ਨਹੀਂ ਕਰਾਉਂਦਾ)। ਪ੍ਰਭੂ ਦੇ ਸੇਵਕ ਦੇ ਮਨ ਵਿਚ (ਪ੍ਰਭੂ ਤੇ ਪੂਰਨ) ਭਰੋਸਾ ਹੁੰਦਾ ਹੈ। ਪ੍ਰਭੂ ਦੇ ਸੇਵਕ ਦੀ ਰਹਿਣੀ ਨਿਰਮਲ ਹੁੰਦੀ ਹੈ। (ਅਜੇਹਾ) ਸੇਵਕ ਪ੍ਰਭੂ ਨੂੰ (ਅਪਣੇ) ਨਾਲ ਵਸਦਾ ਜਾਣਦਾ ਹੈ। ਪ੍ਰਭੂ ਦਾ ਸੇਵਕ ਨਾਮ ਦੇ ਪ੍ਰੇਮ ਵਿਚ ਰਹਿੰਦਾ ਹੈ। ਸੇਵਕ ਨੂੰ

All Rights Reserved by Harjinder Singh Gyani | www.GuruGranthVakhyaan.org

ਪ੍ਰਭੂ (ਮਾਤਾ ਪਿਤਾ ਵਾਂਗ) ਪਾਲਣ ਵਾਲਾ ਹੈ।(ਅਜੇਹੇ) ਸੇਵਕ ਦੀ ਨਿਰੰਕਾਰ (ਪੈਜ) ਰੱਖਦਾ ਹੈ।ਸੇਵਕ ਉਹ ਹੈ, ਜਿਸ ਉਪਰ ਪ੍ਰਭੂ ਦਇਆ ਦ੍ਰਿਸਟੀ ਧਾਰਦਾ ਹੈ।ਨਾਨਕ ਗੁਰੂ ਜੀ ਆਖਦੇ ਹਨ, ਉਹ ਸੇਵਕ (ਪ੍ਰਭੂ ਨੂੰ) ਸੁਆਸ ਸੁਆਸ ਚੇਤੇ ਕਰਦਾ ਹੈ।੩।

ਪਦਾਰਥ = ਠਾਕੁਰ–ਸੁਆਮੀ; ਪ੍ਰਭੂ।ਆਗਿਆਕਾਰੀ–ਆਗਿਆ ਮੰਨਣ ਵਾਲਾ।ਪੂਜਾਰੀ–ਪੂਜਾ ਕਰਨ ਵਾਲਾ।ਪਰਤੀਤਿ–ਭਰੋਸਾ; ਸ਼ਰਧਾ।ਨਿਰਮਲ–ਪਵਿਤ੍ਰ।ਰੀਤਿ–ਰਹਿਣੀ।ਕਉ–ਨੂੰ।ਰੰਗਿ–ਪ੍ਰੇਮ ਵਿਚ।ਧਾਰੈ–ਧਾਰਣ ਕਰਦਾ ਹੈ।ਸਮਾਰੈ–ਚੇਤੇ ਕਰਦਾ ਹੈ।੩।

ਅਪੁਨੇ ਜਨ ਕਾ ਪਰਦਾ ਢਾਕੈ ॥ ਅਪਨੇ ਸੇਵਕ ਕੀ ਸਰਪਰ ਰਾਖੈ ॥ ਅਪਨੇ ਦਾਸ ਕਉ ਦੇਇ ਵਡਾਈ ॥ ਅਪਨੇ ਸੇਵਕ ਕਉ ਨਾਮੁ ਜਪਾਈ ॥ ਅਪਨੇ ਸੇਵਕ ਕੀ ਆਪਿ ਪਤਿ ਰਾਖੈ ॥ ਤਾ ਕੀ ਗਤਿ ਮਿਤਿ ਕੋਇ ਨ ਲਾਖੈ ॥ ਪ੍ਰਭ ਕੇ ਸੇਵਕ ਕਉ ਕੋ ਨ ਪਹੂਚੈ ॥ ਪ੍ਰਭ ਕੇ ਸੇਵਕ ਊਚ ਤੇ ਊਚੇ ॥ ਜੋ ਪ੍ਰਭਿ ਅਪਨੀ ਸੇਵਾ ਲਾਇਆ ॥ ਨਾਨਕ ਸੋ ਸੇਵਕੁ ,ਦਹ ਦਿਸਿ ਪ੍ਰਗਟਾਇਆ ॥੪॥ (ਪ੍ਰਭੂ) ਅਪਨੇ ਸੇਵਕ ਦਾ ਪੜਦਾ ਢਕਦਾ ਹੈ।(ਉਹ) ਅਪਣੇ ਸੇਵਕ ਦੀ (ਪੈਜ) ਜਰੂਰ ਰਖਦਾ ਹੈ।(ਉਹ) ਅਪਣੇ ਸੇਵਕ ਨੂੰ ਵਡਿਆਈ ਦੇਂਦਾ ਹੈ।(ਉਹ) ਅਪਣੇ ਸੇਵਕ ਨੂੰ ਨਾਮ ਜਪਾਉਂਦਾ ਹੈ।(ਪ੍ਰਭੂ) ਅਪਣੇ ਸੇਵਕ ਦੀ ਆਪ ਇੱਜਤ ਰੱਖਦਾ ਹੈ।ਉਸ (ਸੇਵਕ) ਦੀ ਉਚੀ ਅਵਸਥਾ ਤੇ (ਵਡੱਪਣ ਦਾ) ਅੰਦਾਜਾ ਕੋਈ ਨਹੀ ਜਾਣ ਸਕਦਾ।ਪ੍ਰਭੂ ਦੇ ਸੇਵਕ ਨੂੰ ਕੋਈ ਨਹੀਂ ਪਹੁੰਚ ਸਕਦਾ ਭਾਵ ਉਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।(ਕਿਉਂਕਿ) ਪ੍ਰਭੂ ਦੇ ਸੇਵਕ ਉਚੇ ਤੋਂ ਉਚੇ ਹਨ।ਜੋ (ਮਨੁੱਖ) ਪ੍ਰਭੂ ਨੇ ਅਪਣੀ ਸੇਵਾ ਵਿਚ ਲਾਇਆ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹਰੀ ਨੇ) ਉਹ ਸੇਵਕ ਦਸੇ ਦਿਸ਼ਾਵਾਂ ਵਿਚ ਪ੍ਰਗਟ ਕਰ ਦਿਤਾ ਹੈ।੪।

ਪਦਾਰਥ = ਜਨ ਕਾ–ਸੇਵਕ ਦਾ।ਪਰਦਾ–ਪੜਦਾ।ਢਾਕੈ–ਢਕਦਾ ਹੈ।ਸਰਪਰ–ਜਰੂਰ।ਰਾਖੈ–(ਲਾਜ) ਰੱਖਦਾ ਹੈ।ਪਤਿ–ਇੱਜਤ। ਤਾ ਕੀ–ਉਸ ਦੀ।ਗਤਿ ਮਿਤਿ–ਉਚੀ ਅਵਸਥਾ ਦਾ ਅੰਦਾਜਾ; ਆਤਮ ਵਿਦਿਆ ਦੀ ਹੱਦ; ਗਿਆਨ ਤੇ ਮਰਿਆਦਾ (ਮ.ਕੋ.)।ਨ ਲਾਖੈ–ਨਹੀਂ ਜਾਣਦਾ।ਕੋ ਨ–ਕੋਈ ਨਹੀਂ।ਸੋ–ਉਹ।ਦਹ ਦਿਸਿ–ਦਸੇ ਦਿਸ਼ਾਵਾਂ ਵਿਚ; ਸਾਰੀ ਦੁਨੀਆਂ ਵਿਚ।੪।

ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥ ਜਿਸ ਕਾ ਸਾਸੁ ਨ ਕਾਢਤ ਆਪਿ ॥ ਤਾ ਕਉ ਰਾਖਤ ਦੇ ਕਰਿ ਹਾਥ ॥ (ਜੇ ਪ੍ਰਭੂ) ਨਿੱਕੀ ਕੀੜੀ ਵਿਚ ਅਪਣੀ ਤਾਕਤ ਰੱਖ ਦੇਵੇ।(ਤਾਂ ਉਹ ਕੀੜੀ) ਲੱਖਾਂ ਕ੍ਰੋੜਾਂ ਫੌਜਾਂ ਨੂੰ ਸੁਆਹ ਕਰ ਸਕਦੀ ਹੈ। ਜਿਸ (ਮਨੁੱਖ) ਦਾ ਸੁਆਸ ਪ੍ਰਭੂ ਆਪ ਨਹੀ ਕੱਢਦਾ।ਉਸ ਨੂੰ (ਪ੍ਰਭੂ) ਹੱਥ ਦੇ ਕਰਕੇ (ਵੈਰੀਆਂ ਤੋਂ) ਰੱਖ ਲੈਂਦਾ ਹੈ।

ਅੰਗ ੨੮੬ = ਮਾਨਸ ਜਤਨ ਕਰਤ ਬਹੁ ਭਾਤਿ ॥ ਤਿਸ ਕੇ ਕਰਤਬ ਬਿਰਥੇ ਜਾਤਿ ॥ ਮਾਰੈ ਨ ਰਾਖੈ ਅਵਰੁ ਨ ਕੋਇ ॥ ਸਰਬ ਜੀਆ ਕਾ ਰਾਖਾ ਸੋਇ ॥ ਕਾਹੇ ਸੋਚ ਕਰਹਿ ਰੇ ਪ੍ਰਾਣੀ ॥ ਜਪਿ ਨਾਨਕ ਪ੍ਰਭ ਅਲਖ ਵਿਡਾਣੀ ॥੫॥ ਮਨੁੱਖ (ਅਪਣੇ ਵੱਲੋਂ) ਬਹੁਤ ਤਰ੍ਹਾਂ ਦੇ ਜਤਨ ਕਰਦਾ ਹੈ।(ਪਰ) ਉਸ ਦੇ ਕੰਮ ਬਿਅਰਥ ਜਾਂਦੇ ਹਨ (ਮਨੁੱਖ ਕਿਸੇ ਨੂੰ ਮਾਰਨ ਜਾਂ ਬਚਾਉਣ ਦੇ ਜਤਨ ਕਰਦਾ ਹੈ। ਪਰ ਜੇ ਪ੍ਰਭੂ ਦੀ ਮਰਜੀ ਨਾ ਹੋਵੇ, ਤਾਂ ਮਨੁਖ ਦਾ ਕੀਤਾ ਜਤਨ ਨਿਸਫਲ ਹੁੰਦਾ ਹੈ।ਪ੍ਰਭੂ ਤੋਂ ਬਿਨਾ) ਨਾ ਕੋਈ ਮਾਰ ਸਕਦਾ ਹੈ ਤੇ ਨਾ ਹੋਰ ਕੋਈ ਬਚਾ ਸਕਦਾ ਹੈ।ਸਾਰੇ ਜੀਵਾਂ ਦਾ ਰਾਖਾ ਉਹ (ਪ੍ਰਭੂ) ਹੀ ਹੈ।ਹੇ ਪ੍ਰਾਣੀ! (ਤੂੰ) ਫਿਕਰ ਕਿਉਂ ਕਰਦਾ ਹੈਂ।ਨਾਨਕ ਗੁਰੂ ਜੀ ਆਖਦੇ ਹਨ, ਮਨ ਬੁੱਧੀ ਦੀ ਸਮਝ ਤੋਂ ਪਰੇ ਜੋ ਅਚਰਜ ਰੂਪ ਵਾਹਿਗੁਰੂ ਹੈ, (ਤੂੰ ਉਸ ਦਾ) ਸਿਮਰਨ ਕਰ।੫।

ਪਦਾਰਥ = ਨੀਕੀ–ਨਿੱਕੀ; ਛੋਟੀ।ਕੀਰੀ–ਕੀੜੀ।ਕਲ–ਤਾਕਤ।ਭਸਮ–ਸੁਆਹ।ਲਸਕਰ–ਫੌਜਾਂ।ਕੋਟਿ–ਕ੍ਰੋੜ।ਲਾਖੈ–ਲੱਖਾਂ।ਨ ਕਾਢਤ–ਨਹੀਂ ਕੱਢਦਾ।ਤਾ ਕਉ–ਉਸ ਨੂੰ।ਮਾਨਸ–ਮਨੁੱਖ।ਬਹੁ ਭਾਤਿ–ਬਹੁਤ ਤਰ੍ਹਾਂ ਦੇ।ਤਿਸ ਕੇ–ਉਸ ਦੇ।ਕਰਤਬ–ਕੰਮ।ਬਿਰਥੇ –ਬਿਅਰਥ।ਜਾਤ–ਜਾਂਦੇ ਹਨ।ਅਵਰੁ–ਹੋਰ।ਸੋਇ–ਉਹ ਹੀ।ਕਾਹੇ–ਕਿਉਂ।ਅਲਖ–ਸਮਝਣ ਰਹਿਤ।ਵਿਡਾਣੀ–ਅਸਚਰਜ।੫।

ਬਾਰੰ ਬਾਰ ਬਾਰ ਪ੍ਰਭੁ ਜਪੀਐ ॥ ਪੀ ਅੰਮ੍ਰਿਤੁ ਇਹੁ ਮਨੁ ਤਨੁ ਧ੍ਰਪੀਐ ॥ ਨਾਮ ਰਤਨੁ ਜਿਨਿ ਗੁਰਮੁਖਿ ਪਾਇਆ ॥ ਤਿਸੁ ਕਿਛੁ ਅਵਰੁ ਨਾਹੀ ਦ੍ਰਿਸਟਾਇਆ ॥ ਨਾਮੁ ਧਨੁ ਨਾਮੋ ਰੂਪੁ ਰੰਗੁ ॥ ਨਾਮੋ ਸੁਖੁ ਹਰਿ ਨਾਮ ਕਾ ਸੰਗੁ ॥ ਨਾਮ ਰਸਿ ਜੋ ਜਨ ਤ੍ਰਿਪਤਾਨੇ ॥ ਮਨ ਤਨ ਨਾਮਹਿ ਨਾਮਿ ਸਮਾਨੇ ॥ ਊਠਤ ਬੈਠਤ ਸੋਵਤ ਨਾਮ ॥ ਕਹੁ ਨਾਨਕ ਜਨ ਕੈ ਸਦ ਕਾਮ ॥੬॥ (ਹੇ ਭਾਈ! ਮਨ ਬਾਣੀ ਤੇ ਸਰੀਰ ਕਰਕੇ) ਬਾਰ ਬਾਰ ਪ੍ਰਭੂ ਨੂੰ ਜਪਣਾ ਚਾਹੀਦਾ ਹੈ।ਇਹ (ਨਾਮ ਰੂਪ) ਅੰਮ੍ਰਿਤ ਪੀ ਕੇ ਮਨ ਤੇ ਤਨ ਨੂੰ ਤ੍ਰਿਪਤ ਕਰ ਲਈਏ। ਨਾਮ ਰਤਨ ਜਿਸ ਗੁਰਮੁਖ ਨੇ ਪਾ ਲਿਆ ਹੈ।ਉਸ ਨੂੰ (ਨਾਮ ਰਤਨ ਦੇ ਬਰਾਬਰ) ਹੋਰ ਕੁਛ ਨਜਰ ਨਹੀਂ ਆਇਆ।ਨਾਮ ਹੀ (ਉਸ ਦਾ) ਧਨ ਹੈ ਤੇ ਨਾਮ ਹੀ (ਉਸ ਦਾ ਸੁੰਦਰ) ਰੂਪ ਰੰਗ ਹੈ।ਨਾਮ ਹੀ (ਉਸ ਦਾ) ਸੁਖ ਹੈ ਤੇ ਹਰੀ ਦੇ ਨਾਮ ਦਾ ਹੀ (ਉਸ ਨੂੰ) ਸਾਥ ਹੈ।ਜੋ ਪੁਰਖ ਨਾਮ ਰਸ ਨਾਲ ਰੱਜ ਗਏ ਹਨ।(ਉਨ੍ਹਾਂ ਦੇ) ਮਨ ਤੇ ਤਨ ਕੇਵਲ ਨਾਮ ਵਿਚ ਸਮਾਏ ਰਹਿੰਦੇ ਹਨ।ਨਾਨਕ ਗੁਰੂ ਜੀ ਆਖਦੇ ਹਨ, ਉਠਦਿਆਂ ਬੈਠਦਿਆਂ ਤੇ ਸੌਂਦਿਆਂ (ਹਰ ਵੇਲੇ) ਪ੍ਰਭੂ ਦਾ ਨਾਮ ਜਪਣਾ ਹੀ ਸੇਵਕਾਂ ਦਾ ਸਦਾ ਕੰਮ ਹੁੰਦਾ ਹੈ।੬।

ਪਦਾਰਥ = ਧ੍ਰਪੀਐ–ਰਜਾ ਲਈਏ।ਜਿਨਿ–ਜਿਸ ਨੇ।ਅਵਰੁ–ਹੋਰ।ਦ੍ਰਿਸਟਾਇਆ–ਨਜਰ ਆਇਆ।ਸੰਗੁ–ਸਾਥ।ਰਸਿ–ਸੁਆਦ ਨਾਲ।ਜੋ ਜਨ–ਜਿਹੜੇ ਪੁਰਖ।ਤ੍ਰਿਪਤਾਨੇ–ਰੱਜ ਗਏ ਹਨ।ਸਮਾਨੇ–ਸਮਾਏ ਹਨ।ਕਾਮ–ਕੰਮ।੬।

All Rights Reserved by Harjinder Singh Gyani | www.GuruGranthVakhyaan.org

ਬੋਲਹੁ ਜਸੁ ਜਿਹਬਾ ਦਿਨੁ ਰਾਤਿ ॥ ਪ੍ਰਭਿ ਅਪਨੈ ਜਨ ਕੀਨੀ ਦਾਤਿ ॥ ਕਰਹਿ ਭਗਤਿ ਆਤਮ ਕੈ ਚਾਇ ॥ ਪ੍ਰਭ ਅਪਨੇ ਸਿਉ ਰਹਹਿ ਸਮਾਇ ॥ ਜੋ ਹੋਆ ਹੋਵਤ ਸੋ ਜਾਨੈ ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ ॥ ਤਿਸ ਕੀ ਮਹਿਮਾ ਕਉਨ ਬਖਾਨਉ ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ ॥ ਆਠ ਪਹਰ ਪ੍ਰਭ ਬਸਹਿ ਹਜੂਰੇ ॥ ਕਹੁ ਨਾਨਕ ਸੇਈ ਜਨ ਪੂਰੇ ॥੭॥ (ਹੇ ਭਾਈ! ਅਪਣੀ) ਜੀਭ ਨਾਲ ਦਿਨ ਰਾਤ ਪ੍ਰਭੂ ਦਾ ਜਸ ਉਚਾਰਦੇ ਰਹੋ। ਪ੍ਰਭੂ ਨੇ ਇਹ ਦਾਤ ਅਪਨੇ ਸੇਵਕਾਂ ਨੂੰ ਬਖਸ਼ਿਸ ਕੀਤੀ ਹੈ। (ਪ੍ਰਭੂ ਦੇ ਸੇਵਕ) ਮਨ ਦੇ ਚਾਉ ਨਾਲ ਭਗਤੀ ਕਰਦੇ ਹਨ। ਅਤੇ ਅਪਣੇ ਪ੍ਰਭੂ ਨਾਲ ਸਮਾਏ ਰਹਿੰਦੇ ਹਨ। ਜੋ ਕੁਛ ਹੋਇਆ ਹੈ, ਉਹ ਜਾਣਦੇ ਹਨ (ਕਿ ਹਰੀ ਵੱਲੋਂ ਹੀ) ਹੁੰਦਾ ਹੈ। (ਕਿਉਂਕਿ ਉਹ ਸੇਵਕ) ਅਪਣੇ ਪ੍ਰਭੂ ਦੇ ਹੁਕਮ ਨੂੰ ਪਛਾਣਦੇ ਹਨ। (ਮੈਂ) ਉਸ ਸੇਵਕ ਦੀ ਕਿਹੜੀ ਮਹਿਮਾਂ ਬਿਆਨ ਕਰਾਂ। (ਮੈਂ ਤਾਂ) ਉਸਦਾ ਇਕ ਗੁਣ ਵੀ ਕਹਿਣਾ ਨਹੀਂ ਜਾਣਦਾ। (ਜਿਹੜੇ ਸੇਵਕ) ਅੱਠੇ ਪਹਿਰ ਪ੍ਰਭੂ ਦੀ ਹਜੂਰੀ ਵਿਚ ਵਸਦੇ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਪੂਰਨ ਪੁਰਖ ਹਨ।੭।

ਪਦਾਰਥ = ਜਿਹਬਾ–ਜੀਭ ਨਾਲ। ਜਨ–ਸੇਵਕਾਂ ਨੂੰ। ਕੀਨੀ–ਕੀਤੀ ਹੈ। ਚਾਇ–ਚਾਉ (ਉਤਸ਼ਾਹ) ਨਾਲ। ਸਿਉ–ਨਾਲ। ਰਹਹਿ ਸਮਾਇ –ਲੀਨ ਰਹਿੰਦੇ ਹਨ। ਕਉਨ–ਕਿਹੜੀ। ਬਖਾਨਉ–ਆਖਾਂ। ਹਜੂਰੇ–ਹਜੂਰੀ ਵਿਚ। ਬਸਹਿ–ਵਸਦੇ ਹਨ। ਸੇਈ–ਉਹ।੭।

ਮਨ ਮੇਰੇ ਤਿਨ ਕੀ ਓਟ ਲੇਹਿ ॥ ਮਨੁ ਤਨੁ ਅਪਨਾ ਤਿਨ ਜਨ ਦੇਹਿ ॥ ਜਿਨਿ ਜਨਿ ਅਪਨਾ ਪ੍ਰਭੂ ਪਛਾਤਾ ॥ ਸੋ ਜਨੁ ਸਰਬ ਥੋਕ ਕਾ ਦਾਤਾ ॥ ਤਿਸ ਕੀ ਸਰਨਿ ਸਰਬ ਸੁਖ ਪਾਵਹਿ ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ ॥ ਅਵਰ ਸਿਆਨਪ ਸਗਲੀ ਛਾਡੁ ॥ ਤਿਸੁ ਜਨ ਕੀ ਤੂ ਸੇਵਾ ਲਾਗੁ ॥ ਆਵਨੁ ਜਾਨੁ ਨ ਹੋਵੀ ਤੇਰਾ ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ ॥੮॥੧੭॥ ਹੇ ਮੇਰੇ ਮਨ! ਉਨ੍ਹਾਂ (ਵਾਹਿਗੁਰੂ ਦੀ ਹਜੂਰੀ ਵਿਚ ਵਸਣ ਵਾਲੇ ਸੇਵਕਾਂ) ਦੀ ਤੂੰ ਓਟ ਲੈ। ਉਨ੍ਹਾਂ ਸੇਵਕਾਂ ਨੂੰ ਅਪਣਾ ਤਨ ਮਨ ਭੇਟਾ ਕਰ ਦੇਹ। ਜਿਸ ਸੇਵਕ ਨੇ ਅਪਣੇ ਪ੍ਰਭੂ ਨੂੰ ਪਛਾਣ ਲਿਆ ਹੈ। ਉਹ ਸੇਵਕ ਸਾਰੇ ਪਦਾਰਥਾਂ ਦਾ ਦਾਤਾ ਹੁੰਦਾ ਹੈ। ਉਸ ਦੀ ਸ਼ਰਣ ਵਿਚ ਪੈ ਕੇ (ਤੂੰ) ਸਾਰੇ ਸੁਖ ਪਾ ਲਵੇਂਗਾ। ਉਸ ਦੇ ਦਰਸ਼ਨ ਕਰਕੇ (ਤੂੰ) ਸਾਰੇ ਪਾਪ ਮਿਟਾ ਲਵੇਂਗਾ। ਹੋਰ ਸਾਰੀਆਂ ਸਿਆਣਪਾਂ (ਤੂੰ) ਛਡ ਦੇਹ। ਉਸ ਸੇਵਕ ਦੀ ਸੇਵਾ ਵਿਚ ਤੂੰ ਲਗ ਜਾਹ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਸੇਵਕ ਦੇ ਪੈਰਾਂ ਨੂੰ ਸਦਾ ਪੂਜਦਾ ਰਹੁ। (ਫਿਰ ਸੰਸਾਰ ਵਿਚ) ਤੇਰਾ ਆਉਣਾ ਜਾਣਾ (ਬਾਰ ਬਾਰ ਜਨਮ ਮਰਣ) ਨਹੀਂ ਹੋਵੇਗਾ।੮।੧੭।

ਪਦਾਰਥ = ਤਿਨ ਕੀ–ਉਨ੍ਹਾਂ ਦੀ। ਓਟ–ਆਸਰਾ। ਜਨ–ਸੇਵਕਾਂ ਨੂੰ। ਜਨਿ–ਸੇਵਕ ਨੇ। ਸੋ–ਉਹ। ਸਰਬ–ਸਾਰੇ। ਥੋਕ–ਪਦਾਰਥ। ਅਵਰ–ਹੋਰ। ਆਵਨੁ ਜਾਨੁ–ਆਉਣਾ ਜਾਣਾ (ਜੰਮਣ ਮਰਨਾ)। ਪੈਰਾ–ਚਰਨਾਂ ਨੂੰ।੮।੧੭।

ਸਲੋਕੁ ॥ ਸਤਿ ਪੁਰਖੁ ਜਿਨਿ ਜਾਨਿਆ, ਸਤਿਗੁਰੁ ਤਿਸ ਕਾ ਨਾਉ ॥ ਤਿਸ ਕੈ ਸੰਗਿ ਸਿਖੁ ਉਧਰੈ, ਨਾਨਕ ਹਰਿ ਗੁਨ ਗਾਉ ॥੧॥ ਜਿਸ ਨੇ ਸਤਿ ਪੁਰਖ (ਪ੍ਰਭੂ) ਨੂੰ ਜਾਣ ਲਿਆ ਹੈ, ਉਸ ਦਾ ਨਾਉ ਸਤਿਗੁਰੂ ਹੈ। ਨਾਨਕ ਗੁਰੂ ਜੀ ਆਖਦੇ ਹਨ, ਜਿਹੜਾ ਸਿੱਖ ਉਸ (ਗੁਰੂ) ਦੀ ਸੰਗਤ ਵਿਚ (ਮਿਲ ਕੇ) ਹਰੀ ਦੇ ਗੁਣ ਗਾਉਂਦਾ ਹੈ, (ਉਹ ਸੰਸਾਰ ਸਾਗਰ ਤੋਂ) ਤਰ ਜਾਂਦਾ ਹੈ।੧।

ਪਦਾਰਥ = ਸਤਿ–ਸਦਾ ਕਾਇਮ ਰਹਿਣ ਵਾਲਾ। ਪੁਰਖੁ–ਸਰਬ ਵਿਆਪਕ ਪ੍ਰਭੂ। ਜਿਨਿ–ਜਿਸ ਨੇ। ਉਧਰੈ–ਤਰ ਜਾਂਦਾ ਹੈ।੧।

ਨੋਟ = ਇਸ ਸਲੋਕ ਤੇ ਅਸਟਪਦੀ ਵਿਚ ਸਤਿਗੁਰੂ ਤੇ ਸਿੱਖ ਦੇ ਲੱਛਣ ਦੱਸੇ ਹਨ। ਸਿੱਖ ਨੂੰ ਗੁਰੂ ਦੀ ਲੋੜ ਤੇ ਫਲ ਦਸਿਆ ਹੈ।

ਅਸਟਪਦੀ ॥ ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ ॥ ਸੇਵਕ ਕਉ ਗੁਰੁ ਸਦਾ ਦਇਆਲ ॥ ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ ॥ ਗੁਰ ਬਚਨੀ ਹਰਿ ਨਾਮੁ ਉਚਰੈ ॥ ਸਤਿਗੁਰੁ ਸਿਖ ਕੇ ਬੰਧਨ ਕਾਟੈ ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ ॥ ਸਤਿਗੁਰੁ ਸਿਖ ਕਉ ਨਾਮ ਧਨੁ ਦੇਇ ॥ ਗੁਰ ਕਾ ਸਿਖੁ ਵਡਭਾਗੀ ਹੇ ॥ ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ ॥੧॥ ਸਤਿਗੁਰੂ ਸਿਖ ਦੀ ਪਾਲਣਾ ਕਰਦਾ ਹੈ। (ਅਪਣੇ) ਸੇਵਕ ਉਤੇ ਗੁਰੂ ਸਦਾ ਦਿਆਲ ਹੁੰਦੇ ਹਨ। ਗੁਰੂ ਸਿੱਖ ਦੀ ਖੋਟੀ ਬੁੱਧੀ ਦੀ ਮੈਲ ਦੂਰ ਕਰਦਾ ਹੈ। (ਸਿੱਖ) ਗੁਰੂ ਦੇ ਬਚਨਾਂ ਦੁਆਰਾ ਹਰੀ ਦਾ ਨਾਮ ਜਪਦਾ ਹੈ। ਸਤਿਗੁਰੂ ਸਿੱਖ ਦੇ (ਮੋਹ ਮਾਇਆ ਦੇ) ਬੰਧਨ ਕੱਟ ਦਿੰਦਾ ਹੈ। ਗੁਰੂ ਦਾ ਸਿੱਖ ਵਿਕਾਰਾਂ ਤੋਂ ਹਟ ਜਾਂਦਾ ਹੈ (ਇਥੇ ਸ਼ਰਤ ਵਾਲੀ ਗਲ ਨਹੀਂ ਕਿ ਸਿੱਖ ਵਿਕਾਰਾਂ ਤੋਂ ਹਟੇ ਤਾਂ ਗੁਰੂ ਬੰਧਨ ਕਟਦਾ ਹੈ। ਸਿੱਖ ਲਈ ਗੁਰੂ ਜੋ ਕਰਦਾ ਹੈ, ਉਹ ਦਸਿਆ ਹੈ, ਇਹ ਸਭ ਗੁਰੂ ਦੀ ਕ੍ਰਿਪਾ ਸਦਕਾ ਸਿੱਖ ਕਰਦਾ ਹੈ)। ਸਤਿਗੁਰੂ ਸਿੱਖ ਨੂੰ ਨਾਮ ਧਨ ਦਿੰਦਾ ਹੈ। (ਇਸ ਲਈ) ਗੁਰੂ ਦਾ ਸਿੱਖ ਵੱਡੇ ਭਾਗਾਂ ਵਾਲਾ ਹੈ। ਸਤਿਗੁਰੂ ਸਿੱਖ ਦਾ ਲੋਕ ਪ੍ਰਲੋਕ ਸੁਆਰ ਦੇਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਤਿਗੁਰੂ ਸਿੱਖ ਨੂੰ ਦਿਲ (ਦੇ ਪਿਆਰ) ਨਾਲ ਸੰਭਾਲਦਾ ਹੈ; ਯਾਦ ਰੱਖਦਾ ਹੈ।੧।

ਪਦਾਰਥ = ਪ੍ਰਤਿਪਾਲ–ਪਾਲਣਾ। ਕਉ–ਨੂੰ; ਉਤੇ। ਦੁਰਮਤਿ–ਖੋਟੀ ਬੁਧੀ। ਮਲੁ–ਮੈਲ। ਹਿਰੈ–ਦੂਰ ਕਰਦਾ ਹੈ। ਹਾਟੈ–ਹਟ ਜਾਂਦਾ ਹੈ। ਦੇਇ–ਦੇਂਦਾ ਹੈ। ਹੇ–ਹੈ। ਹਲਤੁ–ਇਹ ਲੋਕ। ਪਲਤੁ–ਪਰਲੋਕ। ਜੀਅ ਨਾਲਿ–ਦਿਲ ਨਾਲ। ਸਮਾਰੈ–ਸੰਭਾਲਦਾ; ਯਾਦ ਕਰਦਾ ਹੈ ੧।

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ ਆਪਸ ਕਉ ਕਰਿ ਕਛੁ ਨ ਜਨਾਵੈ ॥ ਹਰਿ ਹਰਿ ਨਾਮੁ

ਰਿਦੈ ਸਦ ਧਿਆਵੈ ॥ ਮਨ ਬੇਚੈ ਸਤਿਗੁਰ ਕੈ ਪਾਸਿ ॥ ਤਿਸੁ ਸੇਵਕ ਕੇ ਕਾਰਜ ਰਾਸਿ ॥ ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥ ਜਿਹੜਾ ਸੇਵਕ (ਸਿਖਿਆ ਲੈਣ ਲਈ) ਗੁਰੂ ਦੇ ਘਰ ਵਿਚ ਆ ਕੇ ਰਹਿੰਦਾ ਹੈ। ਤੇ ਗੁਰੂ ਦੀ ਆਗਿਆ ਮਨ ਵਿਚ (ਸੱਤ ਕਰਕੇ) ਮੰਨ ਲੈਂਦਾ ਹੈ। (ਉਹ) ਅਪਣੇ ਆਪ ਨੂੰ ਕੁਛ ਕਰਕੇ ਨਹੀਂ ਜਣਾਉਂਦਾ। ਅਤੇ ਸਦਾ ਹਿਰਦੇ ਵਿਚ ਹਰਿ ਹਰਿ ਨਾਮ ਨੂੰ ਧਿਆਉਂਦਾ ਹੈ। (ਜਿਹੜਾ ਸੇਵਕ ਅਪਣੇ) ਮਨ ਨੂੰ ਸਤਿਗੁਰੂ ਦੇ ਪਾਸ ਵੇਚ ਦਿੰਦਾ ਹੈ। ਉਸ ਸੇਵਕ ਦੇ (ਸਾਰੇ) ਕਾਰਜ ਪੂਰੇ ਹੋ ਜਾਂਦੇ ਹਨ। (ਜਿਹੜਾ ਸੇਵਕ) ਸੇਵਾ ਕਰਦਾ ਹੋਇਆ ਕਾਮਨਾ ਤੋਂ ਰਹਿਤ ਹੁੰਦਾ ਹੈ। ਉਸ ਨੂੰ ਪ੍ਰਭੂ ਪ੍ਰਾਪਤ ਹੋ ਜਾਂਦਾ ਹੈ।

**ਅੰਗ ੨੮੭** = ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨॥ ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ (ਸੇਵਕ) ਉਤੇ ਪ੍ਰਭੂ ਆਪ ਕ੍ਰਿਪਾ ਕਰਦਾ ਹੈ। ਉਹ ਸੇਵਕ ਗੁਰੂ ਦੀ ਸਿਖਿਆ ਲੈਂਦਾ ਹੈ।੨।

ਪਦਾਰਥ = ਗ੍ਰਿਹਿ–ਘਰ ਵਿਚ; ਸੰਗਤ ਵਿਚ। ਸਹੈ–ਧਾਰਦਾ; ਮੰਨਦਾ ਹੈ (ਮ.ਕੋ.)। ਆਪਸ ਕਉ–ਅਪਣੇ ਆਪ ਨੂੰ। ਨ ਜਨਾਵੈ–ਨਹੀਂ ਜਣਾਉਂਦਾ। ਬੇਚੈ–ਵੇਚਦਾ (ਹਵਾਲੇ ਕਰਦਾ) ਹੈ। ਰਾਸਿ–ਸਫਲ; ਪੂਰੇ। ਨਿਹਕਾਮੀ–ਇੱਛਾ ਰਹਿਤ। ਹੋਤ–ਹੁੰਦਾ ਹੈ।੨।

ਬੀਸ ਬਿਸਵੇ ਗੁਰ ਕਾ ਮਨੁ ਮਾਨੈ ॥ ਸੋ ਸੇਵਕੁ ਪਰਮੇਸੁਰ ਕੀ ਗਤਿ ਜਾਨੈ ॥ ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ ॥ ਅਨਿਕ ਬਾਰ ਗੁਰ ਕਉ ਬਲਿ ਜਾਉ ॥ ਸਰਬ ਨਿਧਾਨ ਜੀਅ ਕਾ ਦਾਤਾ ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ ॥ ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ ॥ ਏਕਹਿ ਆਪਿ ਨਹੀ ਕਛੁ ਭਰਮੁ ॥ ਸਹਸ ਸਿਆਨਪ ਲਇਆ ਨ ਜਾਈਐ ॥ ਨਾਨਕ ਐਸਾ ਗੁਰੁ ਬਡਭਾਗੀ ਪਾਈਐ ॥੩॥ (ਜੋ ਸੇਵਕ ਪੂਰੇ ਤੌਰ ਤੇ) ਗੁਰੂ ਦਾ ਮਨ ਪ੍ਰਸੰਨ ਕਰੇ (ਸ਼ਬਦਾਰਥ; ਜਿਸ ਸੇਵਕ ਉਤੇ) ਗੁਰੂ ਦਾ ਮਨ ਪੂਰਨ ਤੌਰ ਤੇ ਪਤੀਜ ਜਾਂਦਾ ਹੈ। ਉਹ ਸੇਵਕ ਪ੍ਰਭੂ ਦੀ ਪ੍ਰਾਪਤੀ (ਦੇ ਤਰੀਕੇ) ਨੂੰ ਜਾਣ ਲੈਂਦਾ ਹੈ। ਉਹ ਪੂਰਨ ਸਤਿਗੁਰੂ ਹੈ, ਜਿਸ ਦੇ ਹਿਰਦੇ ਵਿਚ ਹਰੀ ਦਾ ਨਾਉਂ ਹੈ। (ਮੈਂ ਅਜੇਹੇ) ਗੁਰੂ ਤੋਂ ਅਨੇਕਾਂ ਬਾਰ ਸਦਕੇ ਜਾਂਦਾ ਹਾਂ। (ਉਹ ਗੁਰੂ) ਸਾਰੇ ਖਜਾਨੇ ਅਤੇ ਜੀਵਨ ਦੇਣ ਵਾਲਾ ਦਾਤਾ ਹੈ। (ਕਿਉਂਕਿ ਉਹ ਗੁਰੂ) ਅੱਠੇ ਪਹਰ ਪ੍ਰਭੂ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ ਹੈ। ਪ੍ਰਭੂ ਵਿਚ ਸੇਵਕ (ਗੁਰੂ ਮਿਲਿਆ ਹੋਇਆ ਹੈ) ਅਤੇ ਸੇਵਕ (ਗੁਰੂ) ਵਿਚ ਪ੍ਰਭੂ (ਸਮਾਇਆ ਰਹਿੰਦਾ) ਹੈ। (ਦੋਵੇਂ ਗੁਰੂ ਤੇ ਪ੍ਰਭੂ) ਆਪਣੇ ਆਪ ਵਿਚ ਇਕ ਰੂਪ ਹਨ, ਇਸ ਵਿਚ ਕੁਛ ਭਰਮ ਭੇਦ ਨਹੀਂ ਭਾਵ ਤਾਣੇ ਪੇਟੇ ਵਾਂਗ ਦੋਵੇਂ ਇਕ ਦੂਜੇ ਵਿਚ ਮਿਲੇ ਹੋਏ ਹਨ। ਹਜਾਰਾਂ ਸਿਆਣਪਾਂ ਨਾਲ (ਪ੍ਰਭੂ ਰੂਪ ਗੁਰੂ) ਨਹੀਂ ਪਾਇਆ ਜਾ ਸਕਦਾ। ਨਾਨਕ ਗੁਰੂ ਜੀ ਫੁਰਮਾਉਂਦੇ ਹਨ, ਐਸਾ ਗੁਰੂ ਵੱਡੇ ਭਾਗਾਂ ਨਾਲ ਪਾਈਦਾ ਹੈ।੩।

ਪਦਾਰਥ = ਬੀਸ ਬਿਸਵੇ–ਪੂਰਨ ਤੌਰ ਤੇ (ਇਕ ਬਿੱਘੇ ਵਿਚ ਵੀਹ ਵਿਸਵੇ ਹੁੰਦੇ ਹਨ। ਮੁਹਾਵਰੇ ਦੇ ਤੌਰ ਤੇ ਉਸੇ ਤਰ੍ਹਾਂ ਵਰਤਿਆ ਜਾਂਦਾ ਹੈ, ਜਿਵੇਂ ਸੋਲ੍ਹਾਂ ਆਨੇ)। ਮਨੁ ਮਾਨੈ–ਮਨ ਪਤੀਜਦਾ ਹੈ; ਖੁਸ਼ ਕਰਦਾ ਹੈ। ਸੋ–ਉਹ। ਗਤਿ–ਪ੍ਰਾਪਤੀ (ਦੀ ਵਿਧੀ); ਪਹੁੰਚ ਦਾ ਤਰੀਕਾ। ਜੀਅ–ਜੀਵਨ; ਆਤਮਕ ਜੀਵਨ। ਰੰਗਿ–ਪ੍ਰੇਮ ਵਿਚ। ਰਾਤਾ–ਰੰਗਿਆ ਹੈ। ਜਨੁ–ਸੇਵਕ (ਗੁਰੂ)। ਸਹਸ–ਹਜਾਰਾਂ।੩।

ਸਫਲ ਦਰਸਨੁ ਪੇਖਤ ਪੁਨੀਤ ॥ ਪਰਸਤ ਚਰਨ ਗਤਿ ਨਿਰਮਲ ਰੀਤਿ ॥ ਭੇਟਤ ਸੰਗਿ ਰਾਮ ਗੁਨ ਰਵੇ ॥ ਪਾਰਬ੍ਰਹਮ ਕੀ ਦਰਗਹ ਗਵੇ ॥ ਸੁਨਿ ਕਰਿ ਬਚਨ ਕਰਨ ਆਘਾਨੇ ॥ ਮਨਿ ਸੰਤੋਖੁ ਆਤਮ ਪਤੀਆਨੇ ॥ ਪੂਰਾ ਗੁਰੁ ਅਖ੍ਹਓ ਜਾ ਕਾ ਮੰਤ੍ਰ ॥ ਅੰਮ੍ਰਿਤ ਦ੍ਰਿਸਟਿ ਪੇਖੈ ਹੋਇ ਸੰਤ ॥ ਗੁਣ ਬਿਅੰਤ ਕੀਮਤਿ ਨਹੀ ਪਾਇ ॥ ਨਾਨਕ ਜਿਸੁ ਭਾਵੈ, ਤਿਸੁ ਲਏ ਮਿਲਾਇ ॥੪॥ (ਗੁਰੂ ਦਾ) ਦਰਸ਼ਨ ਸਫਲ ਹੈ, (ਕਿਉਂਕਿ ਗੁਰੂ ਨੂੰ) ਦੇਖਦਿਆਂ ਹੀ ਪਵਿਤ੍ਰ ਹੋ ਜਾਈਦਾ ਹੈ। (ਗੁਰੂ ਦੇ) ਚਰਨ ਛੋਹਣ ਨਾਲ ਨਿਰਮਲ ਰਹਿਣੀ ਦੀ ਪ੍ਰਾਪਤੀ ਹੁੰਦੀ ਹੈ; ਉਚੀ ਅਵਸਥਾ ਤੇ ਪਵਿਤ੍ਰ ਰਹੁਰੀਤੀ ਬਣ ਜਾਂਦੀ ਹੈ। (ਗੁਰੂ) ਨਾਲ ਮਿਲਣ ਕਰਕੇ (ਸੇਵਕ) ਪ੍ਰਭੂ ਦੇ ਗੁਣ ਗਾਉਂਦਾ ਹੈ। (ਜਿਸ ਕਰਕੇ ਸੇਵਕ) ਪ੍ਰਭੂ ਦੀ ਦਰਗਾਹ ਵਿਚ ਪੁਜ ਜਾਂਦਾ ਹੈ। (ਗੁਰੂ ਦੇ) ਬਚਨ ਸੁਣ ਕਰਕੇ ਕੰਨ ਰੱਜ ਜਾਂਦੇ ਹਨ (ਗੰਦੇ ਗੀਤ ਤੇ ਨਿੰਦਾ ਆਦਿ ਸੁਣਨ ਦੀ ਤਾਂਘ ਨਹੀਂ ਰਹਿੰਦੀ)। ਮਨ ਵਿਚ ਸੰਤੋਖ ਆ ਜਾਂਦਾ ਹੈ ਤੇ ਆਤਮਾ ਦੀ ਤਸੱਲੀ ਹੋ ਜਾਂਦੀ ਹੈ। ਗੁਰੂ ਪੂਰਨ ਹੈ ਤੇ ਜਿਸ ਦਾ ਉਪਦੇਸ਼ ਨਾਸ਼ ਰਹਿਤ ਹੈ; (ਸਿੱਖ ਨੂੰ) ਨਾਸ਼ ਰਹਿਤ ਕਰਨ ਵਾਲਾ ਹੈ। (ਜਿਸ ਮਨੁੱਖ ਨੂੰ ਗੁਰੂ) ਅੰਮ੍ਰਿਤ ਭਰੀ ਨਜਰ ਨਾਲ ਦੇਖਦਾ ਹੈ, (ਉਹ) ਸੰਤ ਹੋ ਜਾਂਦਾ ਹੈ। (ਗੁਰੂ ਦੇ) ਗੁਣ ਬੇਅੰਤ ਹਨ, ਜਿਨ੍ਹਾਂ ਦਾ ਮੁੱਲ ਨਹੀਂ ਪਾਇਆ ਜਾ ਸਕਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਮਨੁੱਖ ਨੂੰ (ਗੁਰੂ ਜੀ ਅਪਣੇ ਨਾਲ ਮਿਲਾਉਣਾ) ਚਾਹੁੰਦੇ ਹਨ, ਉਸ ਨੂੰ ਮਿਲਾ ਲੈਂਦੇ ਹਨ।੪।

ਪਦਾਰਥ = ਸਫਲ ਦਰਸਨ–ਸਫਲ ਦਰਸ਼ਨ ਜਾਂ ਅਮੋਘ ਦਰਸ਼ਨ ਉਹ ਹੁੰਦਾ ਹੈ, ਜਿਸ ਗੁਰੂ ਨੂੰ ਦੇਖਦਿਆਂ ਹੀ ਫਲ ਪ੍ਰਾਪਤ ਹੋ ਜਾਵੇ (ਇਹ ਗੁਰੂ ਦਾ ਖਾਸ ਗੁਣ ਹੈ)। ਪੇਖਤ–ਦੇਖਦਿਆਂ। ਪੁਨੀਤ–ਪਵਿਤ੍ਰ। ਪਰਸਤ–ਛੋਹਦਿਆਂ। ਗਤਿ–ਪ੍ਰਾਪਤ ਹੁੰਦੀ ਹੈ; ਉਚੀ ਅਵਸਥਾ। ਰੀਤਿ–ਰਹਿਣੀ। ਭੇਟਤ–ਮਿਲਦਿਆਂ। ਰਵੇ–ਗਾਉਂਦਾ ਹੈ। ਗਵੇ–ਪਹੁੰਚਦਾ ਹੈ। ਕਰਨ–ਕੰਨ। ਆਘਾਨੇ–ਰੱਜ ਜਾਂਦੇ ਹਨ। ਪਤੀਆਨੇ–ਪਤੀਜਦਾ (ਤਸੱਲੀ ਹੁੰਦੀ) ਹੈ। ਅਖ੍ਹਓ–(ਅਖਿਅਉ ਬੋਲੋ) ਨਾਸ਼ ਰਹਿਤ; ਸਦਾ ਅਟੱਲ। ਪੇਖੈ–ਦੇਖਦਾ ਹੈ। ਭਾਵੈ–ਚਾਹੁੰਦਾ ਹੈ।੪।

ਜਿਹਬਾ ਏਕ ਉਸਤਤਿ ਅਨੇਕ ॥ ਸਤਿ ਪੁਰਖ ਪੂਰਨ ਬਿਬੇਕ ॥ ਕਾਹੂ ਬੋਲ ਨ ਪਹੁਚਤ ਪ੍ਰਾਨੀ ॥ ਅਗਮ ਅਗੋਚਰ ਪ੍ਰਭ ਨਿਰਬਾਨੀ

All Rights Reserved by Harjinder Singh Gyani | www.GuruGranthVakhyaan.org

॥ ਨਿਰਾਹਾਰ ਨਿਰਵੈਰ ਸੁਖਦਾਈ ॥ ਤਾ ਕੀ ਕੀਮਤਿ ਕਿਨੈ ਨ ਪਾਈ ॥ ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥ ਸਦ ਬਲਿਹਾਰੀ ਸਤਿਗੁਰ ਅਪਨੇ ॥ ਨਾਨਕ ਜਿਸੁ ਪ੍ਰਸਾਦਿ ਐਸਾ ਪ੍ਰਭੁ ਜਪਨੇ ॥੫॥ (ਪ੍ਰਭੂ ਦੀ) ਉਸਤਤੀ ਅਨੇਕਾਂ ਤਰ੍ਹਾਂ ਦੀ ਹੈ, (ਪਰ ਮੇਰੀ) ਜੀਭ ਇਕ ਹੈ (ਜੋ ਸਾਰੀ ਉਸਤਤੀ ਕਰਨ ਤੋਂ ਅਸਮਰਥ ਹੈ। ਉਹ ਪ੍ਰਭੂ) ਸਦਾ ਥਿਰ ਹੈ, ਸਰਬ ਵਿਆਪਕ ਤੇ ਪੂਰਨ ਗਿਆਨ ਸਰੂਪ ਹੈ। ਕਿਸੇ ਬੋਲਾਂ ਨਾਲ ਪ੍ਰਾਣੀ (ਪ੍ਰਭੂ ਤਕ) ਨਹੀਂ ਪਹੁੰਚ ਸਕਦਾ। (ਕਿਉਂਕਿ) ਪ੍ਰਭੂ ਮਨ ਬਾਣੀ ਦੀ ਪਹੁੰਚ ਤੇ ਪਰੇ ਹੈ, ਇੰਦ੍ਰੀਆਂ ਦਾ ਵਿਸ਼ਾ ਨਹੀਂ ਤੇ ਨਿਰਲੇਪ ਹੈ। (ਉਹ) ਭੋਜਨ ਤੋਂ ਰਹਿਤ (ਪ੍ਰਭੂ ਨੂੰ ਖਾਣ ਪੀਣ ਦੀ ਲੋੜ ਨਹੀ), ਵੈਰ ਤੋਂ ਰਹਿਤ ਤੇ (ਸਭ ਨੂੰ) ਸੁਖ ਦੇਣ ਵਾਲਾ ਹੈ। ਉਸ (ਪ੍ਰਭੂ ਦੇ ਗੁਣਾਂ) ਦੀ ਕੀਮਤ ਕਿਸੇ ਨੇ ਵੀ ਨਹੀਂ ਪਾਈ। ਅਨੇਕਾਂ ਭਗਤ (ਉਸ ਨੂੰ) ਹਰ ਰੋਜ ਬੰਦਨਾਂ ਕਰਦੇ ਹਨ। (ਅਤੇ ਉਸ ਦੇ) ਚਰਨਾਂ ਕਮਲਾਂ ਨੂੰ ਹਿਰਦੇ ਵਿਚ ਸਿਮਰਦੇ ਹਨ। ਨਾਨਕ ਗੁਰੂ ਜੀ ਆਖਦੇ ਹਨ, ਮੈਂ ਅਪਣੇ ਸਤਿਗੁਰੂ ਤੋਂ ਸਦਾ ਬਲਹਾਰ ਜਾਂਦਾ ਹਾਂ। ਜਿਸ ਦੀ ਕ੍ਰਿਪਾ ਨਾਲ ਐਸੇ (ਮਹਾਨ ਗੁਣਾਂ ਵਾਲੇ) ਪ੍ਰਭੂ ਨੂੰ ਜਪੀਦਾ ਹੈ।੫।

ਪਦਾਰਥ = ਜਿਹਬਾ–ਜੀਭ। ਬਿਬੇਕ–ਗਿਆਨ; ਵਿਚਾਰ। ਕਾਹੂ–ਕਿਸੇ। ਅਗਮ–ਅਪਹੁੰਚ। ਅਗੋਚਰ–ਜੋ ਇੰਦ੍ਰੀਆਂ ਦਾ ਵਿਸ਼ੇ ਨਹੀਂ। ਨਿਰਬਾਨੀ–ਨਿਰਲੇਪ। ਨਿਰਾਹਾਰ–ਭੋਜਨ ਤੋਂ ਰਹਿਤ। ਤਾ ਕੀ–ਉਸ ਦੀ। ਕਿਨੈ–ਕਿਸੇ ਨੇ। ਬੰਦਨ–ਨਮਸ਼ਕਾਰ।੫।

ਇਹੁ ਹਰਿ ਰਸੁ ਪਾਵੈ ਜਨੁ ਕੋਇ ॥ ਅੰਮ੍ਰਿਤੁ ਪੀਵੈ ਅਮਰੁ ਸੋ ਹੋਇ ॥ ਉਸੁ ਪੁਰਖ ਕਾ ਨਾਹੀ ਕਦੇ ਬਿਨਾਸ ॥ ਜਾ ਕੈ ਮਨਿ ਪ੍ਰਗਟੇ ਗੁਨ ਤਾਸ ॥ ਆਠ ਪਹਰ ਹਰਿ ਕਾ ਨਾਮੁ ਲੇਇ ॥ ਸਚੁ ਉਪਦੇਸੁ ਸੇਵਕ ਕਉ ਦੇਇ ॥ ਮੋਹ ਮਾਇਆ ਕੈ ਸੰਗਿ ਨ ਲੇਪੁ ॥ ਮਨ ਮਹਿ ਰਾਖੈ ਹਰਿ ਹਰਿ ਏਕੁ ॥ ਅੰਧਕਾਰ ਦੀਪਕ ਪਰਗਾਸੇ ॥ ਨਾਨਕ ਭਰਮ ਮੋਹ ਦੁਖ ਤਹ ਤੇ ਨਾਸੇ ॥੬॥ ਹਰੀ (ਦੇ ਸਿਮਰਨ) ਦਾ ਇਹ ਰਸ ਕੋਈ ਵਿਰਲਾ ਪੁਰਖ ਹੀ ਪ੍ਰਾਪਤ ਕਰਦਾ ਹੈ। (ਜੋ ਪੁਰਖ ਇਹ) ਅੰਮ੍ਰਿਤ ਰਸ ਨੂੰ ਪੀਂਦਾ ਹੈ, ਉਹ ਅਮਰ ਹੋ ਜਾਂਦਾ ਹੈ। ਉਸ ਪੁਰਖ ਦਾ ਕਦੇ ਬਿਨਾਸ ਨਹੀਂ ਹੁੰਦਾ। ਜਿਸ ਦੇ ਮਨ ਵਿਚ ਗੁਣਾਂ ਦਾ ਖਜਾਨਾ ਪ੍ਰਭੂ ਪ੍ਰਗਟ ਹੁੰਦਾ ਹੈ। (ਉਹ ਮਹਾਂ ਪੁਰਖ ਆਪ) ਅੱਠੇ ਪਹਿਰ ਹਰੀ ਦਾ ਨਾਮ ਲੈਂਦਾ (ਜਪਦਾ) ਹੈ। (ਅਤੇ ਅਪਣੇ) ਸੇਵਕਾਂ ਨੂੰ ਵੀ (ਨਾਮ ਸਿਮਰਨ ਦਾ) ਸੱਚਾ ਉਪਦੇਸ਼ ਦੇਂਦਾ ਹੈ। (ਉਸ ਦਾ) ਮਾਇਆ ਦੇ ਮੋਹ ਨਾਲ ਲਗਾਉ ਨਹੀਂ ਹੁੰਦਾ। (ਕਿਉਂਕਿ ਉਹ ਅਪਣੇ) ਮਨ ਵਿਚ ਇਕ ਹਰਿ ਹਰਿ (ਨਾਮ ਨੂੰ ਯਾਦ) ਰੱਖਦਾ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ (ਕਿ ਜਿਵੇਂ) ਦੀਵਾ ਜਗਣ ਨਾਲ ਹਨ੍ਹੇਰਾ ਦੂਰ ਹੋ ਜਾਂਦਾ ਹੈ। (ਤਿਵੇਂ ਨਾਮ ਜਪਣ ਕਰਕੇ) ਉਸ ਪੁਰਖ (ਦੇ ਹਿਰਦੇ) ਤੋਂ ਭਰਮ ਮੋਹ ਤੇ ਦੁਖ ਨੱਸ ਜਾਂਦੇ ਹਨ (ਹਿਰਦੇ ਵਿਚ ਨਾਮ ਦਾ ਦੀਵਾ ਜਗਣ ਨਾਲ ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਜਾਂਦਾ ਹੈ, ਤੇ ਅਗਿਆਨ ਤੋਂ ਪੈਦਾ ਹੋਣ ਵਾਲਾ ਭਰਮ, ਮੋਹ ਤੇ ਦੁਖ ਵੀ ਨੱਸ ਜਾਂਦੇ ਹਨ)।੬। ਇਸ ਪਦੇ ਵਿਚ ਨਾਮ ਜਪਣ ਵਾਲੇ ਸਿੱਖ ਦਾ ਜਿਕਰ ਹੈ। ਟਕਸਾਲ, ਨਿਰਣੈ ਤੇ ਦਰਪਣ ਨੇ ਸਤਿਗੁਰੂ ਦੀ ਮਹਿਮਾ ਵਰਨਣ ਕੀਤੀ ਦੱਸੀ ਹੈ।

ਪਦਾਰਥ = ਜਨੁ ਕੋਇ–ਕੋਈ ਵਿਰਲਾ ਮਨੁੱਖ। ਅਮਰੁ–ਮ੍ਰਿਤੂ ਤੋਂ ਰਹਿਤ। ਸੋ–ਉਹ। ਜਾ ਕੈ–ਜਿਸ ਦੇ। ਗੁਨਤਾਸ–ਗੁਣਾਂ ਦਾ ਖਜਾਨਾ। ਲੇਇ–ਲੈਂਦਾ (ਜਪਦਾ) ਹੈ। ਲੇਪੁ–ਲਗਾਉ; ਦਾਗ। ਅੰਧਕਾਰ–ਹਨ੍ਹੇਰਾ। ਤਹ ਤੇ–ਉਸ ਤੋਂ। ਨਾਸੇ–ਦੌੜ ਜਾਂਦੇ ਹਨ।੬।

ਤਪਤਿ ਮਾਹਿ ਠਾਢਿ ਵਰਤਾਈ ॥ ਅਨਦੁ ਭਇਆ ਦੁਖ ਨਾਠੇ ਭਾਈ ॥ ਜਨਮ ਮਰਨ ਕੇ ਮਿਟੇ ਅੰਦੇਸੇ ॥ ਸਾਧੂ ਕੇ ਪੂਰਨ ਉਪਦੇਸੇ ॥ ਭਉ ਚੂਕਾ ਨਿਰਭਉ ਹੋਇ ਬਸੇ ॥ ਸਗਲ ਬਿਆਧਿ ਮਨ ਤੇ ਖੈ ਨਸੇ ॥ ਜਿਸ ਕਾ ਸਾ ਤਿਨਿ ਕਿਰਪਾ ਧਾਰੀ ॥ ਸਾਧ ਸੰਗਿ ਜਪਿ ਨਾਮੁ ਮੁਰਾਰੀ ॥ ਥਿਤਿ ਪਾਈ ਚੂਕੇ ਭ੍ਰਮ ਗਵਨ ॥ ਸੁਨਿ ਨਾਨਕ ਹਰਿ ਹਰਿ ਜਸੁ ਸ੍ਰਵਨ ॥੭॥ (ਹੇ ਭਾਈ! ਗੁਰੂ ਦੇ ਬਖਸੇ ਨਾਮ ਨੇ ਮੇਰੇ) ਤਪਦੇ ਹਿਰਦੇ ਵਿਚ ਠੰਢ ਵਰਤਾ ਦਿਤੀ ਹੈ। ਹੇ ਭਾਈ! (ਹੁਣ ਹਿਰਦੇ ਵਿਚ) ਅਨੰਦ ਹੋ ਗਿਆ ਹੈ ਤੇ ਦੁਖ ਨੱਠ ਗਏ ਹਨ। ਅਤੇ ਪੂਰਨ ਸਾਧੂ (ਗੁਰੂ) ਦੇ ਉਪਦੇਸ਼ ਨਾਲ ਜਨਮ ਮਰਨ ਦੇ ਸੰਸੇ ਮਿਟ ਗਏ ਹਨ। (ਹੁਣ ਮੌਤ ਦਾ) ਡਰ ਦੂਰ ਹੋ ਗਿਆ ਤੇ ਨਿਰਭੈ ਹੋ ਕੇ ਵਸ ਰਹੇ ਹਾਂ। (ਕਿਉਂਕਿ) ਸਾਰੇ ਰੋਗ ਮਨ ਤੋਂ ਨਾਸ ਹੋ ਗਏ ਜਾਂ ਨੱਸ ਗਏ ਹਨ। ਜਿਸ (ਗੁਰੂ ਦਾ ਮੈਂ ਸੇਵਕ ਬਣਿਆ) ਸੀ, ਉਸ ਨੇ ਕ੍ਰਿਪਾ ਕੀਤੀ ਹੈ। (ਜਿਸ ਦੀ ਕ੍ਰਿਪਾ ਦਾ ਸਦਕਾ ਹੁਣ) ਸਾਧ ਸੰਗਤ ਵਿਚ ਪ੍ਰਭੂ ਦਾ ਨਾਮ ਜਪਦੇ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਕੰਨਾਂ ਨਾਲ ਹਰੀ ਦਾ ਜਸ ਸੁਣ ਕੇ ਟਿਕਾਉ ਪ੍ਰਾਪਤ ਹੋ ਗਿਆ ਹੈ ਤੇ (ਜੂਨਾਂ ਵਿਚ) ਭਟਕਦੇ ਫਿਰਨਾ ਮੁਕ ਗਿਆ ਹੈ।੭।

ਪਦਾਰਥ = ਤਪਤਿ–ਤਪਸ਼। ਠਾਢਿ–ਠੰਢ; ਸ਼ਾਂਤੀ। ਭਇਆ–ਹੋ ਗਿਆ। ਨਾਠੇ–ਦੌੜ ਗਏ। ਅੰਦੇਸੇ–ਡਰ; ਸੰਸੇ; ਫਿਕਰ। ਭਉ–ਡਰ। ਚੂਕਾ–ਦੂਰ ਹੋ ਗਿਆ। ਬਸੇ–ਵਸਦੇ ਹਾਂ। ਸਗਲ–ਸਾਰੇ। ਬਿਆਧਿ–ਸਰੀਰਕ ਰੋਗ। ਖੈ–ਨਾਸ਼ ਹੋ ਗਏ। ਨਸੇ–ਨੱਸ ਗਏ। ਸਾ–ਸੀ। ਧਾਰੀ–ਕੀਤੀ। ਮੁਰਾਰੀ–ਪ੍ਰਭੂ। ਥਿਤਿ–ਟਿਕਾਉ; ਅਚੱਲ ਪਦਵੀ। ਭ੍ਰਮ–ਭਟਕਣਾ। ਗਵਨ–ਫਿਰਨਾ। ਸ੍ਰਵਨ–ਕੰਨਾਂ ਨਾਲ।੭।

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥ ਕਲਾ ਧਾਰਿ ਜਿਨਿ ਸਗਲੀ ਮੋਹੀ ॥ ਅਪਨੇ ਚਰਿਤ ਪ੍ਰਭਿ ਆਪਿ ਬਨਾਏ ॥ ਅਪੁਨੀ ਕੀਮਤਿ ਆਪੇ ਪਾਏ ॥ ਹਰਿ ਬਿਨੁ ਦੂਜਾ ਨਾਹੀ ਕੋਇ ॥ ਸਰਬ ਨਿਰੰਤਰਿ ਏਕੋ ਸੋਇ ॥ ਓਤਿ ਪੋਤਿ ਰਵਿਆ ਰੂਪ ਰੰਗ ॥ ਭਏ ਪ੍ਰਗਾਸ ਸਾਧ ਕੈ ਸੰਗ ॥ (ਪ੍ਰਭੂ) ਆਪ ਹੀ ਨਿਰਗੁਣ ਹੈ ਤੇ ਸਰਗੁਣ ਭੀ ਉਹ ਹੀ ਹੈ। ਜਿਸ ਨੇ (ਨਿਰਗੁਣ ਤੋਂ ਸਰਗੁਣ ਹੋਣ ਦੀ) ਸ਼ਕਤੀ ਵਰਤਾ

All Rights Reserved by Harjinder Singh Gyani | www.GuruGranthVakhyaan.org

ਕੇ) ਸਾਰੀ ਸ੍ਰਿਸਟੀ ਮੋਹ ਲਈ ਹੈ। ਅਪਣੇ ਖੇਲ ਪ੍ਰਭੂ ਨੇ ਆਪ ਬਣਾਏ ਹਨ। ਅਪਣੀ (ਰਚਨਾ ਦੀ) ਕੀਮਤ ਆਪੇ ਪਾ ਸਕਦਾ ਹੈ। ਹਰੀ ਤੋਂ ਬਿਨਾ ਦੂਜਾ ਹੋਰ ਕੋਈ ਨਹੀਂ ਹੈ। ਉਹ ਇਕੋ ਪ੍ਰਭੂ ਹੀ ਸਭ (ਰਚਨਾ) ਵਿਚ ਪੂਰਨ ਤੌਰ ਤੇ ਵਿਥ ਰਹਿਤ ਮੌਜੂਦ ਹੈ। ਉਹ ਤਾਣੇ ਪੇਟੇ ਵਾਂਗ ਸਾਰੇ ਰੂਪਾਂ ਰੰਗਾਂ ਵਿਚ ਰਮਿਆ ਹੋਇਆ ਹੈ। (ਇਹ ਸਾਰਾ) ਗਿਆਨ ਪ੍ਰਕਾਸ਼ ਸਾਧੂਆਂ ਦੀ ਸੰਗਤ ਵਿਚੋਂ ਹੁੰਦਾ ਹੈ।

**ਅੰਗ ੨੮੮** = ਰਚਿ ਰਚਨਾ ਅਪਨੀ ਕਲ ਧਾਰੀ ॥ ਅਨਿਕ ਬਾਰ ਨਾਨਕ ਬਲਿਹਾਰੀ ॥੮॥੧੮॥ (ਜਿਸ ਪ੍ਰਭੂ ਨੇ) ਰਚਨਾ ਰਚ ਕੇ ਅਪਣੀ ਸ਼ਕਤੀ (ਇਸ ਵਿਚ) ਰੱਖੀ ਹੋਈ ਹੈ। ਨਾਨਕ (ਉਸ ਪ੍ਰਭੂ ਤੋਂ) ਅਨੇਕਾਂ ਬਾਰ ਸਦਕੇ ਜਾਂਦਾ ਹੈ।੮।੧੮।

ਪਦਾਰਥ = ਨਿਰਗੁਨੁ-ਵਾਹਿਗੁਰੂ ਦਾ ਸੰਸਾਰ ਰਚਣ ਤੋਂ ਪਹਿਲਾਂ ਦਾ ਸਰੂਪ; ਅਦ੍ਰਿਸਟ ਅਕਾਰ ਰਹਿਤ ਪ੍ਰਭੂ। ਸਰਗੁਨੁ-ਵਾਹਿਗੁਰੂ ਦਾ ਸੰਸਾਰ ਰਚਣ ਤੋਂ ਬਾਦ ਦਾ ਅਕਾਰ ਵਾਲਾ ਸਰੂਪ (ਬਾਣੀ ਵਿਚ ਵਾਹਿਗੁਰੂ ਦੇ ਦੋ ਰੂਪ ਦੱਸੇ ਹਨ। ਇਕ ਉਹ, ਜਦ ਰਚਨਾ ਤੋਂ ਪਹਿਲਾਂ ਆਪੇ ਆਪ ਸੀ। ਦੂਜਾ ਉਹ, ਜਦ ਰਚਨਾ ਤੋਂ ਬਾਦ ਵਾਹਿਗੁਰੂ ਨੇ ਆਪਣੇ ਆਪ ਨੂੰ ਕੁਦਰਤ ਵਿਚ ਦਰਸਾਇਆ। ਇਹ ਦੋਵੇਂ ਰੂਪ ਇਕੋ ਵਾਹਿਗੁਰੂ ਦੇ ਹਨ, ਜਿਵੇਂ ਇਕੋ ਸਿੱਕੇ ਦੇ ਦੋ ਪਾਸੇ ਹਨ)। ਮੋਹੀ-ਮੋਹ ਲਈ ਹੈ। ਕਲਾ-ਸ਼ਕਤੀ। ਧਾਰੀ-ਵਰਤਾ ਕੇ; ਰੱਖ ਕੇ। ਚਰਿਤ-ਕੌਤਕ; ਖੇਲ। ਸਰਬ-ਸਭ। ਨਿਰੰਤਰਿ-ਪੂਰਨ ਤੌਰ ਤੇ ਵਿਥ ਰਹਿਤ ਸਭ ਦੇ ਅੰਦਰ। ਸੋਇ-ਉਹ ਹੀ। ਓਤਿ ਪੋਤਿ-ਤਾਣੇ ਪੇਟੇ ਵਾਂਗ। ਰਵਿਆ-ਰਮਿਆ; ਵਿਆਪਕ। ਰੂਪ-ਅਕਾਰਾਂ ਵਿਚ। ਰੰਗ-ਰੰਗਾਂ ਵਿਚ। ਭਏ-ਹੁੰਦਾ ਹੈ। ਰਚਿ-ਰਚ (ਬਣਾ) ਕੇ। ਕਲ ਧਾਰੀ-ਸ਼ਕਤੀ (ਨਾਲ ਟਿਕਾ ਕੇ ਕਾਇਮ) ਰੱਖੀ ਹੋਈ ਹੈ। ਅਨਿਕ ਬਾਰ-ਅਨੇਕਾਂ ਵਾਰੀ।੮।੧੮।

ਸਲੋਕੁ ॥ ਸਾਥਿ ਨ ਚਾਲੈ ਬਿਨੁ ਭਜਨ, ਬਿਖਿਆ ਸਗਲੀ ਛਾਰੁ ॥ ਹਰਿ ਹਰਿ ਨਾਮੁ ਕਮਾਵਨਾ, ਨਾਨਕ ਇਹੁ ਧਨੁ ਸਾਰੁ ॥੧॥ (ਵਾਹਿਗੁਰੂ ਦੇ) ਭਜਨ ਤੋਂ ਬਿਨਾ (ਕੋਈ ਵੀ ਚੀਜ ਪ੍ਰਲੋਕ ਵਿਚ ਜੀਵ ਦੇ) ਨਾਲ ਨਹੀਂ ਜਾਂਦੀ, ਸਾਰੀ ਮਾਇਆ ਸੁਆਹ (ਰੂਪ ਹੈ, ਜੋ ਇਥੇ ਹੀ ਰਹਿ ਜਾਂਦੀ ਹੈ)। ਨਾਨਕ ਗੁਰੂ ਜੀ ਆਖਦੇ ਹਨ, ਜੋ ਹਰਿ ਹਰਿ ਨਾਮ ਨੂੰ ਕਮਾਉਣਾ (ਨਾਮ ਸਿਮਰਨ ਦਾ ਅਭਿਆਸ ਕਰਨਾ) ਹੈ, ਇਹੋ ਸ੍ਰੇਸਟ ਧਨ ਹੈ (ਜੋ ਮਰਨ ਵੇਲੇ ਵੀ ਜੀਵ ਦਾ ਸਾਥ ਨਿਭਾਉਂਦਾ ਹੈ)।੧।

ਪਦਾਰਥ = ਸਾਥਿ-ਨਾਲ। ਬਿਖਿਆ-(ਵਿਹੁ ਰੂਪ) ਮਾਇਆ। ਸਗਲੀ-ਸਾਰੀ। ਛਾਰੁ-ਸੁਆਹ। ਸਾਰੁ-ਸ੍ਰੇਸਟ।੧।

ਅਸਟਪਦੀ ॥ ਸੰਤ ਜਨਾ ਮਿਲਿ ਕਰਹੁ ਬੀਚਾਰੁ ॥ ਏਕੁ ਸਿਮਰਿ ਨਾਮ ਆਧਾਰੁ ॥ ਅਵਰਿ ਉਪਾਵ ਸਭਿ ਮੀਤ ਬਿਸਾਰਹੁ ॥ ਚਰਨ ਕਮਲ ਰਿਦ ਮਹਿ ਉਰਿ ਧਾਰਹੁ ॥ ਕਰਨ ਕਾਰਨ ਸੋ ਪ੍ਰਭੁ ਸਮਰਥੁ ॥ ਦ੍ਰਿੜੁ ਕਰਿ ਗਹਹੁ ਨਾਮੁ ਹਰਿ ਵਥੁ ॥ ਇਹੁ ਧਨੁ ਸੰਚਹੁ ਹੋਵਹੁ ਭਗਵੰਤ ॥ ਸੰਤ ਜਨਾ ਕਾ ਨਿਰਮਲ ਮੰਤ ॥ ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥੧॥ (ਹੇ ਭਾਈ!) ਸੰਤ ਜਨਾਂ ਨਾਲ ਮਿਲ ਕੇ (ਵਾਹਿਗੁਰੂ ਦੇ ਨਾਮ ਦਾ) ਵਿਚਾਰ ਕਰੋ। ਇਕ ਵਾਹਿਗੁਰੂ ਨੂੰ ਸਿਮਰ ਕੇ (ਉਸ ਦੇ) ਨਾਮ ਦਾ ਆਸਰਾ ਲਵੋ। ਹੇ ਮਿਤ੍ਰੋ! (ਕਰਮ ਕਾਂਡ ਦੇ) ਹੋਰ ਸਾਰੇ ਜਤਨ ਭੁਲਾ ਦਿਓ। (ਪ੍ਰਭੂ ਦੇ) ਚਰਨਾਂ ਕਮਲਾਂ ਨੂੰ ਚੰਗੀ ਤਰ੍ਹਾਂ ਹਿਰਦੇ ਵਿਚ ਟਿਕਾ ਲਵੋ। ਉਹ ਪ੍ਰਭੂ (ਸਭ ਕੁਛ) ਕਰਨ ਤੇ (ਜੀਵਾਂ ਤੋਂ) ਕਰਾਉਣ ਦੇ ਸਮਰੱਥ ਹੈ। ਹਰੀ ਦੀ ਨਾਮ ਰੂਪ ਵਸਤੂ ਨੂੰ ਦ੍ਰਿੜ ਕਰਕੇ ਫੜ ਲਵੋ। ਇਹ ਨਾਮ ਧਨ ਨੂੰ ਇਕੱਠਾ ਕਰੋ ਅਤੇ ਭਾਗਾਂ ਵਾਲੇ ਬਣ ਜਾਓ; ਪ੍ਰਭੂ ਰੂਪ ਹੋ ਜਾਓਗੇ। (ਇਹੋ ਹੀ) ਸੰਤ ਜਨਾਂ ਦਾ ਪਵਿਤ੍ਰ ਉਪਦੇਸ਼ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਮਨ ਵਿਚ ਇਕ ਪ੍ਰਭੂ ਦੀ ਹੀ ਆਸ ਰੱਖੋ। (ਫਿਰ ਤੁਹਾਡੇ) ਸਾਰੇ ਰੋਗ ਮਿਟ ਜਾਣਗੇ।੧।

ਪਦਾਰਥ = ਆਧਾਰੁ-ਆਸਰਾ। ਅਵਰਿ-ਹੋਰ। ਉਪਾਵ-ਜਤਨ। ਮੀਤ-ਹੇ ਮਿਤ੍ਰ!। ਰਿਦ-ਹਿਰਦਾ। ਉਰਿਧਾਰਹੁ-ਚੰਗੀ ਤਰ੍ਹਾਂ ਟਿਕਾਵੋ। ਗਹਹੁ-ਫੜੋ। ਵਥੁ-ਵਸਤੂ। ਸੰਚਹੁ-ਇਕੱਠਾ ਕਰੋ। ਹੋਵਹੁ-ਹੋ ਜਾਵੋ। ਭਗਵੰਤ-ਭਾਗਾਂ ਵਾਲੇ; ਪ੍ਰਭੂ ਰੂਪ। ਮੰਤ-ਉਪਦੇਸ਼।੧।

ਜਿਸੁ ਧਨੁ ਕਉ ਚਾਰਿ ਕੁੰਟ ਉਠਿ ਧਾਵਹਿ ॥ ਸੋ ਧਨੁ ਹਰਿ ਸੇਵਾ ਤੇ ਪਾਵਹਿ ॥ ਜਿਸੁ ਸੁਖ ਕਉ ਨਿਤ ਬਾਛਹਿ ਮੀਤ ॥ ਸੋ ਸੁਖੁ ਸਾਧੂ ਸੰਗਿ ਪਰੀਤਿ ॥ ਜਿਸੁ ਸੋਭਾ ਕਉ ਕਰਹਿ ਭਲੀ ਕਰਨੀ ॥ ਸਾ ਸੋਭਾ ਭਜੁ ਹਰਿ ਕੀ ਸਰਨੀ ॥ ਅਨਿਕ ਉਪਾਵੀ ਰੋਗੁ ਨ ਜਾਇ ॥ ਰੋਗੁ ਮਿਟੈ ਹਰਿ ਅਵਖਧੁ ਲਾਇ ॥ ਸਰਬ ਨਿਧਾਨ ਮਹਿ ਹਰਿ ਨਾਮੁ ਨਿਧਾਨੁ ॥ ਜਪਿ ਨਾਨਕ ਦਰਗਹਿ ਪਰਵਾਨੁ ॥੨॥ (ਹੇ ਭਾਈ!) ਜਿਸ ਧਨ ਨੂੰ (ਕਮਾਉਣ ਵਾਸਤੇ ਤੂੰ) ਚਾਰੇ ਪਾਸੇ ਉਠ ਕੇ ਦੌੜਦਾ ਹੈਂ। ਉਹ ਧਨ (ਤੂੰ) ਹਰੀ ਦੀ ਸੇਵਾ ਤੋਂ ਪਾ ਲਵੇਂਗਾ। ਜਿਸ ਸੁਖ ਨੂੰ (ਤੂੰ) ਹਰ ਰੋਜ ਚਾਹੁੰਦਾ ਹੈਂ। ਉਹ ਸੁਖ ਸਾਧੂਆਂ ਨਾਲ ਪ੍ਰੀਤ ਕਰਨ ਨਾਲ ਮਿਲਦਾ ਹੈ। ਜਿਸ ਸੋਭਾ ਨੂੰ (ਪ੍ਰਾਪਤ ਕਰਨ ਲਈ ਤੂੰ) ਭਲੇ ਕੰਮ ਕਰਦਾ ਹੈਂ। ਉਹ ਸੋਭਾ (ਹਾਸਲ ਕਰਨ) ਲਈ ਤੂੰ ਹਰੀ ਦੀ ਸ਼ਰਨ ਵਿਚ ਜਾ ਪਉ। ਅਨੇਕਾਂ ਜਤਨਾਂ ਨਾਲ (ਜਿਹੜਾ) ਰੋਗ ਨਹੀਂ ਜਾਂਦਾ। (ਉਹ) ਰੋਗ ਹਰੀ ਦੇ ਨਾਮ ਦੀ ਦਵਾਈ ਲਾਉਣ (ਖਾਣ) ਨਾਲ ਮਿਟ ਜਾਂਦਾ ਹੈ। ਸਾਰੇ ਖਜਾਨਿਆਂ ਵਿਚੋਂ ਹਰੀ ਦਾ ਨਾਮ (ਸ੍ਰੇਸਟ) ਖਜਾਨਾ ਹੈ। ਨਾਨਕ ਗੁਰੂ ਜੀ ਆਖਦੇ ਹਨ ਨਾਮ ਜਪ ਕੇ (ਰੱਬੀ) ਦਰਗਾਹ ਵਿਚ ਪ੍ਰਵਾਨ ਹੋਈਦਾ ਹੈ।੨।

ਪਦਾਰਥ = ਚਾਰਿ ਕੁੰਟ-ਚਾਰੇ ਪਾਸੇ। ਧਾਵਹਿ-ਦੌੜਦਾ ਹੈਂ। ਸੋ-ਉਹ। ਬਾਛਹਿ-ਚਾਹੁੰਦਾ ਹੈਂ। ਮੀਤ-ਹੇ ਮਿਤ੍ਰ!। ਭਲੀ ਕਰਨੀ-ਭਲੇ ਕੰਮ। ਸਾ-ਉਹ। ਭਜੁ-ਭੱਜ ਜਾਹ; ਜਾ ਪਉ। ਉਪਾਵੀ-ਜਤਨਾਂ ਨਾਲ। ਅਵਖਧੁ-ਦਵਾਈ। ਨਿਧਾਨ-ਖਜਾਨੇ।੨।

All Rights Reserved by Harjinder Singh Gyani | www.GuruGranthVakhyaan.org

ਮਨੁ ਪਰਬੋਧਹੁ ਹਰਿ ਕੈ ਨਾਇ ॥ ਦਹ ਦਿਸਿ ਧਾਵਤ ਆਵੈ ਠਾਇ ॥ ਤਾ ਕਉ ਬਿਘਨੁ ਨ ਲਾਗੈ ਕੋਇ ॥ ਜਾ ਕੈ ਰਿਦੈ ਬਸੈ ਹਰਿ ਸੋਇ ॥ ਕਲਿ ਤਾਤੀ ਠਾਂਢਾ ਹਰਿ ਨਾਉ ॥ ਸਿਮਰਿ ਸਿਮਰਿ ਸਦਾ ਸੁਖ ਪਾਉ ॥ ਭਉ ਬਿਨਸੈ ਪੂਰਨ ਹੋਇ ਆਸ ॥ ਭਗਤਿ ਭਾਇ ਆਤਮ ਪਰਗਾਸ ॥ ਤਿਤੁ ਘਰਿ ਜਾਇ ਬਸੈ ਅਬਿਨਾਸੀ ॥ ਕਹੁ ਨਾਨਕ ਕਾਟੀ ਜਮ ਫਾਸੀ ॥੩॥ (ਹੇ ਭਾਈ! ਅਪਣੇ) ਮਨ ਨੂੰ ਹਰੀ ਦੇ ਨਾਮ ਸਿਮਰਨ ਦੁਆਰਾ ਸਮਝਾਓ; (ਮਾਇਆ ਦੇ ਮੋਹ ਵਿਚ ਸੁੱਤੇ) ਮਨ ਨੂੰ ਹਰੀ ਦੇ ਨਾਮ ਦੁਆਰਾ ਜਗਾਓ।(ਨਾਮ ਜਪਣ ਕਰਕੇ) ਦਸੇ ਦਿਸ਼ਾਵਾਂ ਵੱਲ ਦੌੜਦਾ ਮਨ ਟਿਕਾਉ ਵਿਚ ਆ ਜਾਵੇਗਾ।ਉਸ (ਮਨੁੱਖ) ਨੂੰ ਕੋਈ ਬਿਘਨ ਨਹੀਂ ਲਗਦਾ।ਜਿਸ ਦੇ ਹਿਰਦੇ ਵਿਚ ਉਹ ਹਰੀ ਵਸਦਾ ਹੈ।ਕਲਜੁਗ ਅੱਗ ਵਾਂਗ ਤੱਤਾ ਹੈ ਤੇ ਹਰੀ ਦਾ ਨਾਮ ਠੰਢਾ ਹੈ (ਕਲਜੁਗੀ ਜੀਵ ਵਿਸ਼ਿਆਂ ਦੀ ਅੱਗ ਵਿਚ ਸੜਦੇ ਹਨ ਤੇ ਉਸ ਤਪਸ਼ ਵਿਚ ਹਰੀ ਦਾ ਨਾਮ ਠੰਢ ਵਰਤਾਉਣ ਵਾਲਾ ਹੈ।ਇਸ ਲਈ ਨਾਮ) ਸਿਮਰ ਸਿਮਰ ਕੇ ਸਦਾ ਸੁਖ ਪ੍ਰਾਪਤ ਕਰੋ।(ਇਸ ਨਾਲ ਹਰ ਤਰ੍ਹਾਂ ਦਾ) ਡਰ ਨਾਸ਼ ਹੋ ਜਾਵੇਗਾ ਤੇ (ਹਰ ਪ੍ਰਕਾਰ ਦੀ) ਆਸ ਵੀ ਪੂਰੀ ਹੋ ਜਾਵੇਗੀ।ਪ੍ਰੇਮਾ ਭਗਤੀ ਕਰਨ ਨਾਲ ਆਤਮਾ ਦਾ ਪ੍ਰਕਾਸ਼ ਹੁੰਦਾ ਹੈ (ਅਪਣੇ ਸਰੂਪ ਦਾ ਗਿਆਨ ਹੁੰਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ (ਕਿ ਇਹ ਜੀਵ) ਉਸ ਨਾਸ਼ ਰਹਿਤ ਪ੍ਰਭੂ ਦੇ ਘਰ ਵਿਚ ਜਾ ਵਸਦਾ ਹੈ ।(ਜਿਥੇ ਪਹੁੰਚਣ ਕਰਕੇ) ਜਮਾਂ ਦੀ ਫਾਹੀ ਕੱਟੀ ਜਾਂਦੀ ਹੈ।੩।

ਪਦਾਰਥ = ਪਰਬੋਧਹੁ–ਸਮਝਾਓ; ਜਗਾਓ।ਨਾਇ–ਨਾਮ ਨਾਲ।ਦਹ ਦਿਸਿ–ਦਸੇ ਪਾਸੇ।ਧਾਵਤ–ਦੌੜਦਾ।ਠਾਇ–ਟਿਕਾਉ ਵਿਚ।ਤਾ ਕਉ–ਉਸ ਨੂੰ।ਜਾ ਕੈ–ਜਿਸ ਦੇ।ਸੋਇ–ਉਹ।ਕਲਿ–ਕਲਜੁਗ।ਤਾਤੀ–ਤੱਤੀ (ਅੱਗ)।ਠਾਂਢਾ–ਠੰਢਾ।ਪਾਉ–ਪਾ ਲਵੋ।ਬਿਨਸੈ–ਨਾਸ਼ ਹੋ ਜਾਂਦਾ ਹੈ।ਭਗਤਿ ਭਾਇ–ਭਗਤੀ ਭਾਵ ਨਾਲ; ਪ੍ਰੇਮਾ ਭਗਤੀ ਨਾਲ।ਤਿਤੁ–ਉਸ।ਅਬਿਨਾਸੀ–ਨਾਸ਼ ਰਹਿਤ ਪ੍ਰਮਾਤਮਾ।੩।

ਤਤੁ ਬੀਚਾਰੁ ਕਹੈ ਜਨੁ ਸਾਚਾ ॥ ਜਨਮਿ ਮਰੈ ਸੋ ਕਾਚੋ ਕਾਚਾ ॥ ਆਵਾਗਵਨੁ ਮਿਟੈ ਪ੍ਰਭ ਸੇਵ ॥ ਆਪੁ ਤਿਆਗਿ ਸਰਨਿ ਗੁਰਦੇਵ ॥ ਇਉ ਰਤਨ ਜਨਮ ਕਾ ਹੋਇ ਉਧਾਰੁ ॥ ਹਰਿ ਹਰਿ ਸਿਮਰਿ ਪ੍ਰਾਨ ਆਧਾਰੁ ॥ ਅਨਿਕ ਉਪਾਵ ਨ ਛੂਟਨਹਾਰੇ ॥ ਸਿਮ੍ਰਿਤਿ ਸਾਸਤ ਬੇਦ ਬੀਚਾਰੇ ॥ ਹਰਿ ਕੀ ਭਗਤਿ ਕਰਹੁ ਮਨੁ ਲਾਇ ॥ ਮਨਿ ਬੰਛਤ ਨਾਨਕ ਫਲ ਪਾਇ ॥੪॥ ਤੱਤ (ਸਰੂਪ ਪ੍ਰਭੂ ਦਾ ਜੋ) ਮਨੁੱਖ ਬਿਚਾਰ ਕਹਿੰਦਾ ਹੈ, ਉਹ ਸੱਚਾ ਹੈ।ਪਰ ਜੋ ਜਨਮ ਲੈ ਕੇ (ਉਮਰ ਬਿਅਰਥ ਗੁਆ ਕੇ) ਮਰ ਜਾਂਦਾ ਹੈ, ਉਹ ਕੱਚੇ ਤੋਂ ਕੱਚਾ ਹੈ; (ਪਰ ਜੋ ਮਨੁੱਖ) ਕੱਚਾ ਵਿਚਾਰ ਕਰਦਾ ਹੈ, ਉਹ ਜੰਮਦਾ ਮਰਦਾ ਰਹਿੰਦਾ ਹੈ (ਸੰ.ਸ.)।ਪ੍ਰਭੂ ਦੀ ਸੇਵਾ ਕਰਨ ਨਾਲ (ਉਸ ਮਨੁੱਖ ਦਾ) ਆਵਾਗੌਣ ਮਿਟ ਜਾਂਦਾ ਹੈ।(ਜੋ) ਆਪਾ ਭਾਵ ਛਡ ਕੇ ਗੁਰੂ ਦੀ ਸ਼ਰਣ ਵਿਚ ਪੈਂਦਾ ਹੈ।ਇਸ ਤਰ੍ਹਾਂ ਰਤਨ ਜਨਮ ਦਾ ਉਧਾਰ ਹੋ ਜਾਂਦਾ ਹੈ।(ਇਸ ਕਰਕੇ ਹੇ ਭਾਈ!) ਹਰਿ ਹਰਿ ਨਾਮ ਦਾ ਸਿਮਰਨ ਕਰ, (ਜੋ) ਪ੍ਰਾਣਾਂ ਦਾ ਆਸਰਾ ਹੈ।(ਸਿਮਰਨ ਤੋਂ ਬਿਨਾ) ਅਨੇਕਾਂ ਜਤਨਾਂ ਨਾਲ (ਜੀਵ) ਛੁੱਟਣ ਵਾਲੇ ਨਹੀਂ ਹੋ ਸਕਦੇ।(ਭਾਵੇਂ) ਸਿਮ੍ਰਿਤੀਆਂ, ਸ਼ਾਸਤ੍ਰ ਤੇ ਬੇਦ ਵਿਚਾਰ ਲਵੇ।ਨਾਨਕ ਗੁਰੂ ਜੀ ਆਖਦੇ ਹਨ ਕਿ ਮਨ ਲਾ ਕੇ ਹਰੀ ਦੀ ਭਗਤੀ ਕਰੋ।(ਇਸ ਨਾਲ ਤੁਸੀਂ) ਮਨ ਇੱਛਤ ਫਲ ਪਾ ਲਵੋਂਗੇ।੪।

ਪਦਾਰਥ = ਤਤੁ ਬੀਚਾਰੁ–ਸੱਚਾ ਵਿਚਾਰ; ਅਸਲੀ ਵਿਚਾਰ।ਸੋ–ਉਹ।ਕਾਚੋ ਕਾਚਾ–ਕੱਚੇ ਤੋਂ ਕੱਚਾ।ਆਵਾਗਵਨੁ–ਜਨਮ ਮਰਨ ਦਾ ਗੇੜ।ਸੇਵ–ਸੇਵਾ।ਆਪੁ–ਆਪਾ ਭਾਵ।ਆਧਾਰੁ–ਆਸਰਾ।ਉਪਾਵ–ਜਤਨ।ਮਨ ਬੰਛਤ–ਮਨ ਇੱਛਤ।੪।

ਸੰਗਿ ਨ ਚਾਲਸਿ ਤੇਰੈ ਧਨਾ ॥ ਤੂੰ ਕਿਆ ਲਪਟਾਵਹਿ ਮੂਰਖ ਮਨਾ ॥ ਸੁਤ ਮੀਤ ਕੁਟੰਬ ਅਰੁ ਬਨਿਤਾ ॥ ਇਨ ਤੇ ਕਹਹੁ ਤੁਮ ਕਵਨ ਸਨਾਥਾ ॥ ਰਾਜ ਰੰਗ ਮਾਇਆ ਬਿਸਥਾਰ ॥ ਇਨ ਤੇ ਕਹਹੁ ਕਵਨ ਛੁਟਕਾਰ ॥ ਅਸੁ ਹਸਤੀ ਰਥ ਅਸਵਾਰੀ ॥ ਝੂਠਾ ਡੰਫੁ ਝੂਠੁ ਪਾਸਾਰੀ ॥ ਜਿਨਿ ਦੀਏ ਤਿਸੁ ਬੁਝੈ ਨ ਬਿਗਾਨਾ ॥ ਨਾਮੁ ਬਿਸਾਰਿ ਨਾਨਕ ਪਛੁਤਾਨਾ ॥੫॥ ਹੇ ਮੂਰਖ ਮਨ! (ਦੁਨਿਆਵੀ ਧਨ ਪ੍ਰਲੋਕ ਵਿਚ) ਤੇਰੇ ਨਾਲ ਨਹੀਂ ਚੱਲੇਗਾ, ਤੂੰ (ਇਸ ਧਨ ਨਾਲ) ਕਿਉਂ ਚਿੰਬੜ ਰਿਹਾ ਹੈਂ? ਪੁਤ੍ਰ, ਮਿਤ੍ਰ, ਪ੍ਰਵਾਰ ਤੇ ਇਸਤ੍ਰੀ ਆਦਿ।ਤੂੰ ਦੱਸ, ਇਨ੍ਹਾਂ ਵਿਚੋਂ ਕੌਣ ਮਾਲਕ ਵਾਂਗ ਸਹਾਇਤਾ ਕਰਨ ਵਾਲਾ ਹੈ? ਰਾਜ ਦਾ ਅਨੰਦ ਤੇ ਮਾਇਆ ਦਾ ਜੋ ਪਸਾਰਾ ਹੈ।ਦੱਸੋ ਇਨ੍ਹਾਂ ਵਿਚੋਂ ਕਿਸ ਦਾ ਛੁਟਕਾਰਾ (ਕੌਣ ਮੁਕਤ) ਹੋਇਆ ਹੈ? ਘੋੜੇ, ਹਾਥੀ ਤੇ ਰਥ ਆਦਿ ਅਸਵਾਰੀਆਂ।(ਇਹ ਸਭ) ਝੂਠਾ ਦਿਖਾਵਾ ਤੇ ਝੂਠਾ ਪਸਾਰਾ ਹੈ; ਪਸਾਰਾ ਕਰਨ ਵਾਲਾ ਮਨੁੱਖ ਝੂਠਾ ਹੈ।ਜਿਸ ਪ੍ਰਭੂ ਨੇ (ਸਾਰਾ ਮਾਲ ਧਨ ਤੇ ਪਦਾਰਥ) ਦਿਤੇ ਹਨ, ਬੇਸਮਝ ਮਨੁੱਖ ਉਸ ਨੂੰ ਨਹੀਂ ਜਾਣਦਾ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਨੂੰ ਭੁਲਾ ਕੇ (ਜੀਵ ਅੰਤ) ਪਛਤਾਉਂਦਾ ਹੈ।੫।

ਪਦਾਰਥ = ਸੰਗਿ–ਨਾਲ।ਨ ਚਾਲਸਿ–ਨਹੀਂ ਜਾਵੇਗਾ।ਧਨਾ–ਧਨ।ਕਿਆ–ਕਿਉਂ।ਲਪਟਾਵਹਿ–ਚਿੰਬੜਦਾ ਹੈਂ।ਸੁਤ–ਪੁਤ੍ਰ।ਮੀਤ–ਮਿਤ੍ਰ।ਕੁਟੰਬ–ਪ੍ਰਵਾਰ।ਅਰੁ–ਅਤੇ।ਬਨਿਤਾ–ਇਸਤ੍ਰੀ।ਇਨ ਤੇ–ਇਨ੍ਹਾਂ ਤੋਂ (ਵਿਚੋਂ)।ਕਹਹੁ–ਕਹੋ; ਦੱਸੋ।ਕਵਨ–ਕੌਣ; ਕਿਸ ਦਾ। ਸਨਾਥਾ–ਉਹ ਸੁਖ ਵਾਲੀ ਹਾਲਤ ਜੋ ਮਾਲਕ ਵਾਲੇ ਦੀ ਹੁੰਦੀ ਹੈ।ਰੰਗ–ਅਨੰਦ।ਬਿਸਥਾਰ–ਪਸਾਰਾ; ਅਡੰਬਰ।ਛੁਟਕਾਰ–ਮੁਕਤੀ। ਅਸੁ–ਘੋੜੇ।ਹਸਤੀ–ਹਾਥੀ।ਡੰਫੁ–ਦਿਖਾਵਾ।ਪਾਸਾਰੀ–ਖਿਲਾਰਾ ਕਰਨ ਵਾਲਾ।ਬਿਗਾਨਾ–ਬੇ ਗਿਆਨਾ; ਬੇ ਸਮਝ।੫।

ਗੁਰ ਕੀ ਮਤਿ ਤੂੰ ਲੇਹਿ ਇਆਨੇ ॥ ਭਗਤਿ ਬਿਨਾ ਬਹੁ ਡੂਬੇ ਸਿਆਨੇ ॥ ਹਰਿ ਕੀ ਭਗਤਿ ਕਰਹੁ ਮਨ ਮੀਤ ॥ ਨਿਰਮਲ ਹੋਇ

www.GuruGranthVakhyaan.org

ਤੁਮ੍ਾਰੋ ਚੀਤ ॥ ਚਰਨ ਕਮਲ ਰਾਖਹੁ ਮਨ ਮਾਹਿ ॥ ਹੇ ਅਨਜਾਣ ਮਨੁੱਖ! ਤੂੰ ਗੁਰੂ ਦੀ ਸਿਖਿਆ ਪ੍ਰਾਪਤ ਕਰ ਲੈ।(ਕਿਉਂਕਿ) ਭਗਤੀ ਵਿਹੂਣੇ ਬਹੁਤ ਸਿਆਣੇ ਪੁਰਖ (ਸੰਸਾਰ ਸਮੁੰਦਰ ਵਿਚ) ਡੁਬ ਮਰੇ ਹਨ। ਹੇ ਮਨ ਦੇ ਮਿਤ੍ਰੋ! ਹਰੀ ਦੀ ਭਗਤੀ ਕਰੋ।(ਇਉਂ) ਤੁਹਾਡਾ ਚਿਤ ਪਵਿਤ੍ਰ ਹੋ ਜਾਵੇਗਾ।(ਗੁਰੂ ਦੇ) ਚਰਨ ਕਮਲ ਮਨ ਵਿਚ ਵਸਾਈ ਰੱਖੋ।

੨੯੯ = ਜਨਮ ਜਨਮ ਕੇ ਕਿਲਬਿਖ ਜਾਹਿ ॥ ਆਪਿ ਜਪਹੁ ਅਵਰਾ ਨਾਮੁ ਜਪਾਵਹੁ ॥ ਸੁਨਤ ਕਹਤ ਰਹਤ ਗਤਿ ਪਾਵਹੁ ॥ ਸਾਰ ਭੂਤ ਸਤਿ ਹਰਿ ਕੋ ਨਾਉ ॥ ਸਹਜਿ ਸੁਭਾਇ ਨਾਨਕ ਗੁਨ ਗਾਉ ॥੬॥ (ਇਸ ਨਾਲ ਤੇਰੇ) ਜਨਮਾਂ ਜਨਮਾਂ ਦੇ ਪਾਪ ਮਿਟ ਜਾਣਗੇ।(ਵਾਹਿਗੁਰੂ ਦਾ ਨਾਮ) ਆਪ ਜਪੋ ਤੇ ਹੋਰਨਾਂ ਨੂੰ ਵੀ ਜਪਾਵੋ। ਨਾਮ ਸੁਣਦਿਆਂ, ਨਾਮ ਉਚਾਰਦਿਆਂ ਤੇ (ਗੁਰੂ ਦੀ ਦੱਸੀ) ਰਹਿਤ ਰੱਖਦੇ ਹੋਏ ਮੁਕਤੀ ਪਾ ਲਵੋਂਗੇ। ਵਾਹਿਗੁਰੂ ਦਾ ਸੱਚਾ ਨਾਮ ਸਾਰੇ ਧਰਮਾਂ ਦਾ ਨਿਚੋੜ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਸਹਿਜ ਸੁਭਾਵਕ (ਨਿਰ ਯਤਨ) ਪ੍ਰਭੂ ਦੇ ਗੁਣ ਗਾਵੋ।੬।

ਪਦਾਰਥ = ਮਤਿ–ਸਿਖਿਆ। ਇਆਨੇ–ਹੇ ਅਨਜਾਣ ਮਨੁੱਖ!। ਬਹੁ–ਬਹੁਤ। ਮਾਹਿ–ਵਿਚ। ਕਿਲਬਿਖ–ਪਾਪ। ਸੁਨਤ–ਸੁਣਦਿਆਂ। ਕਹਤ–ਉਚਾਰਦਿਆਂ। ਰਹਤ–ਰਹਿਣੀ। ਗਤਿ–ਮੁਕਤੀ। ਸਾਰ ਭੂਤ–ਨਿਚੋੜ। ਸਹਜਿ ਸੁਭਾਇ–ਸੁਤੇ ਸਿਧ; ਨਿਰ ਯਤਨ।੬।

ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਹੋਹਿ ਅਚਿੰਤੁ ਬਸੈ ਸੁਖ ਨਾਲਿ ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥ ਛਾਡਿ ਸਿਆਨਪ ਸਗਲੀ ਮਨਾ ॥ ਸਾਧ ਸੰਗਿ ਪਾਵਹਿ ਸਚੁ ਧਨਾ ॥ ਹਰਿ ਪੂੰਜੀ ਸੰਚਿ ਕਰਹੁ ਬਿਉਹਾਰੁ ॥ ਈਹਾ ਸੁਖੁ ਦਰਗਹ ਜੈਕਾਰੁ ॥ ਸਰਬ ਨਿਰੰਤਰਿ ਏਕੋ ਦੇਖੁ ॥ ਕਹੁ ਨਾਨਕ ਜਾ ਕੈ ਮਸਤਕਿ ਲੇਖੁ ॥੭॥ (ਹੇ ਭਾਈ! ਪ੍ਰਭੂ ਦੇ) ਗੁਣ ਗਾਉਂਦਿਆਂ (ਪਾਪਾਂ ਦੀ ਸਾਰੀ) ਤੇਰੀ ਮੈਲ ਉਤਰ ਜਾਵੇਗੀ।(ਅਤੇ ਤੇਰੇ ਅੰਦਰ) ਫੈਲੀ ਹੋਈ ਹਉਮੈ ਦੀ ਜਹਿਰ ਵੀ ਨਾਸ਼ ਹੋ ਜਾਵੇਗੀ।(ਫਿਰ ਤੂੰ) ਬੇਫਿਕਰ ਹੋ ਕੇ ਸੁਖ ਨਾਲ ਬਸੇਂਗਾ।(ਇਸ ਲਈ) ਸਾਹ ਲੈਂਦਿਆਂ ਤੇ ਭੋਜਨ ਖਾਂਦਿਆਂ ਹਰੀ ਦੇ ਨਾਮ ਨੂੰ ਚੇਤੇ ਕਰ। ਹੇ ਮਨ! ਸਾਰੀਆਂ ਸਿਆਣਪਾਂ ਛਡ ਕੇ (ਤੂੰ) ਸਾਧ ਸੰਗਤ ਕਰ, (ਜਿਥੋਂ ਤੂੰ) ਸੱਚਾ ਨਾਮ ਧਨ ਪ੍ਰਾਪਤ ਕਰ ਲਵੇਂਗਾ। ਹਰੀ ਦੇ ਨਾਮ ਦੀ ਪੂੰਜੀ ਇਕੱਠੀ ਕਰ ਕੇ (ਇਸ ਨਾਲ) ਵਪਾਰ ਕਰ (ਆਪ ਜਪ ਤੇ ਹੋਰਨਾਂ ਨੂੰ ਜਪਾ। ਫਿਰ ਤੈਨੂੰ) ਇਸ ਜਨਮ ਵਿਚ ਸੁਖ ਮਿਲੇਗਾ ਤੇ ਰੱਬੀ ਦਰਗਾਹ ਵਿਚ ਵੀ (ਤੇਰੀ) ਜੈ ਜੈਕਾਰ ਹੋਵੇਗੀ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਰਿਆਂ ਦੇ ਅੰਦਰ ਪਰੀ ਪੂਰਨ ਇਕ ਪ੍ਰਭੂ ਨੂੰ ਦੇਖ।(ਪਰ ਦੇਖਦਾ ਉਹ ਹੀ ਹੈ) ਜਿਸ ਦੇ ਮੱਥੇ ਤੇ ਲੇਖ ਲਿਖਿਆ ਹੁੰਦਾ ਹੈ।੭।

ਪਦਾਰਥ = ਉਤਰਸਿ–ਉਤਰ ਜਾਵੇਗੀ। ਬਿਨਸਿ ਜਾਇ–ਨਾਸ਼ ਹੋ ਜਾਏਗੀ। ਬਿਖੁ–ਜਹਿਰ। ਫੈਲੁ–ਫੈਲੀ ਹੋਈ। ਹੋਹਿ–ਹੋ ਕੇ। ਅਚਿੰਤ–ਬੇ ਫਿਕਰ। ਸਾਸਿ–ਸਾਹ ਲੈਂਦਿਆਂ। ਗ੍ਰਾਸਿ–ਭੋਜਨ ਖਾਂਦਿਆਂ। ਸਮਾਲਿ–ਚੇਤੇ ਕਰ। ਸੰਚਿ–ਇਕੱਠਾ ਕਰਕੇ। ਬਿਉਹਾਰੁ–ਵਪਾਰ। ਈਹਾ–ਇਸ ਜਨਮ ਵਿਚ। ਜੈਕਾਰੁ–ਜਿੱਤ; ਸਨਮਾਨ; ਜੀ ਆਇਆਂ। ਨਿਰੰਤਰਿ–ਅੰਦਰ। ਜਾ ਕੈ–ਜਿਸ ਦੇ। ਮਸਤਕਿ–ਮੱਥੇ ਤੇ।੭।

ਏਕੋ ਜਪਿ ਏਕੋ ਸਾਲਾਹਿ ॥ ਏਕੁ ਸਿਮਰਿ ਏਕੋ ਮਨ ਆਹਿ ॥ ਏਕਸ ਕੇ ਗੁਨ ਗਾਉ ਅਨੰਤ ॥ ਮਨਿ ਤਨਿ ਜਾਪਿ ਏਕ ਭਗਵੰਤ ॥ ਏਕੋ ਏਕੁ ਏਕੁ ਹਰਿ ਆਪਿ ॥ ਪੂਰਨ ਪੂਰਿ ਰਹਿਓ ਪ੍ਰਭੁ ਬਿਆਪਿ ॥ ਅਨਿਕ ਬਿਸਥਾਰ ਏਕ ਤੇ ਭਏ ॥ ਏਕੁ ਅਰਾਧਿ ਪਰਾਛਤ ਗਏ ॥ ਮਨ ਤਨ ਅੰਤਰਿ ਏਕੁ ਪ੍ਰਭੁ ਰਾਤਾ ॥ ਗੁਰ ਪ੍ਰਸਾਦਿ ਨਾਨਕ ਇਕੁ ਜਾਤਾ ॥੮॥੧੯॥ (ਹੇ ਭਾਈ!) ਇਕ ਵਾਹਿਗੁਰੂ ਨੂੰ ਜਪ ਤੇ ਇਕ ਵਾਹਿਗੁਰੂ ਦੀ ਹੀ ਸਿਫਤ ਸਲਾਹ ਕਰ। ਇਕ ਨੂੰ ਹੀ ਸਿਮਰ ਤੇ ਇਕ ਦੀ ਹੀ ਮਨ ਵਿਚ ਇੱਛਾ ਕਰ। ਇਕ ਪ੍ਰਭੂ ਦੇ ਅਨੰਤ ਗੁਣਾਂ ਨੂੰ ਗਾਇਆ ਕਰ। ਮਨ ਕਰਕੇ ਤੇ ਤਨ ਕਰਕੇ ਇਕ ਵਾਹਿਗੁਰੂ ਨੂੰ ਹੀ ਜਪ।(ਭੂਤ, ਵਰਤਮਾਨ ਤੇ ਭਵਿੱਖ ਵਿਚ ਉਹ) ਪ੍ਰਭੂ ਇਕੋ ਇਕ ਆਪ ਹੀ ਹੈ (ਸਦਾ ਥਿਰ ਹੈ ਤੇ ਉਸ ਵਰਗਾ ਸਮਰੱਥ ਹੋਰ ਕੋਈ ਨਹੀਂ)। ਪੂਰਨ ਪ੍ਰਭੂ ਪੂਰਨ ਹੋ ਕੇ ਸਾਰੇ ਵਿਆਪਕ ਹੋ ਰਿਹਾ ਹੈ। ਇਕ ਪ੍ਰਭੂ ਤੋਂ ਹੀ (ਸ੍ਰਿਸਟੀ ਦੇ) ਅਨੇਕਾਂ ਪਸਾਰੇ ਪੈਦਾ ਹੋਏ ਹਨ।(ਜਿਨ੍ਹਾਂ ਪੁਰਖਾਂ ਨੇ) ਇਕ ਨੂੰ ਸਿਮਰਿਆ ਹੈ, (ਉਨ੍ਹਾਂ ਦੇ ਸਾਰੇ) ਪਾਪ ਨਾਸ਼ ਹੋ ਗਏ ਹਨ। ਨਾਨਕ ਗੁਰੂ ਜੀ ਆਖਦੇ ਹਨ (ਕਿ ਜਿਨ੍ਹਾਂ ਪੁਰਖਾਂ ਦੇ) ਮਨ ਤੇ ਤਨ ਦੇ ਅੰਦਰ ਇਕ ਪ੍ਰਭੂ ਰਚਿਆ ਹੋਇਆ ਹੈ।(ਉਨ੍ਹਾਂ ਨੇ) ਗੁਰੂ ਦੀ ਕ੍ਰਿਪਾ ਨਾਲ ਇਕ ਪ੍ਰਭੂ ਨੂੰ ਜਾਣ ਲਿਆ ਹੈ।੮।੧੯।

ਪਦਾਰਥ = ਏਕੋ–ਇਕ ਪ੍ਰਭੂ ਨੂੰ। ਮਨ ਆਹਿ–ਮਨ ਵਿਚ ਇੱਛਾ ਕਰ। ਅਨੰਤ–ਬੇਅੰਤ। ਭਗਵੰਤ–ਭਗਵਾਨ। ਪੂਰਨ ਪੂਰਿ–ਪੂਰਨ ਪ੍ਰਭੂ ਪੂਰਨ ਹੋ ਕੇ। ਰਹਿਓ ਬਿਆਪਿ–ਵਿਆਪਕ ਹੋ ਰਿਹਾ ਹੈ। ਬਿਸਥਾਰ–ਪਸਾਰੇ। ਏਕ ਤੇ–ਇਕ ਵਾਹਿਗੁਰੂ ਤੋਂ। ਭਏ–ਹੋਏ। ਅਰਾਧਿ–ਅਰਾਧਿਆ। ਪਰਾਛਤ–ਪਾਪ। ਰਾਤਾ–ਰਚਿਆ ਹੈ। ਜਾਤਾ–ਜਾਣਿਆ ਹੈ।੮।੧੯।

ਸਲੋਕੁ ॥ ਫਿਰਤ ਫਿਰਤ ਪ੍ਰਭ ਆਇਆ, ਪਰਿਆ ਤਉ ਸਰਨਾਇ ॥ ਨਾਨਕ ਕੀ ਪ੍ਰਭ ਬੇਨਤੀ, ਅਪਨੀ ਭਗਤੀ ਲਾਇ ॥੧॥ ਹੇ ਪ੍ਰਭੂ! (ਮੈਂ ਅਨੇਕਾਂ ਜੋਨੀਆਂ ਵਿਚ) ਫਿਰਦਾ ਫਿਰਦਾ (ਮਨੁੱਖਾ ਜਨਮ ਵਿਚ) ਆਇਆ ਹਾਂ (ਅਤੇ ਹੁਣ) ਤੇਰੀ ਸਰਣ ਵਿਚ ਪਿਆ ਹਾਂ।(ਦਾਸ) ਨਾਨਕ ਦੀ ਬੇਨਤੀ ਹੈ ਕਿ ਹੇ ਪ੍ਰਭੂ! (ਮੈਨੂੰ) ਅਪਣੀ ਭਗਤੀ ਵਿਚ ਲਗਾ ਲੈ।੧।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਫਿਰਤ ਫਿਰਤ–ਫਿਰਦਾ ਫਿਰਦਾ। ਪਰਿਆ–ਪਿਆ ਹਾਂ। ਤਉ–ਤੇਰੀ। ਲਾਇ–ਲਗਾ ਲੈ।੧।
ਅਸਟਪਦੀ ॥ ਜਾਚਕੁ ਜਨੁ ਜਾਚੈ ਪ੍ਰਭ ਦਾਨੁ ॥ ਕਰਿ ਕਿਰਪਾ ਦੇਵਹੁ ਹਰਿ ਨਾਮੁ ॥ ਸਾਧ ਜਨਾ ਕੀ ਮਾਗਉ ਧੂਰਿ ॥ ਪਾਰਬ੍ਰਹਮ ਮੇਰੀ ਸਾਰਧਾ ਪੂਰਿ ॥ ਸਦਾ ਸਦਾ ਪ੍ਰਭ ਕੇ ਗੁਨ ਗਾਵਉ ॥ ਸਾਸਿ ਸਾਸਿ ਪ੍ਰਭ ਤੁਮਹਿ ਧਿਆਵਉ ॥ ਚਰਨ ਕਮਲ ਸਿਉ ਲਾਗੈ ਪ੍ਰੀਤਿ ॥ ਭਗਤਿ ਕਰਉ ਪ੍ਰਭ ਕੀ ਨਿਤ ਨੀਤਿ ॥ ਏਕ ਓਟ ਏਕੋ ਆਧਾਰੁ ॥ ਨਾਨਕ ਮਾਗੈ ਨਾਮੁ ਪ੍ਰਭ ਸਾਰੁ ॥੧॥ ਹੇ ਪ੍ਰਭੂ! (ਮੈਂ ਤੇਰਾ) ਦਾਸ ਮੰਗਤਾ (ਤੈਥੋਂ ਇਹ) ਦਾਨ ਮੰਗਦਾ ਹੈ। ਕ੍ਰਿਪਾ ਕਰਕੇ (ਮੈਨੂੰ) ਹਰੀ ਦਾ ਨਾਮ ਦੇਵੋ। (ਇਸ ਦੇ ਨਾਲ ਮੈਂ) ਸਾਧੂ ਪੁਰਖਾਂ (ਦੇ ਚਰਨਾਂ) ਦੀ ਧੂੜ ਵੀ ਮੰਗਦਾ ਹਾਂ। ਹੇ ਪ੍ਰਭੂ! ਮੇਰੀ ਸ਼ਰਧਾ ਪੂਰੀ ਕਰ। (ਤਾਂ ਕਿ ਮੈਂ ਸਾਧ ਸੰਗਤ ਵਿਚ) ਸਦਾ ਸਦਾ ਪ੍ਰਭੂ ਦੇ ਗੁਣ ਗਾਉਂਦਾ ਰਹਾਂ। ਅਤੇ ਹੇ ਪ੍ਰਭੂ! ਹਰੇਕ ਸਾਹ ਦੇ ਨਾਲ ਤੈਨੂੰ ਸਿਮਰਦਾ ਰਹਾਂ। (ਤਾਂ ਕਿ ਮੇਰੀ ਆਪ ਦੇ) ਚਰਨਾਂ ਕਮਲਾਂ ਨਾਲ ਪ੍ਰੀਤ ਲੱਗ ਜਾਵੇ। ਹਰ ਰੋਜ ਪ੍ਰਭੂ ਦੀ ਭਗਤੀ ਕਰਦਾ ਰਹਾਂ। (ਮੇਰੇ ਮਨ ਨੂੰ) ਇਕ ਤੇਰੀ ਓਟ ਹੈ ਤੇ (ਤਨ ਨੂੰ ਵੀ) ਇਕ ਤੇਰਾ ਹੀ ਆਸਰਾ ਹੈ। ਹੇ ਪ੍ਰਭੂ! ਨਾਨਕ (ਤੇਰੇ ਪਾਸੋਂ ਤੇਰਾ) ਸ੍ਰੇਸਟ ਨਾਮ ਮੰਗਦਾ ਹੈ; ਤੱਤ ਰੂਪ ਨਾਮ ਮੰਗਦਾ ਹੈ।੧।
ਪਦਾਰਥ = ਜਾਚਕ ਜਨੁ–ਦਾਸ ਮੰਗਤਾ। ਜਾਚੈ–ਮੰਗਦਾ ਹੈ। ਧੂਰਿ–ਚਰਨ ਧੂੜ। ਮਾਗਉ–(ਮੈਂ) ਮੰਗਦਾ ਹਾਂ। ਸਰਧਾ–ਭਾਵਨਾ; ਇੱਛਾ। ਪੂਰਿ–ਪੂਰੀ ਕਰ। ਤੁਮਹਿ–ਤੈਨੂੰ। ਸਿਉ–ਨਾਲ। ਨਿਤ ਨੀਤਿ–ਹਰ ਰੋਜ (ਸਦਾ ਹੀ)। ਆਧਾਰੁ–ਆਸਰਾ। ਸਾਰੁ–ਸ੍ਰੇਸਟ।੧।
ਪ੍ਰਭ ਕੀ ਦ੍ਰਿਸਟਿ ਮਹਾ ਸੁਖੁ ਹੋਇ ॥ ਹਰਿ ਰਸੁ ਪਾਵੈ ਬਿਰਲਾ ਕੋਇ ॥ ਜਿਨ ਚਾਖਿਆ ਸੇ ਜਨ ਤ੍ਰਿਪਤਾਨੇ ॥ ਪੂਰਨ ਪੁਰਖ ਨਹੀ ਡੋਲਾਨੇ ॥ ਸੁਭਰ ਭਰੇ ਪ੍ਰੇਮ ਰਸ ਰੰਗਿ ॥ ਉਪਜੈ ਚਾਉ ਸਾਧ ਕੈ ਸੰਗਿ ॥ ਪਰੇ ਸਰਨਿ ਆਨ ਸਭ ਤਿਆਗਿ ॥ ਅੰਤਰਿ ਪ੍ਰਗਾਸ ਅਨਦਿਨੁ ਲਿਵ ਲਾਗਿ ॥ ਬਡਭਾਗੀ ਜਪਿਆ ਪ੍ਰਭੁ ਸੋਇ ॥ ਨਾਨਕ ਨਾਮਿ ਰਤੇ ਸੁਖੁ ਹੋਇ ॥੨॥ (ਹੇ ਭਾਈ!) ਪ੍ਰਭੂ ਦੀ ਕ੍ਰਿਪਾ ਦ੍ਰਿਸਟੀ (ਪ੍ਰਾਪਤ ਹੋਣ) ਨਾਲ ਮਹਾਨ ਸੁਖ ਹੁੰਦਾ ਹੈ। (ਕ੍ਰਿਪਾ ਦ੍ਰਿਸਟੀ ਨਾਲ ਮਿਲਿਆ) ਹਰੀ ਦਾ ਨਾਮ ਰਸ ਕੋਈ ਵਿਰਲਾ ਪੁਰਖ ਹੀ ਪ੍ਰਾਪਤ ਕਰਦਾ ਹੈ। ਜਿਨ੍ਹਾਂ ਨੇ (ਨਾਮ ਰਸ) ਚੱਖਿਆ ਹੈ, ਉਹ ਪੁਰਖ ਰੱਜ ਗਏ ਹਨ। (ਉਹ) ਪੂਰਨ ਪੁਰਖ ਬਣ ਗਏ ਹਨ, (ਫਿਰ ਕਦੇ ਉਹ) ਡੋਲਦੇ ਨਹੀਂ। (ਉਹ) ਪ੍ਰੇਮ ਰਸ ਦੇ ਅਨੰਦ ਨਾਲ ਨੱਕੋ ਨੱਕ ਭਰੇ ਰਹਿੰਦੇ ਹਨ। (ਅਜੇਹੇ) ਸਾਧੂਆਂ ਦੇ ਸੰਗ ਵਿਚ (ਨਾਮ ਰਸ ਦੀ ਪ੍ਰਾਪਤੀ ਦਾ) ਚਾਉ ਪੈਦਾ ਹੁੰਦਾ ਹੈ। ਹੋਰ ਸਭ (ਦਾ ਆਸਰਾ) ਛਡ ਕੇ (ਜੋ ਪੁਰਖ ਅਜੇਹੇ ਸਾਧੂਆਂ ਦੀ) ਸਰਨ ਵਿਚ ਆ ਪਏ ਹਨ। (ਉਨ੍ਹਾਂ ਦੇ) ਅੰਦਰ ਗਿਆਨ ਦਾ ਪ੍ਰਕਾਸ਼ ਹੋ ਗਿਆ ਹੈ ਤੇ ਦਿਨ ਰਾਤ (ਉਨ੍ਹਾਂ ਦੀ ਪ੍ਰਭੂ ਵਿਚ) ਲਿਵ ਲਗੀ ਰਹਿੰਦੀ ਹੈ। ਵੱਡੇ ਭਾਗਾਂ ਵਾਲੇ ਪੁਰਖਾਂ ਨੇ ਉਸ ਪ੍ਰਭੂ ਨੂੰ ਜਪਿਆ ਹੈ। ਹੇ ਨਾਨਕ! ਨਾਮ ਵਿਚ ਰੰਗੇ ਹੋਏ ਪੁਰਖਾਂ ਨੂੰ ਸੁਖ ਪ੍ਰਾਪਤ ਹੁੰਦਾ ਹੈ।੨।
ਪਦਾਰਥ = ਦ੍ਰਿਸਟਿ–ਮੇਹਰ ਦੀ ਨਜਰ। ਜਿਨ–ਜਿਨ੍ਹਾਂ ਪੁਰਖਾਂ ਨੇ। ਚਾਖਿਆ–ਖਾਧਾ। ਸੇ ਜਨ–ਉਹ ਪੁਰਖ। ਤ੍ਰਿਪਤਾਨੇ–ਰੱਜ ਗਏ। ਡੋਲਾਨੇ–ਡੋਲਦੇ ਨਹੀ। ਸੁਭਰ ਭਰੇ–ਕੰਢਿਆਂ ਤਕ ਪੂਰਾ ਭਰਿਆ ਹੋਇਆ। ਰਸ ਰੰਗਿ–ਸੁਆਦ ਦੇ ਅਨੰਦ ਨਾਲ। ਪਰੇ–ਪਏ ਹਨ। ਆਨ–ਹੋਰ। ਤਿਆਗਿ–ਛਡ ਕੇ। ਅੰਤਰਿ–ਅੰਦਰ। ਲਿਵ ਲਾਗਿ–ਸੁਰਤ ਜੁੜੀ ਰਹਿੰਦੀ ਹੈ। ਨਾਮਿ ਰਤੇ–ਨਾਮ ਵਿਚ ਰੰਗੇ ਹੋਇਆਂ ਨੂੰ।੨।
ਸੇਵਕ ਕੀ ਮਨਸਾ ਪੂਰੀ ਭਈ ॥ ਸਤਿਗੁਰ ਤੇ ਨਿਰਮਲ ਮਤਿ ਲਈ ॥ ਜਨ ਕਉ ਪ੍ਰਭੁ ਹੋਇਓ ਦਇਆਲੁ ॥ ਸੇਵਕੁ ਕੀਨੋ ਸਦਾ ਨਿਹਾਲੁ ॥ ਬੰਧਨ ਕਾਟਿ ਮੁਕਤਿ ਜਨੁ ਭਇਆ ॥ ਜਨਮ ਮਰਨ ਦੂਖੁ ਭ੍ਰਮੁ ਗਇਆ ॥ ਇਛ ਪੁਨੀ ਸਰਧਾ ਸਭ ਪੂਰੀ ॥ ਰਵਿ ਰਹਿਆ ਸਦ ਸੰਗਿ ਹਜੂਰੀ ॥ ਜਿਸ ਕਾ ਸਾ ਤਿਨਿ ਲੀਆ ਮਿਲਾਇ ॥ ਨਾਨਕ ਭਗਤੀ ਨਾਮਿ ਸਮਾਇ ॥੩॥ (ਉਸ) ਸੇਵਕ ਦੇ ਮਨ ਦੀ ਇੱਛਾ ਪੂਰੀ ਹੋਈ ਹੈ। (ਜਿਸ ਨੇ) ਸੱਚੇ ਗੁਰੂ ਤੋਂ ਪਵਿਤ੍ਰ ਸਿਖਿਆ ਲਈ ਹੈ। (ਅਜੇਹੇ) ਸੇਵਕ ਉਤੇ ਪ੍ਰਭੂ ਦਿਆਲ ਹੋਇਆ ਹੈ। (ਅਤੇ ਪ੍ਰਭੂ ਨੇ) ਸੇਵਕ ਨੂੰ ਸਦਾ ਲਈ ਨਿਹਾਲ ਕਰ ਦਿਤਾ ਹੈ। (ਉਹ) ਸੇਵਕ ਬੰਧਨਾਂ ਨੂੰ ਕੱਟ ਕੇ ਮੁਕਤ ਹੋ ਗਿਆ ਹੈ। ਜਨਮ ਮਰਨ ਵਿਚ ਪਾਉਣ ਵਾਲਾ (ਉਸ ਦਾ) ਦੁਖ ਤੇ ਭਰਮ ਦੂਰ ਹੋ ਗਿਆ ਹੈ। (ਸੇਵਕ ਦੀ ਮੁਕਤੀ ਦੀ) ਇੱਛਾ ਪੂਰੀ ਹੋ ਗਈ ਤੇ (ਪ੍ਰਭੂ ਦੇ ਮਿਲਾਪ ਦੀ) ਸ਼ਰਧਾ ਵੀ ਪੂਰੀ ਹੋ ਗਈ। (ਸਭ ਜਗ੍ਹਾ) ਵਿਆਪਕ ਹੋ ਰਿਹਾ ਪ੍ਰਭੂ (ਸੇਵਕ ਨੂੰ ਅਪਣੇ) ਅੰਗ ਸੰਗ ਦਿਸਦਾ ਹੈ ਅਤੇ ਸਦਾ (ਉਹ ਅਪਣੇ ਆਪ ਨੂੰ ਪ੍ਰਭੂ ਦੀ) ਹਜੂਰੀ ਵਿਚ ਪ੍ਰਤੀਤ ਕਰਦਾ ਹੈ। ਜਿਸ ਪ੍ਰਭੂ ਦਾ (ਉਹ ਸੇਵਕ ਬਣਿਆ) ਸੀ, ਉਸ ਨੇ (ਸੇਵਕ ਨੂੰ ਅਪਣੇ ਨਾਲ) ਮਿਲਾ ਲਿਆ। ਨਾਨਕ ਗੁਰੂ ਜੀ ਆਖਦੇ ਹਨ (ਕਿ ਸੇਵਕ) ਭਗਤੀ ਕਰਕੇ ਨਾਮੀ ਪ੍ਰਭੂ ਵਿਚ ਸਮਾ ਗਿਆ ਹੈ।੩।
ਪਦਾਰਥ = ਮਨਸਾ–ਮਨ ਦੀ ਇੱਛਾ। ਭਈ–ਹੋਈ। ਨਿਰਮਲ–ਪਵਿਤ੍ਰ। ਮਤਿ–ਸਿੱਖਿਆ। ਜਨ ਕਉ–ਸੇਵਕ ਨੂੰ (ਉਤੇ)। ਨਿਹਾਲੁ–ਦੁੱਖ ਰਹਿਤ। ਭਇਆ–ਹੋ ਗਿਆ। ਪੁਨੀ–ਪੂਰੀ। ਰਵਿ ਰਹਿਆ–ਸਭ ਜਗ੍ਹਾ ਵਿਆਪਕ ਹੋ ਰਿਹਾ। ਸਮਾਇ–ਲੀਨ ਹੋ ਗਿਆ।੩।
ਸੋ ਕਿਉ ਬਿਸਰੈ ਜਿ ਘਾਲ ਨ ਭਾਨੈ ॥ ਸੋ ਕਿਉ ਬਿਸਰੈ ਜਿ ਕੀਆ ਜਾਨੈ ॥ ਉਹ (ਪ੍ਰਭੂ ਸਾਨੂੰ) ਕਿਉਂ ਭੁੱਲ ਜਾਵੇ, ਜਿਹੜਾ (ਮਨੁੱਖ ਦੀ) ਕੀਤੀ ਕਮਾਈ ਬਿਅਰਥ ਨਹੀਂ ਜਾਣ ਦਿੰਦਾ। ਉਹ ਪ੍ਰਭੂ ਕਿਉਂ ਭੁੱਲ ਜਾਵੇ, ਜੋ ਕੀਤੀ (ਘਾਲ ਨੂੰ) ਨੂੰ ਜਾਣਦਾ ਹੈ (ਮਨੁੱਖ ਦੇ ਕੀਤੇ ਸ਼ੁੱਭ ਕਰਮ ਪੁੰਨ ਦਾਨ ਭਜਨ ਪਾਠ ਆਦਿ ਨੂੰ ਜਾਣਦਾ ਹੈ, ਉਸ ਦੀ ਕਦਰ ਕਰਦਾ ਹੈ ਤੇ ਉਸਦਾ ਫਲ ਦੇਂਦਾ ਹੈ)।

All Rights Reserved by Harjinder Singh Gyani | www.GuruGranthVakhyaan.org

ਅੰਗ ੨੯੦ = ਸੋ ਕਿਉ ਬਿਸਰੈ ਜਿਨਿ ਸਭੁ ਕਿਛੁ ਦੀਆ ॥ ਸੋ ਕਿਉ ਬਿਸਰੈ ਜਿ ਜੀਵਨ ਜੀਆ ॥ ਸੋ ਕਿਉ ਬਿਸਰੈ ਜਿ ਅਗਨਿ ਮਹਿ ਰਾਖੈ ॥ ਗੁਰ ਪ੍ਰਸਾਦਿ ਕੋ ਬਿਰਲਾ ਲਾਖੈ ॥ ਸੋ ਕਿਉ ਬਿਸਰੈ ਜਿ ਬਿਖੁ ਤੇ ਕਾਢੈ ॥ ਜਨਮ ਜਨਮ ਕਾ ਟੂਟਾ ਗਾਢੈ ॥ ਗੁਰਿ ਪੂਰੈ ਤਤੁ ਇਹੈ ਬੁਝਾਇਆ ॥ ਪ੍ਰਭੁ ਅਪਨਾ ਨਾਨਕ ਜਨ ਧਿਆਇਆ ॥੪॥ ਉਹ ਪ੍ਰਭੂ ਕਿਉਂ ਭੁੱਲੇ, ਜਿਸ ਨੇ (ਸਾਨੂੰ) ਸਭ ਕੁਝ ਦਿਤਾ ਹੈ। ਉਹ ਪ੍ਰਭੂ ਕਿਉਂ ਭੁੱਲੇ, ਜਿਹੜਾ ਜੀਵਾਂ ਦਾ ਜੀਵਨ ਹੈ (ਜੀਵਾਂ ਨੂੰ ਜੀਵਨ ਦੇਣ ਵਾਲਾ ਹੈ)। ਉਹ ਪ੍ਰਭੂ ਕਿਉਂ ਭੁੱਲੇ, ਜਿਹੜਾ (ਮਾਂ ਦੇ ਪੇਟ ਦੀ) ਅੱਗ ਵਿਚ ਬਚਾ ਕੇ ਰੱਖਦਾ ਹੈ। (ਇਸ ਗਲ ਨੂੰ) ਕੋਈ ਬਿਰਲਾ ਮਨੁੱਖ ਗੁਰੂ ਦੀ ਕ੍ਰਿਪਾ ਨਾਲ ਜਾਣਦਾ ਹੈ। ਉਹ ਕਿਉਂ ਭੁੱਲੇ, ਜਿਹੜਾ ਪ੍ਰਭੂ ਮਾਇਆ ਦੀ ਜਹਿਰ ਤੋਂ ਕੱਢਦਾ ਹੈ। ਜਨਮ ਜਨਮ ਦੇ ਟੁੱਟੇ ਹੋਏ ਮਨੁੱਖ ਨੂੰ (ਪ੍ਰਭੂ ਅਪਣੇ ਨਾਲ) ਜੋੜਦਾ ਹੈ। ਹੇ ਨਾਨਕ! (ਜਿਨ੍ਹਾਂ ਨੂੰ) ਪੂਰੇ ਗੁਰੂ ਨੇ ਇਹ ਸਿਧਾਂਤ ਸਮਝਾਇਆ ਹੈ, ਉਨ੍ਹਾਂ ਦਾਸਾਂ ਨੇ ਅਪਣੇ ਪ੍ਰਭੂ ਨੂੰ ਸਿਮਰਿਆ ਹੈ।੪।

ਪਦਾਰਥ = ਸੋ–ਉਹ ਪ੍ਰਭੂ। ਜਿ–ਜਿਹੜਾ (ਪ੍ਰਭੂ)। ਘਾਲ–ਕਮਾਈ। ਨ ਭਾਨੈ–ਭੰਨਦਾ ਨਹੀਂ; ਬਿਅਰਥ ਨਹੀਂ ਜਾਣ ਦਿੰਦਾ। ਕੀਆ–ਕੀਤਾ (ਕੀਤੀ ਘਾਲ)। ਜਿਨਿ–ਜਿਸ ਨੇ। ਜੀਵਨ ਜੀਆ–ਜੀਵਾਂ ਦਾ ਜੀਵਨ। ਅਗਨਿ–(ਮਾਂ ਦੇ ਪੇਟ ਦੀ) ਅੱਗ ਵਿਚ। ਲਾਖੈ– ਜਾਣਦਾ ਹੈ। ਬਿਖੁ–(ਮਾਇਆ ਜਾਂ ਵਿਸ਼ਿਆਂ ਦੀ) ਜਹਿਰ। ਤੇ–ਤੋਂ। ਗਾਢੈ–ਗੰਢਦਾ (ਜੋੜਦਾ) ਹੈ। ਤਤੁ–ਸਿਧਾਂਤ; ਅਸਲੀਅਤ।੪।

ਸਾਜਨ ਸੰਤ ਕਰਹੁ ਇਹੁ ਕਾਮੁ ॥ ਆਨ ਤਿਆਗਿ ਜਪਹੁ ਹਰਿ ਨਾਮੁ ॥ ਸਿਮਰਿ ਸਿਮਰਿ ਸਿਮਰਿ ਸੁਖ ਪਾਵਹੁ ॥ ਆਪਿ ਜਪਹੁ ਅਵਰਹ ਨਾਮੁ ਜਪਾਵਹੁ ॥ ਭਗਤਿ ਭਾਇ ਤਰੀਐ ਸੰਸਾਰੁ ॥ ਬਿਨੁ ਭਗਤੀ ਤਨੁ ਹੋਸੀ ਛਾਰੁ ॥ ਸਰਬ ਕਲਿਆਣ ਸੂਖ ਨਿਧਿ ਨਾਮੁ ॥ ਬੂਡਤ ਜਾਤ ਪਾਏ ਬਿਸ੍ਰਾਮੁ ॥ ਸਗਲ ਦੂਖ ਕਾ ਹੋਵਤ ਨਾਸੁ ॥ ਨਾਨਕ ਨਾਮੁ ਜਪਹੁ ਗੁਨਤਾਸੁ ॥੫॥ ਹੇ ਸੱਜਣੋਂ! ਹੇ ਸੰਤ ਜਨੋਂ! (ਤੁਸੀਂ ਸਾਰੇ) ਇਹ ਕੰਮ ਕਰੋ। ਹੋਰ (ਕਰਮ ਕਾਂਡ) ਛਡ ਕੇ ਹਰੀ ਦਾ ਨਾਮ ਜਪੋ। ਮਨ ਤਨ ਤੇ ਬਾਣੀ ਦੁਆਰਾ ਸਿਮਰ ਸਿਮਰ ਕੇ ਸੁਖ ਪ੍ਰਾਪਤ ਕਰ ਲਵੋ। ਆਪ ਜਪੋ ਤੇ ਹੋਰਨਾਂ ਨੂੰ ਵੀ ਨਾਮ ਜਪਾਵੋ। (ਕਿਉਂਕਿ) ਪ੍ਰੇਮਾ ਭਗਤੀ ਦੁਆਰਾ (ਸੰਸਾਰ ਸਾਗਰ ਤੋਂ) ਤਰ ਜਾਈਦਾ ਹੈ। ਭਗਤੀ ਤੋਂ ਬਿਨਾ ਸਰੀਰ ਸੁਆਹ (ਨਿਸਫਲ) ਹੋ ਜਾਵੇਗਾ। ਸਾਰੀਆਂ ਖੁਸ਼ੀਆਂ ਤੇ ਸੁੱਖਾਂ ਦਾ ਖਜਾਨਾ (ਵਾਹਿਗੁਰੂ ਦਾ) ਨਾਮ ਹੈ। (ਨਾਮ ਜਪਣ ਵਾਲਾ ਮਨੁੱਖ ਸੰਸਾਰ ਸਾਗਰ ਜਾਂ ਵਿਕਾਰਾਂ ਵਿਚ) ਡੁਬਦਾ ਜਾਂਦਾ ਵੀ ਟਿਕਾਣਾ (ਆਸਰਾ) ਪਾ ਲੈਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਗੁਣਾਂ ਦੇ ਖਜਾਨੇ ਵਾਹਿਗੁਰੂ ਦਾ ਨਾਮ ਜਪੋ, (ਜਿਸ ਨਾਲ) ਸਾਰੇ ਦੁਖਾਂ ਦਾ ਖਾਤਮਾ ਹੋ ਜਾਂਦਾ ਹੈ।੫।

ਪਦਾਰਥ = ਕਾਮੁ–ਕੰਮ। ਆਨ–ਹੋਰ। ਅਵਰਹ–ਹੋਰਨਾਂ ਨੂੰ। ਭਗਤਿ ਭਾਇ–ਪ੍ਰੇਮਾ ਭਗਤੀ ਨਾਲ। ਹੋਸੀ–ਹੋਵੇਗਾ। ਛਾਰੁ–ਸੁਆਹ (ਨਿਸ ਫਲ)। ਕਲਿਆਣ–ਖੁਸ਼ੀਆਂ। ਨਿਧਿ–ਖਜਾਨਾ। ਬੂਡਤ ਜਾਤ–ਡੁਬਦਾ ਜਾਂਦਾ। ਬਿਸ੍ਰਾਮੁ–ਟਿਕਾਣਾ। ਗੁਨ ਤਾਸੁ–ਗੁਣਾਂ ਦਾ ਖਜਾਨਾ।੫।

ਉਪਜੀ ਪ੍ਰੀਤਿ ਪ੍ਰੇਮ ਰਸੁ ਚਾਉ ॥ ਮਨ ਤਨ ਅੰਤਰਿ ਇਹੀ ਸੁਆਉ ॥ ਨੇਤ੍ਰਹੁ ਪੇਖਿ ਦਰਸੁ ਸੁਖੁ ਹੋਇ ॥ ਮਨੁ ਬਿਗਸੈ ਸਾਧ ਚਰਨ ਧੋਇ ॥ ਭਗਤ ਜਨਾ ਕੈ ਮਨਿ ਤਨਿ ਰੰਗੁ ॥ ਬਿਰਲਾ ਕੋਊ ਪਾਵੈ ਸੰਗੁ ॥ ਏਕ ਬਸਤੁ ਦੀਜੈ ਕਰਿ ਮਇਆ ॥ ਗੁਰ ਪ੍ਰਸਾਦਿ ਨਾਮੁ ਜਪਿ ਲਇਆ ॥ ਤਾ ਕੀ ਉਪਮਾ ਕਹੀ ਨ ਜਾਇ ॥ ਨਾਨਕ ਰਹਿਆ ਸਰਬ ਸਮਾਇ ॥੬॥ (ਜਿਸ ਮਨੁੱਖ ਦੇ ਅੰਦਰ ਪ੍ਰਭੂ ਦੀ) ਪ੍ਰੀਤ ਪੈਦਾ ਹੋਈ ਹੈ, (ਪ੍ਰਭੂ ਦੇ) ਪ੍ਰੇਮ ਦਾ ਅਨੰਦ ਤੇ ਚਾਉ ਪੈਦਾ ਹੋਇਆ ਹੈ। (ਉਸ ਦੇ) ਮਨ ਤੇ ਤਨ ਅੰਦਰ ਇਹੋ ਹੀ ਸੁਆਦ; ਪ੍ਰਯੋਜਨ ਹੈ। ਅੱਖਾਂ ਨਾਲ (ਨਾਮ ਰਸੀਏ ਸਾਧੂ ਦਾ) ਦਰਸ਼ਨ ਦੇਖ ਕੇ ਸੁੱਖ ਹੁੰਦਾ ਹੈ। (ਅਜੇਹੇ) ਸਾਧੂਆਂ ਦੇ ਚਰਨ ਧੋ ਕੇ ਮਨ ਖਿੜ ਜਾਂਦਾ ਹੈ। ਭਗਤ ਜਨਾਂ ਦੇ ਮਨ ਤੇ ਤਨ ਵਿਚ (ਪ੍ਰਭੂ ਦਾ) ਪ੍ਰੇਮ ਹੈ। (ਅਜੇਹੇ) ਭਗਤਾਂ ਦਾ ਸਾਥ ਕੋਈ ਵਿਰਲਾ ਮਨੁੱਖ ਪ੍ਰਾਪਤ ਕਰਦਾ ਹੈ। ਮੇਹਰ ਕਰਕੇ (ਹੇ ਪ੍ਰਭੂ! ਸਾਨੂੰ ਨਾਮ ਰੂਪ) ਇਕ ਵਸਤੂ ਬਖਸ ਦੇਵੋ। (ਤਾਂ ਜੋ ਅਸੀਂ) ਗੁਰੂ ਦੀ ਕ੍ਰਿਪਾ ਨਾਲ ਨਾਮ ਜਪ ਲਿਆ ਕਰੀਏ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਪ੍ਰਭੂ ਦੀ ਉਪਮਾ ਕਹੀ ਨਹੀਂ ਜਾ ਸਕਦੀ, ਜੋ ਸਭ ਵਿਚ ਸਮਾ ਰਿਹਾ ਹੈ।੬।

ਪਦਾਰਥ = ਉਪਜੀ–ਪੈਦਾ ਹੋਈ। ਪ੍ਰੇਮ ਰਸੁ–ਪ੍ਰੇਮ ਦਾ ਅਨੰਦ। ਸੁਆਉ–ਸੁਆਦ; ਪ੍ਰਯੋਜਨ। ਨੇਤ੍ਰਹੁ–ਅੱਖਾਂ ਨਾਲ। ਪੇਖਿ–ਦੇਖ ਕੇ। ਦਰਸੁ–ਦਰਸ਼ਨ। ਬਿਗਸੈ–ਖਿੜਦਾ ਹੈ। ਰੰਗੁ–ਪ੍ਰੇਮ। ਸੰਗੁ–ਸਾਥ। ਬਸਤੁ–ਚੀਜ। ਮਇਆ–ਮੇਹਰ। ਸਮਾਇ–ਵਿਆਪਕ।੬।

ਪ੍ਰਭ ਬਖਸੰਦ ਦੀਨ ਦਇਆਲ ॥ ਭਗਤਿ ਵਛਲ ਸਦਾ ਕਿਰਪਾਲ ॥ ਅਨਾਥ ਨਾਥ ਗੋਬਿੰਦ ਗੁਪਾਲ ॥ ਸਰਬ ਘਟਾ ਕਰਤ ਪ੍ਰਤਿਪਾਲ ॥ ਆਦਿ ਪੁਰਖ ਕਾਰਣ ਕਰਤਾਰ ॥ ਭਗਤ ਜਨਾ ਕੇ ਪ੍ਰਾਨ ਅਧਾਰ ॥ ਜੋ ਜੋ ਜਪੈ ਸੁ ਹੋਇ ਪੁਨੀਤ ॥ ਭਗਤਿ ਭਾਇ ਲਾਵੈ ਮਨ ਹੀਤ ॥ ਹਮ ਨਿਰਗੁਨੀਆਰ ਨੀਚ ਅਜਾਨ ॥ ਨਾਨਕ ਤੁਮਰੀ ਸਰਨਿ ਪੁਰਖ ਭਗਵਾਨ ॥੭॥ (ਔਗੁਣ) ਬਖਸ਼ਣ ਵਾਲੇ ਹੇ ਪ੍ਰਭੂ! ਹੇ ਗਰੀਬਾਂ ਉਪਰ ਦਇਆ ਕਰਨ ਵਾਲੇ!। ਹੇ ਭਗਤੀ ਨੂੰ ਪਿਆਰ ਕਰਨ ਵਾਲੇ! ਤੇ ਸਦਾ ਕ੍ਰਿਪਾ ਕਰਨ ਵਾਲੇ। ਹੇ ਯਤੀਮਾਂ ਦੇ ਮਾਲਕ ਗੋਬਿੰਦ! ਹੇ (ਸ੍ਰਿਸਟੀ ਦੇ) ਪਾਲਣ ਵਾਲੇ!। (ਆਪ ਜੀ) ਸਾਰੇ ਜੀਵਾਂ ਦੀ ਪ੍ਰਤਪਾਲਣਾ ਕਰਦੇ ਹੋ। ਸਭ ਦਾ ਮੁਢ ਹੋ ਤੇ ਸਭ ਵਿਚ ਵਿਆਪਕ ਹੋ, ਹੇ ਸਭ ਦਾ ਮੂਲ ਕਾਰਣ ਕਰਤਾਰ!। (ਆਪ ਜੀ) ਭਗਤ ਜਨਾਂ ਦੇ ਪ੍ਰਾਣਾਂ ਦਾ ਆਸਰਾ ਹੋ। ਜੋ ਜੋ (ਆਪ ਜੀ ਨੂੰ) ਜਪਦਾ ਹੈ ਅਤੇ ਪ੍ਰੇਮਾ ਭਗਤੀ ਵਿਚ ਮਨ ਦਾ ਪਿਆਰ ਲਾਉਂਦਾ ਹੈ, ਉਹ ਪਵਿਤ੍ਰ ਹੋ ਜਾਂਦਾ ਹੈ। ਨਾਨਕ ਗੁਰੂ ਜੀ ਅਰਦਾਸ ਕਰਦੇ ਹਨ ਕਿ ਅਸੀਂ

All Rights Reserved by Harjinder Singh Gyani | www.GuruGranthVakhyaan.org

(ਜੀਵ ਸ਼ੁੱਭ) ਗੁਣਾਂ ਤੋਂ ਹੀਣੇ ਹਾਂ, ਨੀਚ ਹਾਂ ਤੇ ਅਣਜਾਣ ਹਾਂ। ਹੇ ਭਗਵਾਨ ਪੁਰਖ! (ਅਸੀਂ) ਤੁਹਾਡੀ ਸ਼ਰਣ ਵਿਚ ਆਏ ਹਾਂ।੭।

ਪਦਾਰਥ = ਬਖਸੰਦ–ਮਾਫ ਕਰਨ ਵਾਲਾ। ਦੀਨ–ਗਰੀਬ। ਭਗਤਿ ਵਛਲ–ਭਗਤੀ ਨੂੰ ਪਿਆਰ ਕਰਨ ਵਾਲਾ। ਅਨਾਥ–ਯਤੀਮ। ਨਾਥ –ਮਾਲਕ। ਸਰਬ–ਸਾਰੇ। ਘਟਾ–ਜੀਵਾਂ ਦੀ। ਆਦਿ–ਸਭ ਦਾ ਮੁੱਢ। ਅਧਾਰ–ਆਸਰਾ। ਪੁਨੀਤ–ਪਵਿਤ੍ਰ। ਭਗਤਿ ਭਾਇ–ਪ੍ਰੇਮਾ ਭਗਤੀ । ਹੀਤ–ਹਿਤ; ਪ੍ਰੇਮ। ਹਮ–ਅਸੀਂ। ਨਿਰਗੁਨੀਆਰ–ਗੁਣਾਂ ਤੋਂ ਰਹਿਤ। ਨੀਚ–ਨੀਵੇਂ; ਨਿਮਾਣੇ। ਅਜਾਨ–ਅਣਜਾਣੇ।੭।

ਸਰਬ ਬੈਕੁੰਠ ਮੁਕਤਿ ਮੋਖ ਪਾਏ ॥ ਏਕ ਨਿਮਖ ਹਰਿ ਕੇ ਗੁਨ ਗਾਏ ॥ ਅਨਿਕ ਰਾਜ ਭੋਗ ਬਡਿਆਈ ॥ ਹਰਿ ਕੇ ਨਾਮ ਕੀ ਕਥਾ ਮਨਿ ਭਾਈ ॥ ਬਹੁ ਭੋਜਨ ਕਾਪਰ ਸੰਗੀਤ ॥ ਰਸਨਾ ਜਪਤੀ ਹਰਿ ਹਰਿ ਨੀਤ ॥ ਭਲੀ ਸੁ ਕਰਨੀ ਸੋਭਾ ਧਨਵੰਤ ॥ ਹਿਰਦੈ ਬਸੇ ਪੂਰਨ ਗੁਰ ਮੰਤ ॥ ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥ ਸਰਬ ਸੂਖ ਨਾਨਕ ਪਰਗਾਸ ॥੮॥੨੦॥ (ਜਿਸ ਮਨੁੱਖ ਨੇ) ਇਕ ਨਿਮਖ ਭਰ ਵੀ ਹਰੀ ਦੇ ਗੁਣ ਗਾਏ ਹਨ। (ਤਾਂ ਸਮਝੋ ਉਸ ਨੇ) ਸਾਰੇ ਬੈਕੁੰਠ, ਮੁਕਤੀ ਤੇ (ਬੰਧਨਾਂ ਤੋਂ) ਛੁਟਕਾਰਾ ਪਾ ਲਿਆ ਹੈ। (ਜਿਸ ਦੇ) ਮਨ ਵਿਚ ਹਰੀ ਦੇ ਨਾਮ ਦੀ ਕਥਾ ਚੰਗੀ ਲੱਗੀ ਹੈ। (ਉਸ ਪੁਰਖ ਨੂੰ) ਅਨੇਕਾਂ ਰਾਜ, ਪਦਾਰਥਾਂ ਦੇ ਭੋਗ ਤੇ ਵਡਿਆਈਆਂ ਆਦਿ ਦਾ ਸੁਖ ਮਿਲ ਗਿਆ ਹੈ। (ਉਸ ਪੁਰਖ ਨੂੰ) ਬਹੁਤ ਤਰ੍ਹਾਂ ਦੇ ਭੋਜਨ, ਕਪੜੇ ਤੇ ਰਾਗ ਦਾ ਅਨੰਦ ਮਿਲ ਗਿਆ ਸਮਝੋ, (ਜਿਸ ਦੀ) ਰਸਨਾ ਹਰ ਰੋਜ ਹਰਿ ਹਰਿ ਨਾਮ ਜਪਦੀ ਹੈ। (ਉਸ ਮਨੁੱਖ ਦੀ) ਨੇਕ ਕਰਣੀ ਹੈ ਤੇ (ਉਸੇ ਦੀ) ਸੋਭਾ ਹੈ ਤੇ (ਉਹ ਹੀ) ਧਨਵਾਨ ਹੈ। (ਜਿਸ ਦੇ) ਹਿਰਦੇ ਵਿਚ ਪੂਰਨ ਗੁਰੂ ਦਾ ਉਪਦੇਸ਼ ਵਸਦਾ ਹੈ। ਨਾਨਕ ਗੁਰੂ ਜੀ ਦੀ ਅਰਦਾਸ ਹੈ ਕਿ ਹੇ ਪ੍ਰਭੂ! ਸਾਧ ਸੰਗਤ ਵਿਚ ਨਿਵਾਸ ਬਖਸ਼ ਦਿਓ, ਤਾਂ ਕਿ ਸਾਰੇ ਸੁੱਖਾਂ ਦਾ ਪ੍ਰਕਾਸ਼ ਹੋ ਜਾਵੇ (ਉਪਰ ਦੱਸੇ ਸੁਖ ਪ੍ਰਗਟ ਹੋ ਜਾਣ)।੮।੨੦।

ਪਦਾਰਥ = ਸਰਬ–ਸਾਰੇ। ਬੈਕੁੰਠ–ਵਿਸ਼ਨੂੰ ਦੇ ਰਹਿਣ ਦਾ ਸਥਾਨ; ਸੁਰਗ। ਮੋਖ–ਬੰਧਨਾਂ ਤੋਂ ਛੁਟਕਾਰਾ। ਨਿਮਖ–ਅੱਖ ਫਰਕਣ ਜਿੰਨਾ ਸਮਾਂ। ਮਨਿ–ਮਨ ਵਿਚ। ਭਾਈ–ਚੰਗੀ ਲੱਗੀ। ਬਹੁ–ਬਹੁਤ। ਕਾਪਰ–ਕਪੜੇ। ਸੰਗੀਤ–ਰਾਗ (ਦਾ ਅਨੰਦ)। ਰਸਨਾ–ਜੀਭ। ਨੀਤ–ਨਿੱਤ ; ਸਦਾ। ਭਲੀ–ਚੰਗੀ। ਸੁ ਕਰਨੀ–ਸੁੱਭ ਕਰਣੀ। ਧਨਵੰਤ–ਧਨਵਾਨ। ਮੰਤ–ਉਪਦੇਸ਼।੮।੨੦।

ਸਲੋਕੁ ॥ ਸਰਗੁਨ ਨਿਰਗੁਨ ਨਿਰੰਕਾਰ, ਸੁੰਨ ਸਮਾਧੀ ਆਪਿ ॥ ਆਪਨ ਕੀਆ ਨਾਨਕਾ, ਆਪੇ ਹੀ ਫਿਰਿ ਜਾਪਿ ॥੧॥ ਅਕਾਰ ਰਹਿਤ ਪ੍ਰਭੂ ਮਾਇਆ ਦੇ ਤਿੰਨ ਗੁਣਾਂ ਤੋਂ ਰਹਿਤ ਵੀ ਆਪ ਹੀ ਹੈ, ਅਫੁਰ ਸਮਾਧੀ ਵਾਲਾ ਰੂਪ ਆਪ ਹੀ ਹੈ ਤੇ ਦਿਸਣ ਵਾਲਾ ਰੂਪ ਵੀ ਆਪ ਹੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਉਸ ਪ੍ਰਭੂ ਨੇ ਅਪਣੇ ਤੋਂ) ਆਪ ਸੰਸਾਰ ਪੈਦਾ ਕੀਤਾ, (ਅਪਣੇ ਪੈਦਾ ਕੀਤੇ ਭਗਤਾਂ ਦੇ ਰਾਹੀਂ) ਫਿਰ ਆਪੇ ਅਪਣਾ ਜਾਪ ਕਰਦਾ ਹੈ।੧।

ਪਦਾਰਥ = ਸਰਗੁਨ–ਰੱਬ ਦਾ ਦਿਸਣ ਵਾਲਾ ਰੂਪ। ਨਿਰਗੁਨ–ਮਾਇਆ ਦੇ ਤਿੰਨ ਗੁਣਾਂ ਰਹਿਤ ਅਦ੍ਰਿਸ਼ਟ ਪ੍ਰਭੂ। ਨਿਰੰਕਾਰ–ਅਕਾਰ ਰਹਿਤ। ਸੁੰਨ ਸਮਾਧੀ–(ਸੰਸਾਰ ਪੈਦਾ ਕਰਨ ਤੋਂ ਪਹਿਲਾਂ ਦੀ) ਕੁੱਛ ਨਾ ਹੋਣ ਵਾਲੀ ਅਵਸਥਾ; (ਸੰਸਾਰ ਰਚਨਾ ਦੇ) ਫੁਰਨੇ ਤੋਂ ਪਹਿਲਾਂ ਦੀ ਸਮਾਧੀ ਵਾਲੀ ਅਵਸਥਾ; ਨਿਰ ਵਿਕੱਲਪ ਸਮਾਧੀ। ਕੀਆ–ਪੈਦਾ ਕੀਤਾ। ਜਾਪਿ–ਜਪਦਾ ਹੈ।੧।

ਅਸਟਪਦੀ ॥ ਜਬ ਅਕਾਰੁ ਇਹੁ ਕਛੁ ਨ ਦ੍ਰਿਸਟੇਤਾ ॥ ਪਾਪ ਪੁੰਨ ਤਬ ਕਹ ਤੇ ਹੋਤਾ ॥ ਜਬ ਧਾਰੀ ਆਪਨ ਸੁੰਨ ਸਮਾਧਿ ॥ ਤਬ ਬੈਰ ਬਿਰੋਧ ਕਿਸੁ ਸੰਗਿ ਕਮਾਤਿ ॥ ਜਬ ਇਸ ਕਾ ਬਰਨੁ ਚਿਹਨੁ ਨ ਜਾਪਤ ॥ ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ॥ ਜਬ ਆਪਨ ਆਪ ਆਪਿ ਪਾਰਬ੍ਰਹਮ ॥ ਤਬ ਮੋਹ ਕਹਾ ਕਿਸੁ ਹੋਵਤ ਭਰਮ ॥ (ਨਿਰਗੁਣ ਦਾ ਵਰਨਣ) ਜਦੋਂ ਇਸ ਪਰਪੰਚ ਦਾ ਅਕਾਰ (ਸ਼ਕਲ ਸੂਰਤ) ਕੁਛ ਵੀ ਨਹੀਂ ਸੀ ਦਿਸਦਾ (ਜਦ ਅਜੇ ਸ੍ਰਿਸ਼ਟੀ ਬਣੀ ਨਹੀਂ ਸੀ)। ਤਦੋਂ ਪਾਪ ਪੁੰਨ ਕਿਸ ਤੋਂ ਹੁੰਦੇ ਸਨ? ਜਦੋਂ (ਪ੍ਰਭੂ ਨੇ) ਅਪਣੀ ਅਫੁਰ ਸਮਾਧੀ ਧਾਰੀ ਹੋਈ ਸੀ। ਉਦੋਂ ਬੈਰ ਵਿਰੋਧ ਕੋਈ ਕਿਸ ਨਾਲ ਕਮਾਉਂਦਾ ਸੀ? ਜਦ ਇਸ (ਅਕਾਰ ਦਾ) ਕੋਈ ਰੰਗ ਰੂਪ ਹੀ ਨਹੀਂ ਸੀ ਜਾਣਿਆ ਜਾਂਦਾ। ਤਾਂ ਦੱਸੋ ਉਸ ਵੇਲੇ ਖੁਸ਼ੀ ਗਮੀ ਕਿਸ ਨੂੰ ਵਿਆਪਦੀ ਸੀ? ਪਾਰਬ੍ਰਹਮ ਜਦੋਂ ਆਪ ਹੀ ਅਪਣੇ ਆਪ ਵਿਚ ਸਥਿਤ ਸੀ (ਪ੍ਰਭੂ ਇਕੱਲਾ ਆਪ ਹੀ ਆਪ ਸੀ)। ਤਦੋਂ ਮੋਹ ਕਿਥੇ ਸੀ? ਅਤੇ ਭਰਮ ਕਿਸ ਨੂੰ ਹੁੰਦਾ ਸੀ ?

ਅੰਗ ੨੯੧ = ਆਪਨ ਖੇਲੁ ਆਪਿ ਵਰਤੀਜਾ ॥ ਨਾਨਕ ਕਰਨੈਹਾਰੁ ਨ ਦੂਜਾ ॥੧॥ (ਇਹ ਸੰਸਾਰ ਦਾ) ਖੇਲ ਪ੍ਰਭੂ ਦਾ ਅਪਣਾ ਹੈ ਤੇ ਉਸ ਨੇ ਆਪ ਹੀ ਵਰਤਾਇਆ ਹੈ। ਹੇ ਨਾਨਕ! (ਪ੍ਰਭੂ ਤੋਂ ਬਿਨਾ ਇਹ ਖੇਡ) ਕਰਨ ਵਾਲਾ ਕੋਈ ਦੂਜਾ ਨਹੀਂ ਹੈ।੧।

ਪਦਾਰਥ = ਅਕਾਰੁ–ਸਰੂਪ; ਸ਼ਕਲ। ਦ੍ਰਿਸਟੇਤਾ–ਦਿਸਦਾ ਹੈ। ਤਬ–ਤਦੋਂ। ਕਹ ਤੇ–ਕਿਸ (ਜੀਵ) ਤੋਂ। ਹੋਤਾ–ਹੁੰਦਾ ਸੀ। ਧਾਰੀ–ਲਾਈ ਹੋਈ ਸੀ। ਸੁੰਨ ਸਮਾਧਿ–ਫੁਰਨੇ ਰਹਿਤ ਸਮਾਧੀ। ਕਮਾਤਿ–ਕਮਾਉਂਦਾ ਸੀ। ਬਰਨੁ–ਰੰਗ; ਚਾਰ ਵਰਣ (ਖਤ੍ਰੀ ਬ੍ਰਾਹਮਣ ਆਦਿ)। ਚਿਹਨੁ–ਚਿੰਨ। ਹਰਖ–ਖੁਸ਼ੀ। ਸੋਗ–ਗਮੀ। ਕਿਸਹਿ–ਕਿਸ ਨੂੰ। ਬਿਆਪਤ–ਪੋਹ ਸਕਦਾ ਸੀ। ਵਰਤੀਜਾ–ਵਰਤਾਇਆ।੧।

ਵਿਆਖਿਆ = ਵਾਹਿਗੁਰੂ ਦੀ ਹੋਂਦ ਦੋ ਰੂਪਾਂ ਵਾਲੀ ਹੈ, ਇਕ ਨਿਰਗੁਨ ਤੇ ਦੂਜਾ ਸਰਗੁਨ। ਅਪਣੇ ਆਪ ਵਿਚ ਵਾਹਿਗੁਰੂ ਨਿਰਗੁਣ ਹੈ, ਇਹ ਅਵਸਥਾ ਸ੍ਰਿਸ਼ਟੀ ਪੈਦਾ ਹੋਣ ਤੋਂ ਪਹਿਲਾਂ ਦੀ ਹੈ, ਉਦੋਂ ਵਾਹਿਗੁਰੂ ਅਫੁਰ ਅਵਸਥਾ ਵਿਚ ਕੇਵਲ ਆਪਣੇ ਆਪ ਵਿਚ ਸੀ।

All Rights Reserved by Harjinder Singh Gyani | www.GuruGranthVakhyaan.org

ਉਦੋਂ ਕੋਈ ਧਰਮ, ਨੇਕੀ, ਪੁੰਨ, ਪਾਪ, ਦੁਖ ਸੁਖ, ਖੁਸ਼ੀ ਗਮੀ, ਮੁਕਤੀ ਬੰਧਨ ਆਦਿ ਕੁਛ ਵੀ ਨਹੀਂ ਸੀ। ਉਦੋਂ ਰੱਬ ਦੇ ਇਕ ਹੋਣ ਜਾਂ ਸ੍ਰਿਸਟੀ ਦੀ ਰਚਨਾ ਦਾ ਖਿਆਲ ਨਹੀ ਕੀਤਾ ਜਾ ਸਕਦਾ। ਉਹ ਹਾਲਤ ਨਿਰਗੁਣ ਸੀ। ਫਿਰ ਜਗਤ ਪੈਦਾ ਹੋਇਆ, ਤਰ੍ਹਾਂ ਤਰ੍ਹਾਂ ਦੇ ਜੀਵ ਪੈਦਾ ਹੋਏ, ਧਰਮ ਅਧਰਮ ਪਾਪ ਪੁੰਨ ਆਦਿ ਹੋਏ। ਰੱਬ ਸਰਗੁਣ ਰੂਪ ਵਿਚ ਆਇਆ, ਇਹ ਰੱਬ ਦਾ ਨਾਮ ਤੇ ਗੁਣ ਰੂਪ ਵਜੂਦ ਹੈ। ਪਹਿਲੇ ੬ ਪਦਿਆਂ ਵਿਚ ਨਿਰਗੁਣ ਰੂਪ ਦਾ ਵਰਨਣ ਹੈ ਤੇ ਅੰਤਲੇ ੨ ਪਦਿਆਂ ਵਿਚ ਸਰਗੁਣ ਦਾ।

ਜਬ ਹੋਵਤ ਪ੍ਰਭ ਕੇਵਲ ਧਨੀ ॥ ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ॥ ਜਬ ਏਕਹਿ ਹਰਿ ਅਗਮ ਅਪਾਰ ॥ ਤਬ ਨਰਕ ਸੁਰਗ ਕਹੁ ਕਉਨ ਅਉਤਾਰ ॥ ਜਬ ਨਿਰਗੁਨ ਪ੍ਰਭ ਸਹਜ ਸੁਭਾਇ ॥ ਤਬ ਸਿਵ ਸਕਤਿ ਕਹਹੁ ਕਿਤੁ ਠਾਇ ॥ ਜਬ ਆਪਹਿ ਆਪਿ ਅਪਨੀ ਜੋਤਿ ਧਰੈ ॥ ਤਬ ਕਵਨ ਨਿਡਰੁ ਕਵਨ ਕਤ ਡਰੈ ॥ ਆਪਨ ਚਲਿਤ ਆਪਿ ਕਰਨੈਹਾਰ ॥ ਨਾਨਕ ਠਾਕੁਰ ਅਗਮ ਅਪਾਰ ॥੨॥ ਜਦ ਮਾਲਕ ਪ੍ਰਭੂ ਕੇਵਲ (ਇਕ ਆਪ ਹੀ) ਹੁੰਦਾ ਸੀ। ਉਦੋਂ ਦੱਸੋ (ਪਾਪਾਂ ਕਰਕੇ) ਬੰਧਨਾਂ ਵਿਚ ਤੇ (ਗਿਆਨ ਕਰਕੇ) ਮੁਕਤ ਹੋਇਆ ਕਿਸ ਨੂੰ ਗਿਣ ਸਕੀਏ (ਕਿਉਂਕਿ ਰੱਬ ਤੋਂ ਬਿਨਾ ਕੁਛ ਹੈ ਹੀ ਨਹੀਂ ਸੀ)। ਜਦ ਮਨ ਦੀ ਪਹੁੰਚ ਤੋਂ ਪਰੇ ਤੇ ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਪਰੇ ਇਕ ਪ੍ਰਭੂ ਹੀ ਸੀ। ਉਦੋਂ ਨਰਕ ਤੇ ਸੁਰਗ ਵਿਚ ਕੌਣ ਜਾਂਦਾ ਸੀ। ਜਦ ਨਿਰਗੁਣ ਪ੍ਰਭੂ ਸ਼ਾਂਤ ਸੁਭਾਵ (ਅਡੋਲ ਸਮਾਧੀ) ਵਿਚ ਸਥਿਤ ਸੀ। ਤਦ ਦੱਸੋ ਜੀਵ ਤੇ ਮਾਇਆ ਕਿਸ ਥਾਂ ਸਨ (ਇਨ੍ਹਾਂ ਦੀ ਹੋਂਦ ਹੀ ਨਹੀਂ ਸੀ)। ਜਦ (ਪ੍ਰਭੂ) ਅਪਣੀ ਜੋਤ ਅਪਣੇ ਆਪ ਵਿਚ ਰੱਖੀ ਬੈਠਾ ਸੀ। ਉਸ ਵੇਲੇ ਕੌਣ ਨਿਡਰ ਸੀ ਤੇ ਕੌਣ ਕਿਸ ਤੋਂ ਡਰਦਾ ਸੀ। (ਪ੍ਰਭੂ) ਅਪਣੇ ਕੌਤਕ ਆਪ ਹੀ ਕਰਨ ਵਾਲਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਮਨ ਦੀ ਪਹੁੰਚ ਤੋਂ ਪਰੇ ਤੇ ਪ੍ਰਕ੍ਰਿਤੀ ਦੇ ਪਾਰਾਵਾਰ ਤੋਂ ਰਹਿਤ ਹੈ।੨।

ਪਦਾਰਥ = ਜਬ–ਜਦ। ਧਨੀ–ਮਾਲਕ। ਤਬ–ਤਦ। ਬੰਧ–ਬੰਧਨ। ਕਹੁ–ਦੱਸੋ। ਗਨੀ–ਗਿਣੀਏ; ਸਮਝੀਏ। ਅਗਮ–ਮਨ ਬਾਣੀ ਦੀ ਪਹੁੰਚ ਤੋਂ ਪਰੇ। ਅਪਾਰ–ਪਾਰ ਰਹਿਤ; ਬੇਅੰਤ। ਅਉਤਾਰ–ਉਤਰਦਾ (ਜਾਂਦਾ) ਸੀ। ਸਹਜ ਸੁਭਾਇ–ਸ਼ਾਂਤ ਸੁਭਾਵ (ਅਡੋਲ ਸਮਾਧੀ; ਅਪਣੇ ਆਪ) ਵਿਚ। ਧਰੈ–ਧਰਦਾ (ਰੱਖਦਾ) ਸੀ। ਕਤ–ਕਿਸ ਤੋਂ। ਕਿਤੁ–ਕਿਸ। ਠਾਇ–ਥਾਂ। ਚਲਿਤ–ਕੌਤਕ; ਖੇਲ।੨।

ਸਿਵ ਸਕਤਿ = ਜੀਵ ਤੇ ਮਾਇਆ; ਸਿਵ ਤੇ ਉਸ ਦੀ ਸ਼ਕਤੀ ਦੁਰਗਾ। ਨਿਰੰਕਾਰ ਤੋਂ ਦੋ ਤੱਤ ਵਿਕਸਤ ਹੋਏ, ਸਿਵ ਤੇ ਸ਼ਕਤੀ। ਸਿਵ ਦਾ ਅਰਥ ਚੇਤੰਨ ਜੀਵ। ਤੇ ਸਕਤੀ ਦਾ ਅਰਥ ਹੈ ਮਾਇਆ, ਕੁਦਰਤ, ਪਰਕ੍ਰਿਤੀ। ਸਿਵ ਸਕਤੀ ਦੇ ਪ੍ਰਸਪਰ ਮੇਲ ਤੇ ਵਿਕਾਸ ਤੋਂ ਅਗਲੀ ਸ੍ਰਿਸਟੀ ਦੀ ਉਤਪਤੀ ਮੰਨੀ ਗਈ ਹੈ {ਏਕਾ ਮਾਈ ਜੁਗਤਿ ਵਿਆਈ....੭; ਆਪੀਨੈ ਆਪੁ ਸਾਜਿਓ...੪੬੩}।

ਅਬਿਨਾਸੀ ਸੁਖ ਆਪਨ ਆਸਨ ॥ ਤਹ ਜਨਮ ਮਰਨ ਕਹੁ ਕਹਾ ਬਿਨਾਸਨ ॥ ਜਬ ਪੂਰਨ ਕਰਤਾ ਪ੍ਰਭੁ ਸੋਇ ॥ ਤਬ ਜਮ ਕੀ ਤ੍ਰਾਸ ਕਹਹੁ ਕਿਸੁ ਹੋਇ ॥ ਜਬ ਅਬਿਗਤ ਅਗੋਚਰ ਪ੍ਰਭ ਏਕਾ ॥ ਤਬ ਚਿਤ੍ਰ ਗੁਪਤ ਕਿਸੁ ਪੂਛਤ ਲੇਖਾ ॥ ਜਬ ਨਾਥ ਨਿਰੰਜਨ ਅਗੋਚਰ ਅਗਾਧੇ ॥ ਤਬ ਕਉਨ ਛੁਟੇ ਕਉਨ ਬੰਧਨ ਬਾਧੇ ॥ ਆਪਨ ਆਪ ਆਪ ਹੀ ਅਚਰਜਾ ॥ ਨਾਨਕ ਆਪਨ ਰੂਪ ਆਪ ਹੀ ਉਪਰਜਾ ॥੩॥ (ਜਦ) ਨਾਸ਼ ਰਹਿਤ ਪ੍ਰਭੂ ਅਪਣੇ ਸੁੱਖ ਸਰੂਪ ਵਿਚ ਇਸਥਿਤ ਸੀ। ਤਾਂ ਦੱਸੋਂ ਉਥੇ ਜਨਮ ਮਰਨ ਤੇ ਵਿਨਾਸ਼ ਕਿਸ ਦਾ ਹੋਣਾ ਸੀ ? ਜਦ ਉਹ ਕਰਤਾ ਪੁਰਖ ਪੂਰਨ ਪ੍ਰਭੂ (ਕੇਵਲ ਆਪ) ਹੀ ਸੀ। ਤਦ ਦੱਸੋ ਜਮਾਂ ਦਾ ਭੈ ਕਿਸ ਨੂੰ ਹੋ ਸਕਦਾ ਸੀ? (ਕਿਉਂਕਿ ਜਮ ਉਦੋਂ ਹੈ ਹੀ ਨਹੀਂ ਸੀ)। ਜਦ ਸਰੀਰ ਰਹਿਤ ਅਦ੍ਰਿਸਟ ਪ੍ਰਭੂ ਇਕ ਆਪ ਹੀ ਸੀ। ਤਦ ਚਿਤ੍ਰ ਗੁਪਤ ਕਿਸ ਨੂੰ ਲੇਖਾ ਪੁਛਦੇ ਸਨ? (ਇਨ੍ਹਾਂ ਦਾ ਵਜੂਦ ਹੀ ਨਹੀਂ ਸੀ)। ਜਦ ਮਾਇਆ ਤੋਂ ਰਹਿਤ ਅਦ੍ਰਿਸਟ ਅਥਾਹ ਮਾਲਕ ਪ੍ਰਭੂ ਹੀ ਸੀ। ਉਦੋਂ ਕੌਣ (ਬੰਧਨਾਂ ਤੋਂ) ਮੁਕਤ ਸਨ ਤੇ ਕੌਣ ਬੰਧਨਾਂ ਵਿਚ ਬੰਨ੍ਹੇ ਹੋਏ ਸਨ। (ਉਹ) ਆਪ ਹੀ ਅਪਣੇ ਅਸਚਰਜ ਰੂਪ ਵਿਚ ਆਪ ਇਸਥਿਤ ਸੀ। ਹੇ ਨਾਨਕ! (ਉਸ ਨੇ) ਅਪਣਾ ਰੂਪ ਆਪ ਹੀ ਪੈਦਾ ਕੀਤਾ ਹੈ; (ਉਸ ਨੇ) ਅਪਣੇ ਨਿਰਗੁਣ ਰੂਪ ਤੋਂ ਆਪ ਹੀ ਸਰਗੁਣ ਰੂਪ ਪੈਦਾ ਕੀਤਾ ਹੈ।੩।

ਪਦਾਰਥ = ਅਬਿਨਾਸੀ–ਨਾਸ਼ ਰਹਿਤ। ਆਸਨ–ਸਰੂਪ; ਤਖਤ। ਤਹ–ਉਥੇ। ਕਹੁ–ਦੱਸੋ। ਕਹਾ–ਕਿਸ ਦਾ; ਕਿਵੇਂ। ਬਿਨਾਸਨ–ਨਾਸ਼ ਹੋਣਾ। ਤ੍ਰਾਸ–ਡਰ। ਕਹਹੁ–ਦੱਸੋ। ਅਬਿਗਤ–ਸਰੀਰ ਰਹਿਤ; ਨਾਸ਼ ਰਹਿਤ; ਜੋ ਜਾਣਿਆ ਨਾ ਜਾ ਸਕੇ। ਅਗੋਚਰ–ਜੋ ਇੰਦ੍ਰੀਆਂ ਦਾ ਵਿਸ਼ੇ ਨਹੀਂ। ਚਿਤ੍ਰ ਗੁਪਤ–ਜੀਵਾਂ ਦਾ ਲੇਖਾ ਲਿਖਣ ਵਾਲੇ (ਧਰਮਰਾਜ ਦੇ ਦੋ ਮੁਨਸ਼ੀ)। ਨਾਥ–ਮਾਲਕ। ਨਿਰੰਜਨ–ਮਾਇਆ ਤੋਂ ਰਹਿਤ। ਅਗਾਧੇ–ਅਥਾਹ। ਛੁਟੇ–ਮੁਕਤ। ਬਾਧੇ–ਬੰਨ੍ਹੇ ਹੋਏ। ਅਚਰਜਾ–ਅਸਚਰਜ। ਰੂਪ–ਹੋਂਦ; ਵਜੂਦ। ਉਪਰਜਾ–ਪੈਦਾ ਕੀਤਾ।੩।

ਜਹ ਨਿਰਮਲ ਪੁਰਖੁ ਪੁਰਖ ਪਤਿ ਹੋਤਾ ॥ ਤਹ ਬਿਨੁ ਮੈਲੁ ਕਹਹੁ ਕਿਆ ਧੋਤਾ ॥ ਜਹ ਨਿਰੰਜਨ ਨਿਰੰਕਾਰ ਨਿਰਬਾਨ ॥ ਤਹ ਕਉਨ ਕਉ ਮਾਨ ਕਉਨ ਅਭਿਮਾਨ ॥ ਜਹ ਸਰੂਪ ਕੇਵਲ ਜਗਦੀਸ ॥ ਤਹ ਛਲ ਛਿਦ੍ਰ ਲਗਤ ਕਹੁ ਕੀਸ ॥ ਜਹ ਜੋਤਿ ਸਰੂਪੀ ਜੋਤਿ ਸੰਗਿ ਸਮਾਵੈ ॥ ਤਹ ਕਿਸਹਿ ਭੂਖ ਕਵਨੁ ਤ੍ਰਿਪਤਾਵੈ ॥ ਕਰਨ ਕਰਾਵਨ ਕਰਨੈਹਾਰੁ ॥ ਨਾਨਕ ਕਰਤੇ ਕਾ ਨਾਹਿ ਸੁਮਾਰੁ ॥੪॥ ਜਿਥੇ ਜੀਵਾਂ ਦਾ ਮਾਲਕ ਮੈਲ ਤੋਂ ਰਹਿਤ ਸਰਬ ਵਿਆਪਕ ਪ੍ਰਭੂ ਹੀ ਸੀ। ਉਥੇ ਸਭ ਕੁਛ ਬਿਨਾ ਮੈਲ ਤੋਂ ਸੀ (ਪਵਿਤ੍ਰਤਾ ਸੀ), ਤਾਂ ਦੱਸੋਂ (ਕੋਈ) ਕੀ ਧੋਂਦਾ ਸੀ? (ਮੈਲ ਅਜੇ ਪੈਦਾ ਹੀ ਨਹੀਂ ਸੀ ਹੋਈ)। ਜਿਥੇ ਮਾਇਆ ਰਹਿਤ, ਅਕਾਰ ਰਹਿਤ ਤੇ ਬੰਧਨ ਰਹਿਤ (ਇਕੋ ਪ੍ਰਭੂ ਹੀ

All Rights Reserved by Harjinder Singh Gyani | www.GuruGranthVakhyaan.org

ਮੌਜੂਦ) ਸੀ। ਉਥੇ ਕਿਸ ਨੂੰ ਮਾਣ ਤੇ ਕਿਸ ਨੂੰ ਅਪਮਾਨ ਹੁੰਦਾ ਸੀ। ਜਿੱਥੇ ਕੇਵਲ ਜਗਤ ਦੇ ਮਾਲਕ ਪ੍ਰਭੂ ਦਾ ਹੀ ਸਰੂਪ ਸੀ। ਉਥੇ ਦੱਸੋ ਛਲ ਤੇ ਦੋਸ਼ ਕਿਸ ਨੂੰ ਲਗਦੇ ਸਨ? ਜਿਥੇ ਜੋਤ ਸਰੂਪ ਪ੍ਰਭੂ ਅਪਣੀ ਜੋਤ ਨਾਲ ਹੀ ਲੀਨ ਸੀ (ਜਦ ਪ੍ਰਭੂ ਕੇਵਲ ਪ੍ਰਕਾਸ਼ ਦੀ ਹੀ ਸ਼ਕਲ ਵਿਚ ਸੀ)। ਉਥੇ ਕਿਸ ਨੂੰ ਭੁੱਖ ਸੀ ਤੇ ਕੌਣ (ਉਸ ਭੁੱਖ ਦੀ) ਤ੍ਰਿਪਤੀ ਕਰਦਾ ਸੀ (ਭੁੱਖ ਤੇ ਤ੍ਰਿਪਤੀ ਦੋਵੇਂ ਨਹੀਂ ਸਨ)। ਗੁਰੂ ਜੀ ਆਖਦੇ ਹਨ ਕਿ ਕਰਨਹਾਰ ਪ੍ਰਭੂ ਸਭ ਕੁਛ ਕਰਨ ਕਰਾਉਣ ਵਾਲਾ ਹੈ। (ਉਸ) ਕਰਤਾ ਪੁਰਖ ਦਾ ਕੋਈ ਅੰਤ ਨਹੀਂ। ੩।

ਪਦਾਰਥ = ਜਹ–ਜਿਥੇ। ਪੁਰਖ ਪਤਿ–ਪੁਰਖਾਂ ਦਾ ਪਤੀ (ਜੀਵਾਂ ਦਾ ਮਾਲਕ)। ਤਹ–ਉਥੇ। ਕਹਹੁ–ਦੱਸੋ। ਨਿਰੰਜਨ–ਮਾਇਆ ਰਹਿਤ। ਨਿਰਬਾਨ–ਬੰਧਨ ਰਹਿਤ; ਨਿਰਲੇਪ। ਮਾਨ–ਇੱਜਤ। ਅਭਿਮਾਨ–ਅਪਮਾਨ। ਜਗਦੀਸ–ਜਗਤ ਦਾ ਮਾਲਕ। ਛਿਦ੍ਰ–ਦੋਸ਼; ਪਾਪ। ਕੀਸ–ਕਿਸ ਨੂੰ। ਸਮਾਵੈ–ਲੀਨ ਸੀ। ਕਿਸਹਿ–ਕਿਸ ਨੂੰ। ਕਵਨੁ–ਕੌਣ। ਸੁਮਾਰੁ–ਅੰਤ; ਹਿਸਾਬ। ੪।

ਜਬ ਅਪਨੀ ਸੋਭਾ ਆਪਨ ਸੰਗਿ ਬਨਾਈ ॥ ਤਬ ਕਵਨ ਮਾਇ ਬਾਪ ਮਿਤ੍ਰ ਸੁਤ ਭਾਈ ॥ ਜਹ ਸਰਬ ਕਲਾ ਆਪਹਿ ਪਰਬੀਨ ॥ ਤਹ ਬੇਦ ਕਤੇਬ ਕਹਾ ਕੋਊ ਚੀਨ ॥ ਜਬ ਆਪਨ ਆਪੁ ਆਪਿ ਉਰਿ ਧਾਰੈ ॥ ਤਉ ਸਗਨ ਅਪਸਗਨ ਕਹਾ ਬੀਚਾਰੈ ॥ ਜਹ ਆਪਨ ਊਚ ਆਪਨ ਆਪਿ ਨੇਰਾ ॥ ਤਹ ਕਉਨ ਠਾਕੁਰੁ ਕਉਨੁ ਕਹੀਐ ਚੇਰਾ ॥ ਬਿਸਮਨ ਬਿਸਮ ਰਹੇ ਬਿਸਮਾਦ ॥ ਨਾਨਕ ਅਪਨੀ ਗਤਿ ਜਾਨਹੁ ਆਪਿ ॥੫॥ ਜਦ (ਪ੍ਰਭੂ ਨੇ) ਅਪਣੀ ਸੋਭਾ ਅਪਣੇ ਨਾਲ ਬਣਾਈ ਹੋਈ ਸੀ (ਹੋਰ ਕੋਈ ਉਸਦੀ ਸੋਭਾ ਕਰਨ ਵਾਲਾ ਨਹੀਂ ਸੀ। ਉਸ ਦੀ ਸੋਭਾ ਵਧਾਉਣ ਵਾਲਾ) ਤਦ ਕੌਣ ਮਾਂ ਬਾਪ ਮਿਤ੍ਰ ਪੁਤ੍ਰ ਤੇ ਭਰਾ ਆਦਿ ਸੀ? ਭਾਵ ਕੋਈ ਨਹੀਂ ਸੀ। ਜਿਥੇ ਸਾਰੀ ਵਿਦਿਆ ਦਾ ਆਪ ਹੀ ਪੂਰਾ ਜਾਨਣ ਵਾਲਾ ਸੀ (ਵਿਦਿਆ ਦਾ ਗਾਹਕ ਮਨੁੱਖ ਅਜੇ ਪੈਦਾ ਹੀ ਨਹੀਂ ਸੀ ਹੋਇਆ)। ਤਦ ਬੇਦਾਂ ਕਤੇਬਾਂ ਨੂੰ ਕਦ ਕੋਈ ਜਾਣਦਾ ਸੀ? ਜਦ ਆਪ ਪ੍ਰਭੂ ਅਪਣੇ ਆਪ ਨੂੰ ਅਜੇ ਦਿਲ ਦੇ ਅੰਦਰ ਹੀ ਰਖਦਾ ਸੀ (ਅਜੇ ਪ੍ਰਗਟ ਨਹੀਂ ਸੀ ਹੋਇਆ, ਅਪਣੇ ਆਪ ਵਿਚ ਟਿਕਿਆ ਹੋਇਆ ਸੀ)। ਤਾਂ ਚੰਗਾ ਸ਼ਗਨ ਤੇ ਬੁਰਾ ਸ਼ਗਨ ਕਿਥੇ ਕੋਈ ਵਿਚਾਰਦਾ ਸੀ। ਜਿਥੇ ਪ੍ਰਭੂ ਆਪ ਹੀ ਉਚਾ ਤੇ ਅਪਣੇ ਆਪ ਵਿਚ ਨੇੜੇ ਹੋਵੇ। ਉਥੇ ਕੌਣ ਮਾਲਕ ਤੇ ਕੌਣ ਚੇਲਾ ਕਿਹਾ ਜਾਵੇ। (ਉਹ ਪ੍ਰਭੂ) ਅਸਚਰਜ ਤੋਂ ਅਸਚਰਜ ਖੇਡ ਵਿਚ ਮਸਤ ਹੋ ਰਿਹਾ ਸੀ। ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ) ਅਪਣੀ ਅਵਸਥਾ ਨੂੰ ਆਪ ਹੀ ਜਾਣਦਾ ਹੈ। ੫।

ਪਦਾਰਥ = ਸੰਗਿ–ਨਾਲ। ਤਬ–ਤਦੋਂ। ਕਵਨ–ਕੌਣ। ਮਾਇ–ਮਾਂ। ਸੁਤ–ਪੁਤ੍ਰ। ਭਾਈ–ਭਰਾ। ਕਲਾ–ਵਿਦਿਆ। ਪਰਬੀਨ–ਪੂਰਾ ਜਾਨਣ ਵਾਲਾ; ਪੂਰਨ ਗਿਆਨੀ। ਤਹ–ਤਦ। ਕਹਾ–ਕਿਥੇ; ਕਦ। ਚੀਨ–ਜਾਣਦਾ। ਉਰਿ–ਦਿਲ ਵਿਚ। ਧਾਰੈ–ਰੱਖਦਾ; ਟਿਕਾਉਂਦਾ। ਤਉ–ਤਦ। ਨੇਰਾ–ਨੇੜੇ; ਨੀਵਾਂ। ਚੇਰਾ–ਚੇਲਾ। ਬਿਸਮਨ ਬਿਸਮ–ਅਸਚਰਜ ਤੋਂ ਅਸਚਰਜ। ਬਿਸਮਾਦ–ਮਸਤ; ਹੈਰਾਨ। ਗਤਿ–ਅਵਸਥਾ। ੫।

ਜਹ ਅਛਲ ਅਛੇਦ ਅਭੇਦ ਸਮਾਇਆ ॥ ਊਹਾ ਕਿਸਹਿ ਬਿਆਪਤ ਮਾਇਆ ॥ ਆਪਸ ਕਉ ਆਪਹਿ ਆਦੇਸੁ ॥ ਤਿਹੁ ਗੁਣ ਕਾ ਨਾਹੀ ਪਰਵੇਸੁ ॥ ਜਹ ਏਕਹਿ ਏਕ ਏਕ ਭਗਵੰਤਾ ॥ ਤਹ ਕਉਨੁ ਅਚਿੰਤੁ ਕਿਸੁ ਲਾਗੈ ਚਿੰਤਾ ॥ ਜਹ ਆਪਨ ਆਪੁ ਆਪਿ ਪਤੀਆਰਾ ॥ ਤਹ ਕਉਨੁ ਕਥੈ ਕਉਨੁ ਸੁਨਨੈਹਾਰਾ ॥ ਬਹੁ ਬੇਅੰਤ ਊਚ ਤੇ ਊਚਾ ॥ ਨਾਨਕ ਆਪਸ ਕਉ ਆਪਹਿ ਪਹੂਚਾ ॥੬॥ ਜਿਥੇ ਛਲ ਰਹਿਤ, ਨਾਸ਼ ਰਹਿਤ ਤੇ ਭੇਦ ਰਹਿਤ ਪ੍ਰਭੂ (ਅਪਣੇ ਆਪ ਵਿਚ) ਟਿਕਿਆ ਹੋਇਆ ਸੀ। ਉਥੇ ਕਿਸ ਨੂੰ ਮਾਇਆ ਵਿਆਪਦੀ ਸੀ ?(ਜਦ ਪ੍ਰਭੂ) ਅਪਣੇ ਆਪ ਨੂੰ ਆਪ ਹੀ ਅਦੇਸ ਕਰਨ ਵਾਲਾ ਸੀ। (ਉਦੋਂ ਉਸ ਵਿਚ) ਤਿੰਨ ਗੁਣਾਂ (ਰਜੋ ਸਤੋ ਤੇ ਤਮੋ) ਦਾ ਪ੍ਰਵੇਸ ਨਹੀਂ ਸੀ (ਮਾਇਆ ਤੇ ਉਸਦੇ ਤਿੰਨ ਗੁਣ ਹੋਂਦ ਵਿਚ ਨਹੀਂ ਸਨ)। ਜਿਥੇ ਇਕੋ ਇਕ ਵਾਹਿਗੁਰੂ ਇਕ ਸਰੂਪ ਵਿਚ ਸੀ ਭਾਵ ਇਕੱਲਾ ਸੀ। ਉਥੇ ਕੌਣ ਚਿੰਤਾ ਰਹਿਤ ਸੀ ਤੇ ਕਿਸ ਨੂੰ ਚਿੰਤਾ ਲਗਦੀ ਸੀ? ਜਿਥੇ ਅਪਣੇ ਆਪ ਨੂੰ ਆਪ ਹੀ ਪ੍ਰਸੰਨ ਕਰਨ ਵਾਲਾ ਹੋਵੇ। ਉਥੇ ਕੌਣ ਬੋਲਦਾ ਸੀ ਤੇ ਕੌਣ ਸੁਣਨ ਵਾਲਾ ਸੀ? (ਉਦੋਂ ਕੋਈ ਦੂਜਾ ਹੈ ਹੀ ਨਹੀਂ ਸੀ। ਉਹ) ਬਹੁਤ ਬੇਅੰਤ ਤੇ ਉਚੇ ਤੋਂ ਉਚਾ ਹੈ। ਹੇ ਨਾਨਕ! ਅਪਣੇ ਆਪ ਨੂੰ ਆਪ ਹੀ ਪਹੁੰਚਦਾ ਸੀ (ਉਦੋਂ ਰੱਬ ਤਕ ਪੁੱਜਣ ਵਾਲਾ ਦੂਜਾ ਕੋਈ ਨਹੀਂ ਸੀ)। ੬।

ਪਦਾਰਥ = ਅਛਲ–(ਅਛੱਲ ਬੋਲੋ)–ਜੋ ਛਲਿਆ ਨਾ ਜਾ ਸਕੇ (ਜਿਸ ਨੂੰ ਧੋਖਾ ਨਾ ਦਿਤਾ ਜਾ ਸਕਦਾ ਹੋਵੇ)। ਅਛੇਦ–ਨਾਸ਼ ਰਹਿਤ; ਅਖੰਡ। ਅਭੇਦ–ਭੇਦ ਰਹਿਤ; ਇਕੋ ਜਿਹਾ। ਸਮਾਇਆ–ਲੀਨ ਸੀ; ਟਿਕਿਆ ਸੀ। ਊਹਾ–ਉਥੇ। ਕਿਸਹਿ–ਕਿਸ ਨੂੰ। ਆਪਸ ਕਉ–ਅਪਣੇ ਆਪ ਨੂੰ। ਆਪਹਿ–ਆਪ ਹੀ। ਆਦੇਸੁ–ਨਮਸ਼ਕਾਰ। ਤਿਹੁ–ਤਿੰਨ। ਪਰਵੇਸੁ–ਦਖਲ; ਪਹੁੰਚ। ਅਚਿੰਤੁ–ਬੇ ਫਿਕਰ। ਆਪਨ ਆਪੁ–ਅਪਣੇ ਆਪ ਨੂੰ। ਪਤੀਆਰਾ–ਖੁਸ਼ ਕਰਨ ਵਾਲਾ। ਕਥੈ–ਕਥਾ ਕਰਦਾ ਸੀ। ਤੇ–ਤੋਂ। ੬।

ਨਿਰਗੁਣ ਅਵਸਥਾ ਦਾ ਵਰਨਣ ਕਰਕੇ ਹੁਣ ਅੱਗੇ ਉਸ ਤੋਂ ਸਰਗੁਣ ਹੋਣ ਭਾਵ ਸ੍ਰਿਸਟੀ ਉਤਪਤੀ ਦਾ ਬਿਆਨ ਕਰਦੇ ਹਨ।

ਜਹ ਆਪਿ ਰਚਿਓ ਪਰਪੰਚੁ ਅਕਾਰੁ ॥ ਤਿਹੁ ਗੁਣ ਮਹਿ ਕੀਨੋ ਬਿਸਥਾਰੁ ॥ ਜਿਥੇ ਪ੍ਰਭੂ ਨੇ ਆਪ ਅਕਾਰ ਰੂਪ ਸੰਸਾਰ ਨੂੰ ਰਚਿਆ। {ਜਾ ਤਿਸੁ ਭਾਣਾ ਤਾ ਜਗਤੁ ਉਪਾਇਆ ੧੦੩੬}। ਤਿੰਨਾਂ ਗੁਣਾਂ ਵਿਚ (ਇਸ ਸਾਰਾ ਤੰਦ ਤਾਣੇ ਦਾ) ਵਿਸਥਾਰ ਕੀਤਾ ਹੈ।

ਅੰਗ ੨੯੨ = ਪਾਪੁ ਪੁੰਨੁ ਤਹ ਭਈ ਕਹਾਵਤ ॥ ਕੋਊ ਨਰਕ ਕੋਊ ਸੁਰਗ ਬੰਛਾਵਤ ॥ ਆਲ ਜਾਲ ਮਾਇਆ ਜੰਜਾਲ ॥ ਹਉਮੈ

All Rights Reserved by Harjinder Singh Gyani | www.GuruGranthVakhyaan.org

ਮੋਹ ਭਰਮ ਭੈ ਭਾਰ ॥ ਦੂਖ ਸੂਖ ਮਾਨ ਅਪਮਾਨ ॥ ਅਨਿਕ ਪ੍ਰਕਾਰ ਕੀਓ ਬਖ੍ਯ਼ਾਨ ॥ ਆਪਨ ਖੇਲੁ ਆਪਿ ਕਰਿ ਦੇਖੈ ॥ ਖੇਲੁ ਸੰਕੋਚੈ ਤਉ ਨਾਨਕ ਏਕੈ ॥੭॥ ਉਥੇ (ਫਿਰ ਸੰਸਾਰ ਹੋਂਦ ਵਿਚ ਆਉਣ ਪਿਛੋਂ ਇਹ) ਗੱਲ ਚਾਲੂ ਹੋਈ ਕਿ ਇਹ ਪਾਪ ਹੈ ਤੇ ਇਹ ਪੁੰਨ ਹੈ (ਇਹ ਕਹਿਣਾ ਸ਼ੁਰੂ ਹੋਇਆ ਕਿ ਫਲਾਣਾ ਕੰਮ ਪਾਪ ਹੈ ਤੇ ਫਲਾਣਾ ਕੰਮ ਪੁੰਨ ਹੈ)।ਕੋਈ (ਜੀਵ ਪਾਪ ਕਰਕੇ) ਨਰਕਾਂ ਵਿਚ ਚਲਾ ਜਾਂਦਾ ਹੈ ਅਤੇ ਕੋਈ (ਜੀਵ ਪੁੰਨ ਕਰਮ ਕਰਕੇ) ਸੁਰਗਾਂ ਵਿਚ ਜਾਣਾ ਚਾਹੁੰਦਾ ਹੈ।(ਸੰਸਾਰ ਦੇ ਹੋਂਦ ਵਿਚ ਆਉਣ ਨਾਲ) ਘਰਾਂ ਦੇ ਧੰਧੇ ਤੇ ਮਾਇਆ ਦੇ ਬੰਧਨ ਪੈਣੇ ਸ਼ੁਰੂ ਹੋ ਗਏ।ਹਉਮੈ ਮੋਹ ਭਰਮ ਭੈ ਆਦਿ ਦੇ ਭਾਰ ਵਧਣ ਲੱਗੇ।(ਇਨ੍ਹਾਂ ਫਲ) ਦੁਖ ਸੁਖ ਆਦਰ ਨਿਰਾਦਰ ਦੇ ਰੂਪ ਵਿਚ ਮਿਲਣਾ ਸ਼ੁਰੂ ਹੋ ਗਿਆ।(ਜਿਨ੍ਹਾਂ ਦੇ) ਵਖਿਆਨ ਅਨੇਕਾਂ ਪ੍ਰਕਾਰ ਨਾਲ ਕੀਤੇ ਗਏ ਹਨ।(ਵੱਖ ਵੱਖ ਮੱਤ ਮਤਾਂਤਰਾਂ, ਦਾਰਸ਼ਨਿਕਾਂ, ਵਿਗਿਆਨੀਆਂ ਤੇ ਹੋਰ ਲਿਖਣ ਬੋਲਣ ਵਾਲਿਆਂ ਨੇ ਸੰਸਾਰ ਰਚਨਾ ਤੇ ਉਸ ਤੋਂ ਬਾਦ ਪੈਦਾ ਹੋਏ ਮਾਇਆ ਦੇ ਜੰਜਾਲ ਸੁਖ ਦੁਖ ਭੈ ਭਰਮ ਆਦਿ ਦੇ ਵਖਿਆਨ ਕਈ ਪ੍ਰਕਾਰ ਨਾਲ ਕੀਤੇ ਹਨ।ਇਹ ਜਗਤ ਰਚਨਾ ਪ੍ਰਭੂ ਦਾ) ਅਪਣਾ ਖੇਲ ਹੈ ਤੇ ਆਪ ਹੀ (ਜਗਤ ਰਚਨਾ) ਕਰਕੇ (ਜੀਵਾਂ ਦੇ ਕਰਮ) ਦੇਖਦਾ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਪ੍ਰਭੂ ਜਦ ਇਸ) ਖੇਲ ਨੂੰ ਸਮੇਟਦਾ ਹੈ ਤਾਂ ਇਕੋ ਇਕ ਪ੍ਰਭੂ (ਦਾ ਵਜੂਦ ਹੋਂਦ ਵਿਚ) ਰਹਿ ਜਾਂਦਾ ਹੈ (ਹੋਰ ਸਾਰੀ ਖੇਡ ਖਤਮ ਹੋ ਜਾਂਦੀ ਹੈ)।੭।

ਪਦਾਰਥ = ਰਚਿਓ-ਬਣਾਇਆ।ਪਰਪੰਚੁ-ਸੰਸਾਰ।ਅਕਾਰੁ-ਸ਼ਕਲ ਸੂਰਤ; ਦ੍ਰਿਸਟਮਾਨ।ਤਿਹੁ-ਤਿੰਨ।ਬਿਸਥਾਰੁ-ਪਸਾਰਾ।ਤਹ-ਉਥੇ।ਕਹਾਵਤ-ਕਹਿਣਾ; ਗੱਲ।ਬੰਛਾਵਤ-ਚਾਹੁੰਦਾ ਹੈ।ਆਲ-ਘਰ।ਜਾਲ-ਧੰਧੇ; ਫਾਹੀਆਂ।ਜੰਜਾਲ-ਬੰਧਨ।ਭੈ-ਡਰ।ਭਾਰ-ਬੋਝ। ਮਾਨ-ਆਦਰ।ਅਪਮਾਨ-ਨਿਰਾਦਰ।ਕੀਓ-ਕੀਤੇ ਗਏ।ਬਖ੍ਯ਼ਾਨ-ਵਖਿਆਨ; ਲੈਕਚਰ।ਸੰਕੋਚੈ-ਸਮੇਟਦਾ ਹੈ।ਤਉ-ਤਾਂ; ਤਦ।੭।

ਜਹ ਅਬਿਗਤੁ ਭਗਤੁ ਤਹ ਆਪਿ ॥ ਜਹ ਪਸਰੈ ਪਾਸਾਰੁ ਸੰਤ ਪਰਤਾਪਿ ॥ ਦੁਹੂ ਪਾਖ ਕਾ ਆਪਹਿ ਧਨੀ ॥ ਉਨ ਕੀ ਸੋਭਾ ਉਨਹੂ ਬਨੀ ॥ ਆਪਹਿ ਕਉਤਕ ਕਰੈ ਅਨਦ ਚੋਜ ॥ ਆਪਹਿ ਰਸ ਭੋਗਨ ਨਿਰਜੋਗ ॥ ਜਿਸੁ ਭਾਵੈ ਤਿਸੁ ਆਪਨ ਨਾਇ ਲਾਵੈ ॥ ਜਿਸੁ ਭਾਵੈ ਤਿਸੁ ਖੇਲ ਖਿਲਾਵੈ ॥ ਬੇਸੁਮਾਰ ਅਥਾਹ ਅਗਨਤ ਅਤੋਲੈ ॥ ਜਿਉ ਬੁਲਾਵਹੁ ਤਿਉ ਨਾਨਕ ਦਾਸ ਬੋਲੈ ॥੮॥੨੧॥ ਜਿਥੇ ਨਾਸ਼ ਰਹਿਤ ਪ੍ਰਭੂ ਹੈ, ਉਥੇ ਭਗਤ ਹੈ ਅਤੇ ਜਿਥੇ ਭਗਤ ਹੈ ਉਥੇ ਪ੍ਰਭੂ ਆਪ ਹੈ (ਵਾਹਿਗੁਰੂ ਤੇ ਭਗਤ ਇਕ ਰੂਪ ਹਨ)।ਜਿਥੇ ਪਸਾਰਾ ਪਸਾਰਦਾ ਹੈ, ਉਹ ਸਭ ਸੰਤਾਂ ਦੇ ਪ੍ਰਤਾਪ ਲਈ ਹੈ ਭਾਵ ਮਾਇਆ ਦੇ ਪਸਾਰੇ (ਸੰਸਾਰਕ ਰੋਗ ਤੇ ਝਗੜਿਆਂ) ਵਿਚ ਸੰਤਾਂ ਦੇ ਪ੍ਰਤਾਪ ਨੂੰ ਵਧਾਉਂਦਾ ਹੈ, ਜੋ ਕਿ ਅਪਣੇ ਪ੍ਰਤਾਪ ਨੂੰ ਵਧਾਉਣ ਦੇ ਤੁੱਲ ਹੈ (ਸ਼ਬਦਾਰਥ)।ਦੋਹਾਂ ਪੱਖਾਂ (ਮਾਇਆ ਤੇ ਭਗਤਾਂ) ਦਾ ਆਪ ਹੀ ਮਾਲਕ ਹੈ।ਉਨ੍ਹਾਂ (ਦੋਹਾਂ ਪ੍ਰਭੂ ਤੇ ਸੰਤਾਂ) ਦੀ ਸੋਭਾ ਉਨ੍ਹਾਂ ਨੂੰ ਹੀ ਸੋਭਦੀ ਹੈ (ਦੋਹਾਂ ਵਰਗਾ ਹੋਰ ਕੋਈ ਨਹੀਂ)।ਅਨੰਦ ਦੇਣ ਵਾਲੇ ਕੌਤਕ ਆਪ ਹੀ ਕਰਦਾ ਹੈ, (ਇਹ ਸਭ ਉਸ ਦੇ) ਚੋਜ ਹਨ।(ਇਨ੍ਹਾਂ) ਰਸਾਂ ਦੇ ਭੋਗਣ ਵਾਲਾ ਆਪ ਹੀ ਹੈ ਤੇ ਨਿਰਲੇਪ ਵੀ ਆਪ ਹੀ ਹੈ।ਜਿਸ (ਮਨੁੱਖ) ਨੂੰ ਚਾਹੁੰਦਾ ਹੈ, ਉਸ ਨੂੰ ਅਪਣੇ ਨਾਮ ਵਿਚ ਲਾ ਲੈਂਦਾ ਹੈ।ਜਿਸ ਨੂੰ ਚਾਹੁੰਦਾ ਹੈ, ਉਸ ਨੂੰ (ਮਨਮੁਖ ਬਣਾ ਕੇ ਜਨਮ ਮਰਣ ਦੀ) ਖੇਡ ਖਿਡਾਉਂਦਾ ਹੈ।(ਉਹ ਪ੍ਰਭੂ ਸਾਡੇ) ਹਿਸਾਬ ਤੋਂ ਪਰੇ, ਅਥਾਹ, ਗਿਣਤੀ ਤੋਂ ਰਹਿਤ ਅਤੇ ਜਾਂਚ ਮਿਣਤੀ ਦੇ ਤੋਲ ਤੋਂ ਰਹਿਤ ਹੈ।(ਹੇ ਵਾਹਿਗੁਰੂ! ਤੁਸੀਂ) ਜਿਵੇਂ ਬੁਲਾਉਂਦੇ ਹੋ, ਤਿਵੇਂ (ਤੇਰਾ) ਦਾਸ ਨਾਨਕ ਬੋਲਦਾ ਹੈ।੮।੨੧।

ਪਦਾਰਥ = ਅਬਿਗਤ-ਅਬਿਨਾਸੀ; ਅਦ੍ਰਿਸਟ ਪ੍ਰਭੂ।ਪਰਤਾਪਿ-ਸੋਭਾ।ਦੁਹੁ-ਦੋਹਾਂ ਪੱਖਾਂ ਦਾ (ਮਾਇਆ ਤੇ ਭਗਤ; ਨਿਰਗੁਣ ਤੇ ਸਰਗੁਣ)।ਧਨੀ-ਮਾਲਕ।ਉਨ ਕੀ-ਉਨ੍ਹਾਂ ਦੀ।ਉਨਹੁ-ਉਨ੍ਹਾਂ ਨੂੰ।ਬਨੀ-ਫਬਦੀ; ਸੋਭਦੀ ਹੈ।ਨਿਰਜੋਗ-ਨਿਰਲੇਪ।ਆਪਨ ਨਾਇ-ਅਪਣੇ ਨਾਮ ਵਿਚ।ਭਾਵੈ-ਚਾਹੁੰਦਾ ਹੈ।ਬੇਸੁਮਾਰ-ਹਿਸਾਬ ਰਹਿਤ।ਅਗਨਤ-ਗਿਣਤੀ ਰਹਿਤ।ਅਤੋਲੈ-ਤੋਲ ਰਹਿਤ।੮।੨੧।

ਵਿਆਖਿਆ = ਇਸ ਅਸਟਪਦੀ ਵਿਚ ਇਸ ਖਿਆਲ ਦਾ ਖੰਡਨ ਹੈ ਕਿ ਜਗਤ ਰਚਨਾ ਜੀਵਾਂ ਦੇ ਕਰਮਾਂ ਕਰਕੇ ਹੋਈ।ਸਿਰਫ ਪ੍ਰਭੂ ਅਨਾਦੀ ਹੈ, ਜਦੋਂ ਅਜੇ ਜਗਤ ਹੈ ਹੀ ਨਹੀਂ ਸੀ, ਉਦੋਂ ਕੇਵਲ ਪ੍ਰਮਾਤਮਾ ਹੀ ਸੀ।ਉਦੋਂ ਨਾ ਜੀਵ ਸਨ ਤੇ ਨਾ ਮਾਇਆ ਸੀ, ਜਦ ਜੀਵ ਹੀ ਨਹੀਂ ਸਨ ਤਾਂ ਕਰਮ ਕਿਸ ਨੇ ਕਰਨੇ ਸਨ? ਪ੍ਰਮਾਤਮਾ ਨੇ ਆਪ ਇਹ ਖੇਡ ਰਚੀ।ਕਰਮਾਂ ਦਾ, ਨਰਕ ਸੁਰਗ, ਪਾਪ ਪੁੰਨ ਦਾ ਸਿਲਸਿਲਾ ਉਦੋਂ ਸ਼ੁਰੂ ਹੋਇਆ, ਜਦੋਂ ਜਗਤ ਹੋਂਦ ਵਿਚ ਆ ਗਿਆ।(ਦਰਪਣ ਦਾ ਸਾਰੰਸ਼)।

ਸਲੋਕੁ ॥ ਜੀਅ ਜੰਤ ਕੇ ਠਾਕੁਰਾ, ਆਪੇ ਵਰਤਣਹਾਰ ॥ ਨਾਨਕ ਏਕੋ ਪਸਰਿਆ, ਦੂਜਾ ਕਹ ਦ੍ਰਿਸਟਾਰ ॥੧॥ ਹੇ ਜੀਵਾਂ ਜੰਤਾਂ ਦੇ ਮਾਲਕ ਪ੍ਰਭੂ! ਤੂੰ ਆਪ ਹੀ (ਸਾਰਿਆਂ ਵਿਚ) ਵਰਤਣ ਵਾਲਾ ਹੈਂ (ਵਿਆਪਕ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ (ਸਭ ਜਗ੍ਹਾ) ਇਕੋ ਪ੍ਰਭੂ ਪਸਰਿਆ ਹੋਇਆ ਹੈ, (ਉਸ ਤੋਂ ਬਿਨਾ ਕੋਈ) ਦੂਜਾ ਕਿਥੇ ਨਜਰ ਆਉਂਦਾ ਹੈ? (ਸਰਬ ਰੂਪ ਪ੍ਰਭੂ ਹੀ ਹੈਂ)।੧।

ਪਦਾਰਥ = ਠਾਕੁਰਾ-ਹੇ ਮਾਲਕ ਵਾਹਿਗੁਰੂ!।ਵਰਤਣਹਾਰ-ਵਰਤਣ ਵਾਲਾ।ਕਹ-ਕਿਥੇ।ਦ੍ਰਿਸਟਾਰ-ਨਜਰ ਆਉਂਦਾ ਹੈ।੧।

ਅਸਟਪਦੀ ॥ ਆਪਿ ਕਥੈ ਆਪਿ ਸੁਨਨੈਹਾਰੁ ॥ ਆਪਹਿ ਏਕੁ ਆਪਿ ਬਿਸਥਾਰੁ ॥ ਜਾ ਤਿਸੁ ਭਾਵੈ ਤਾ ਸ੍ਰਿਸਟਿ ਉਪਾਏ ॥ ਆਪਨੈ ਭਾਣੈ ਲਏ ਸਮਾਇ ॥ ਤੁਮ ਤੇ ਭਿੰਨ ਨਹੀ ਕਿਛੁ ਹੋਇ ॥ ਆਪਨ ਸੂਤਿ ਸਭੁ ਜਗਤੁ ਪਰੋਇ ॥ ਜਾ ਕਉ ਪ੍ਰਭ ਜੀਉ ਆਪਿ ਬੁਝਾਏ

All Rights Reserved by Harjinder Singh Gyani | www.GuruGranthVakhyaan.org

॥ ਸਚੁ ਨਾਮੁ ਸੋਈ ਜਨੁ ਪਾਏ ॥ ਸੋ ਸਮਦਰਸੀ ਤਤ ਕਾ ਬੇਤਾ ॥ ਨਾਨਕ ਸਗਲ ਸ੍ਰਿਸਟਿ ਕਾ ਜੇਤਾ ॥੧॥ (ਸਾਰੇ ਜੀਵਾਂ ਵਿਚ ਪ੍ਰਭੂ) ਆਪ ਹੀ ਬੋਲਦਾ ਹੈ ਤੇ ਆਪ ਹੀ ਸੁਣਨਵਾਲਾ ਹੈ।(ਪ੍ਰਭੂ) ਆਪ ਹੀ ਇਕ ਹੈ ਤੇ ਆਪ ਹੀ (ਅਪਣੇ ਤੋਂ) ਬਿਸਥਾਰ ਕਰਦਾ ਹੈ।ਜਦ ਉਸ ਪ੍ਰਭੂ ਨੂੰ ਭਾਉਂਦਾ ਹੈ ਤਾਂ ਸ੍ਰਿਸਟੀ ਪੈਦਾ ਕਰਦਾ ਹੈ।ਅਤੇ ਅਪਣੀ ਮਰਜੀ ਨਾਲ (ਇਸ ਨੂੰ ਅਪਣੇ ਵਿਚ) ਮਿਲਾ ਲੈਂਦਾ ਹੈ।(ਹੇ ਪ੍ਰਭੂ!) ਤੇਰੇ ਤੋਂ ਵੱਖਰਾ ਕੁਛ ਵੀ ਨਹੀਂ ਹੁੰਦਾ।ਅਪਣੇ ਸੱਤਾ ਰੂਪ ਧਾਗੇ ਵਿਚ ਸਾਰੇ ਜਗਤ ਨੂੰ ਪਰੋ ਰੱਖਿਆ ਹੈ।ਜਿਸ ਨੂੰ ਪ੍ਰਭੂ ਆਪ ਸਮਝ (ਸੂਝ ਬੂਝ) ਦੇਂਦਾ ਹੈ।ਉਹ ਹੀ ਪੁਰਖ ਸਚਾ ਨਾਮ ਪ੍ਰਾਪਤ ਕਰਦਾ ਹੈ।ਉਹ (ਪੁਰਖ) ਸਭ ਨੂੰ ਇਕੋ ਜਿਹਾ ਦੇਖਣ ਵਾਲਾ ਤੇ ਅਸਲੀਅਤ ਦੇ ਜਾਨਣ ਵਾਲਾ ਬਣ ਜਾਂਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਉਹ ਸਾਰੀ ਸ੍ਰਿਸਟੀ ਨੂੰ ਜਿਤਣ ਵਾਲਾ ਹੈ।੧।

ਪਦਾਰਥ = ਕਥੈ–ਬੋਲਦਾ ਹੈ।ਸੁਨਨੈਹਾਰੁ–ਸੁਣਨ ਵਾਲਾ।ਆਪਹਿ–ਆਪ ਹੀ।ਬਿਸਥਾਰੁ–ਫੈਲਾਉ; ਪਸਾਰਾ।ਜਾ–ਜਦ।ਉਪਾਏ–ਪੈਦਾ ਕਰਦਾ ਹੈ।ਭਾਣੈ–ਮਰਜੀ ਨਾਲ।ਲਏ ਸਮਾਏ–ਮਿਲਾ ਲੈਂਦਾ; ਸਮੇਟ ਪੈਂਦਾ ਹੈ।ਭਿੰਨ–ਵਖਰਾ।ਸੂਤਿ–ਸੱਤਾ; ਹੁਕਮ ਰੂਪ ਧਾਗੇ ਵਿਚ।ਜਾ ਕਉ–ਜਿਸ ਨੂੰ।ਸਮਦਰਸੀ–ਇਕ ਨਜਰ ਨਾਲ ਦੇਖਣ ਵਾਲਾ।ਤਤ–ਅਸਲੀਅਤ।ਬੇਤਾ–ਜਾਨਣ ਵਾਲਾ।ਜੇਤਾ–ਜੇਤੂ।੧।

ਜੀਅ ਜੰਤ੍ਰ ਸਭ ਤਾ ਕੈ ਹਾਥ ॥ ਦੀਨ ਦਇਆਲ ਅਨਾਥ ਕੋ ਨਾਥੁ ॥ ਜਿਸੁ ਰਾਖੈ ਤਿਸੁ ਕੋਇ ਨ ਮਾਰੈ ॥ ਸੋ ਮੂਆ ਜਿਸੁ ਮਨਹੁ ਬਿਸਾਰੈ ॥ ਤਿਸੁ ਤਜਿ ਅਵਰ ਕਹਾ ਕੋ ਜਾਇ ॥ ਸਭ ਸਿਰਿ ਏਕੁ ਨਿਰੰਜਨ ਰਾਇ ॥ ਜੀਅ ਕੀ ਜੁਗਤਿ ਜਾ ਕੈ ਸਭ ਹਾਥਿ ॥ ਅੰਤਰਿ ਬਾਹਰਿ ਜਾਨਹੁ ਸਾਥਿ ॥ ਗੁਨ ਨਿਧਾਨ ਬੇਅੰਤ ਅਪਾਰ ॥ ਨਾਨਕ ਦਾਸ ਸਦਾ ਬਲਿਹਾਰ ॥੨॥ (ਸਾਰੇ ਸਥੂਲ ਤੇ ਸੂਖਮ) ਜੀਵ ਜੰਤੂ ਉਸ ਪ੍ਰਭੂ ਦੇ ਹੱਥ ਵਿਚ ਹਨ।(ਉਹ) ਗਰੀਬਾਂ ਤੇ ਦਇਆ ਕਰਨ ਵਾਲਾ ਤੇ ਯਤੀਮਾਂ ਦਾ ਮਾਲਕ ਹੈ।ਜਿਸ ਮਨੁੱਖ ਨੂੰ (ਪ੍ਰਭੂ ਹੱਥ ਦੇ ਕੇ) ਰੱਖਦਾ ਹੈ, ਉਸ ਨੂੰ ਕੋਈ ਮਾਰ ਨਹੀਂ ਸਕਦਾ।ਉਹ (ਮਨੁੱਖ) ਮਰ ਗਿਆ (ਸਮਝੋ), ਜਿਸ ਨੂੰ (ਪ੍ਰਭੂ ਅਪਣੇ) ਮਨ ਵਿਚੋਂ ਭੁਲਾ ਦੇਂਦਾ ਹੈ।ਉਸ ਪ੍ਰਭੂ ਨੂੰ ਛਡ ਕੇ ਹੋਰ ਕਿਥੇ ਕੋਈ ਜਾਵੇ।ਸਭ (ਜੀਵਾਂ ਦੇ) ਸਿਰ ਉਤੇ ਇਕ ਪ੍ਰਭੂ ਪਾਤਸ਼ਾਹ ਹੈ, ਜੋ ਮਾਇਆ ਤੋਂ ਰਹਿਤ ਹੈ (ਉਹ ਸਭ ਦਾ ਰਾਖਾ ਤੇ ਸਭ ਨੂੰ ਆਸਰਾ ਦੇਣ ਵਾਲਾ ਹੈ)।ਜੀਵਾਂ (ਦੇ ਉਤਪਤੀ, ਪਾਲਣ, ਰੱਖਿਆ ਤੇ ਮਾਰਨ) ਦੀ ਜੁਗਤੀ ਜਿਸ ਪ੍ਰਭੂ ਦੇ ਹੱਥ ਵਿਚ ਹੈ।ਉਸ (ਪ੍ਰਭੂ) ਨੂੰ ਅੰਦਰ ਤੇ ਬਾਹਰ ਅਪਣੇ ਅੰਗ ਸੰਗ ਸਮਝੋ।(ਉਹ ਪ੍ਰਭੂ) ਗੁਣਾਂ ਦਾ ਖਜਾਨਾ ਹੈ, ਬੇਅੰਤ ਹੈ ਤੇ ਪਾਰਾਵਾਰ ਤੋਂ ਰਹਿਤ ਹੈ।ਦਾਸ ਨਾਨਕ (ਉਸ ਪ੍ਰਭੂ ਤੋਂ) ਸਦਾ ਬਲਹਾਰ ਜਾਂਦਾ ਹੈ।੨।

ਪਦਾਰਥ = ਜੀਅ ਜੰਤ੍ਰ–ਜੀਵ ਜੰਤੂ।ਤਾ ਕੈ–ਉਸ ਦੇ।ਹਾਥ–ਹੱਥ ਵਿਚ।ਦੀਨ–ਗਰੀਬ।ਅਨਾਥ–ਯਤੀਮ।ਨਾਥ–ਮਾਲਕ।ਸੋ–ਉਹ।ਮਨਹੁ–ਮਨ ਤੋਂ।ਬਿਸਾਰੈ–ਭੁਲਾ ਦੇਂਦਾ ਹੈ।ਤਜਿ–ਛਡ ਕੇ।ਅਵਰ–ਹੋਰ।ਕਹਾ–ਕਿੱਥੇ।ਕੋ–ਕੋਈ।ਸਿਰਿ–ਸਿਰ ਉਤੇ।ਨਿਰੰਜਨ–ਮਾਇਆ ਤੋਂ ਰਹਿਤ।ਰਾਇ–ਰਾਜਾ।ਜੁਗਤਿ–ਪ੍ਰਬੰਧ।ਜਾ ਕੈ–ਜਿਸ ਦੇ।ਨਿਧਾਨ–ਖਜਾਨਾ।ਅਪਾਰ–ਪਾਰ ਰਹਿਤ।੨।

ਪੂਰਨ ਪੂਰਿ ਰਹੇ ਦਇਆਲ ॥ ਸਭ ਊਪਰਿ ਹੋਵਤ ਕਿਰਪਾਲ ॥ ਅਪਨੇ ਕਰਤਬ ਜਾਨੈ ਆਪਿ ॥ ਅੰਤਰਜਾਮੀ ਰਹਿਓ ਬਿਆਪਿ ॥ ਪ੍ਰਤਿਪਾਲੈ ਜੀਅਨ ਬਹੁ ਭਾਤਿ ॥ ਜੋ ਜੋ ਰਚਿਓ ਸੁ ਤਿਸਹਿ ਧਿਆਤਿ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥ ਭਗਤਿ ਕਰਹਿ ਹਰਿ ਕੇ ਗੁਣ ਗਾਇ ॥ ਮਨ ਅੰਤਰਿ ਬਿਸ੍ਵਾਸੁ ਕਰਿ ਮਾਨਿਆ ॥ ਕਰਨਹਾਰੁ ਨਾਨਕ ਇਕੁ ਜਾਨਿਆ ॥੩॥ ਦਿਆਲੂ ਤੇ ਪੂਰਨ ਪ੍ਰਭੂ ਸਭ ਵਿਚ ਵਿਆਪਕ ਹੋ ਰਿਹਾ ਹੈ।ਸਾਰੇ (ਜੀਵਾਂ) ਉਪਰ ਕ੍ਰਿਪਾਲੂ ਹੁੰਦਾ ਹੈ।(ਪੈਦਾ ਕਰਨਾ, ਪਾਲਣਾ ਤੇ ਰਖਿਆ ਕਰਨਾ ਆਦਿ) ਅਪਣੇ ਕੰਮਾਂ ਨੂੰ ਆਪ ਹੀ ਜਾਣਦਾ ਹੈ।(ਉਹ ਪ੍ਰਭੂ ਸਭ ਦੇ) ਅੰਦਰ ਦੀਆਂ ਜਾਨਣ ਵਾਲਾ ਹੈ (ਤੇ ਸਾਰਿਆਂ ਵਿਚ) ਬਿਆਪ ਰਿਹਾ (ਮੌਜੂਦ) ਹੈ। ਜੀਵਾਂ ਨੂੰ ਅਨੇਕਾਂ ਤਰੀਕਿਆਂ ਨਾਲ (ਜਿਸ ਤਰ੍ਹਾਂ ਦੀ ਕਿਸੇ ਜੀਵ ਦੀ ਖੁਰਾਕ ਹੈ, ਉਸ ਅਨੁਸਾਰ) ਪਾਲਦਾ ਹੈ।ਜੋ ਜੋ ਵੀ (ਵਾਹਿਗੁਰੂ ਨੇ) ਰਚਿਆ ਹੈ, (ਉਹ ਅਪਣੇ ਤਰੀਕੇ ਨਾਲ) ਉਸੇ ਨੂੰ ਧਿਆਉਂਦਾ ਹੈ।ਜਿਸ ਮਨੁੱਖ ਨੂੰ (ਪ੍ਰਭੂ) ਚਾਹੁੰਦਾ ਹੈ, ਉਸ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ।(ਫਿਰ ਉਹ ਮਨੁੱਖ) ਹਰੀ ਦੇ ਗੁਣ ਗਾਕੇ (ਪ੍ਰਭੂ ਦੀ) ਭਗਤੀ ਕਰਦਾ ਹੈ।(ਜਿਸ ਮਨੁੱਖ ਨੇ) ਵਿਸ਼ਵਾਸ ਕਰਕੇ (ਪ੍ਰਭੂ ਨੂੰ) ਮੰਨ ਲਿਆ ਹੈ; ਪੂਜਿਆ ਹੈ।ਹੇ ਨਾਨਕ! (ਉਸ ਨੇ ਜਗਤ ਦੇ) ਰਚਨ ਵਾਲੇ ਇਕ ਵਾਹਿਗੁਰੂ ਨੂੰ ਜਾਣ ਲਿਆ ਹੈ।੩।

ਪਦਾਰਥ = ਪੂਰਿ ਰਹੇ–ਵਿਆਪਕ ਹੋ ਰਿਹਾ ਹੈ।ਹੋਵਤ–ਹੁੰਦਾ ਹੈ।ਰਹਿਓ ਬਿਆਪਿ–ਵਿਆਪਕ ਹੋ ਰਿਹਾ ਹੈ।ਜੀਅਨ–ਜੀਵਾਂ ਨੂੰ।ਬਹੁ ਭਾਤਿ–ਅਨੇਕਾਂ ਤਰੀਕਿਆਂ ਨਾਲ।ਸੁ–ਉਹ–ਤਿਸਹਿ–ਉਸ ਨੂੰ।ਧਿਆਤਿ–ਜਪਦਾ ਹੈ।ਕਰਨਹਾਰੁ–ਰਚਨਾ ਕਰਨ ਵਾਲਾ ਪ੍ਰਭੂ।੩।

ਜਨੁ ਲਾਗਾ ਹਰਿ ਏਕੈ ਨਾਇ ॥ ਤਿਸ ਕੀ ਆਸ ਨ ਬਿਰਥੀ ਜਾਇ ॥ ਸੇਵਕ ਕਉ ਸੇਵਾ ਬਨਿ ਆਈ ॥ ਹੁਕਮੁ ਬੂਝਿ ਪਰਮਪਦੁ ਪਾਈ ॥ ਇਸ ਤੇ ਊਪਰਿ ਨਹੀ ਬੀਚਾਰੁ ॥ ਜਾ ਕੈ ਮਨਿ ਬਸਿਆ ਨਿਰੰਕਾਰੁ ॥ ਬੰਧਨ ਤੋਰਿ ਭਏ ਨਿਰਵੈਰ ॥ ਅਨਦਿਨੁ ਪੂਜਹਿ ਗੁਰ ਕੇ ਪੈਰ ॥ (ਜੋ ਪ੍ਰਭੂ ਦਾ) ਸੇਵਕ ਇਕ ਪ੍ਰਭੂ ਦੇ ਨਾਮ ਵਿਚ ਜੁੜਿਆ ਹੋਇਆ ਹੈ।ਉਸ ਦੀ (ਕੋਈ ਵੀ) ਆਸ ਬਿਰਥੀ ਨਹੀਂ ਜਾਂਦੀ। ਸੇਵਕ ਨੂੰ ਤਾਂ (ਪ੍ਰਭੂ ਦੀ) ਸੇਵਾ ਕਰਨੀ ਹੀ ਬਣ ਆਉਂਦੀ ਹੈ।(ਅਜੇਹੇ ਸੇਵਕ ਨੇ ਮਾਲਕ ਦਾ) ਹੁਕਮ ਸਮਝ ਕੇ ਪਰਮ ਪਦਵੀ ਪਾ ਲਈ ਹੈ।ਜਿਨ੍ਹਾਂ (ਸੇਵਕਾਂ) ਦੇ ਮਨ ਵਿਚ ਨਿਰੰਕਾਰ ਵਸਿਆ ਹੈ।ਇਸ ਤੋਂ ਉਚਾ ਬਿਚਾਰ (ਸੇਵਕਾਂ ਲਈ ਹੋਰ ਕੋਈ) ਨਹੀਂ ਹੈ।(ਉਹ

All Rights Reserved by Harjinder Singh Gyani | www.GuruGranthVakhyaan.org

ਸੇਵਕ ਸੰਸਾਰਕ) ਬੰਧਨ ਤੋੜ ਕੇ ਵੈਰ ਰਹਿਤ ਹੋ ਗਏ ਹਨ। ਅਤੇ ਹਰ ਰੋਜ ਗੁਰੂ ਦੇ ਚਰਨ ਪੂਜਦੇ ਹਨ।

**ਅੰਗ ੨੯੩** = ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥ ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥੪॥ (ਉਹ ਸੇਵਕ) ਇਸ ਲੋਕ ਵਿਚ ਵੀ ਸੁਖੀ ਹਨ ਤੇ ਪ੍ਰਲੋਕ ਵਿਚ ਵੀ ਸੁਖੀ ਹੁੰਦੇ ਹਨ। ਹੇ ਨਾਨਕ! (ਉਹ ਸੇਵਕ) ਹਰੀ ਪ੍ਰਭੂ ਨੇ ਆਪੇ ਅਪਣੇ ਨਾਲ ਮੇਲ ਲਏ ਹਨ।੪।

ਪਦਾਰਥ = ਜਨੁ–ਸੇਵਕ। ਨਾਇ–ਨਾਮ ਵਿਚ। ਬਿਰਥੀ–ਬਿਅਰਥ। ਪਰਮਪਦੁ–ਸਭ ਤੋਂ ਉਚੀ ਆਤਮਕ ਪਦਵੀ। ਊਪਰਿ–ਉਚੀ; ਵੱਡੀ। ਜਾ ਕੈ–ਜਿਨ੍ਹਾਂ ਦੇ। ਤੋਰਿ–ਤੋੜ ਕੇ। ਭਏ–ਹੋਏ। ਪੈਰ–(ਗੁਰੂ ਦੇ) ਚਰਨ। ਸੁਹੇਲੇ–ਸੁਖੀ। ਆਪਹਿ–ਆਪ ਹੀ।੪।

ਸਾਧ ਸੰਗਿ ਮਿਲਿ ਕਰਹੁ ਅਨੰਦ ॥ ਗੁਨ ਗਾਵਹੁ ਪ੍ਰਭ ਪਰਮਾਨੰਦ ॥ ਰਾਮ ਨਾਮ ਤਤੁ ਕਰਹੁ ਬੀਚਾਰੁ ॥ ਦ੍ਰੁਲਭ ਦੇਹ ਕਾ ਕਰਹੁ ਉਧਾਰੁ ॥ ਅੰਮ੍ਰਿਤ ਬਚਨ ਹਰਿ ਕੇ ਗੁਨ ਗਾਉ ॥ ਪ੍ਰਾਨ ਤਰਨ ਕਾ ਇਹੈ ਸੁਆਉ ॥ ਆਠ ਪਹਰ ਪ੍ਰਭ ਪੇਖਹੁ ਨੇਰਾ ॥ ਮਿਟੈ ਅਗਿਆਨੁ ਬਿਨਸੈ ਅੰਧੇਰਾ ॥ ਸੁਨਿ ਉਪਦੇਸੁ ਹਿਰਦੈ ਬਸਾਵਹੁ ॥ ਮਨ ਇਛੇ ਨਾਨਕ ਫਲ ਪਾਵਹੁ ॥੫॥ (ਹੇ ਭਾਈ!) ਸਾਧ ਸੰਗਤ ਵਿਚ ਮਿਲ ਕੇ ਆਤਮਕ ਅਨੰਦ ਮਾਣਨਾ ਕਰੋ। ਤੇ ਪਰਮ ਅਨੰਦ ਸਰੂਪ ਵਾਹਿਗੁਰੂ ਦੇ ਗੁਣ ਗਾਵੋ। ਪ੍ਰਭੂ ਦੇ ਨਾਮ ਦਾ ਜੋ ਤੱਤ ਹੈ, (ਉਸ ਦਾ) ਵਿਚਾਰ ਕਰੋ। (ਇਉਂ ਇਸ) ਦੁਰਲੱਭ ਦੇਹ ਦਾ ਉਧਾਰ ਕਰ ਲਵੋ। ਹਰੀ ਦੇ ਗੁਣ ਗਾਵੋ, ਜੋ ਅਮਰ ਕਰ ਦੇਣ ਵਾਲੇ ਬਚਨ ਹਨ। ਜੀਵਨ ਦੇ ਉਧਾਰ ਦਾ ਇਹੋ ਹੀ (ਮੁਖ) ਸਾਧਨ ਹੈ। ਅੱਠੇ ਪਹਰ ਪ੍ਰਭੂ ਨੂੰ (ਅਪਣੇ) ਨੇੜੇ ਦੇਖੋ। (ਇਸ ਤਰ੍ਹਾਂ) ਅਗਿਆਨ ਨਾਸ਼ ਹੋ ਜਾਏਗਾ ਤੇ (ਇਸ ਦਾ) ਹਨ੍ਹੇਰਾ ਵੀ ਮਿਟ ਜਾਏਗਾ। (ਗੁਰੂ ਦੇ) ਉਪਦੇਸ਼ ਨੂੰ ਸੁਣ ਕੇ (ਅਪਣੇ) ਹਿਰਦੇ ਵਿਚ ਵਸਾਵੋ। ਨਾਨਕ ਗੁਰੂ ਜੀ ਆਖਦੇ ਹਨ (ਕਿ ਫਿਰ ਤੁਸੀਂ) ਮਨ ਇੱਛਤ ਫਲ ਪਾ ਲਵੋਗੇ।੫।

ਪਦਾਰਥ = ਪਰਮਾਨੰਦ–ਪਰਮ ਅਨੰਦ ਸਰੂਪ ਪ੍ਰਭੂ। ਦ੍ਰੁਲਭ–ਔਖਾ ਮਿਲਣ ਵਾਲਾ। ਉਧਾਰ–ਮੁਕਤ। ਪ੍ਰਾਨ–ਜੀਵਨ। ਤਰਨ–ਨਿਸਤਾਰਾ। ਸੁਆਉ–ਸਾਧਨ; ਲਾਭ। ਪੇਖਹੁ–ਦੇਖੋ। ਨੇਰਾ–ਨੇੜੇ। ਅੰਧੇਰਾ–ਹਨ੍ਹੇਰਾ। ਮਨ ਇਛੇ ਫਲ–ਮਨ ਦੇ ਚਾਹੇ ਫਲ।੫।

ਹਲਤੁ ਪਲਤੁ ਦੁਇ ਲੇਹੁ ਸਵਾਰਿ ॥ ਰਾਮ ਨਾਮੁ ਅੰਤਰਿ ਉਰਿ ਧਾਰਿ ॥ ਪੂਰੇ ਗੁਰ ਕੀ ਪੂਰੀ ਦੀਖਿਆ ॥ ਜਿਸੁ ਮਨਿ ਬਸੈ ਤਿਸੁ ਸਾਚੁ ਪਰੀਖਿਆ ॥ ਮਨਿ ਤਨਿ ਨਾਮੁ ਜਪਹੁ ਲਿਵ ਲਾਇ ॥ ਦੂਖੁ ਦਰਦੁ ਮਨ ਤੇ ਭਉ ਜਾਇ ॥ ਸਚੁ ਵਾਪਾਰੁ ਕਰਹੁ ਵਾਪਾਰੀ ॥ ਦਰਗਹ ਨਿਬਹੈ ਖੇਪ ਤੁਮਾਰੀ ॥ ਏਕਾ ਟੇਕ ਰਖਹੁ ਮਨ ਮਾਹਿ ॥ ਨਾਨਕ ਬਹੁਰਿ ਨ ਆਵਹਿ ਜਾਹਿ ॥੬॥ (ਹੇ ਭਾਈ!) ਪ੍ਰਭੂ ਦਾ ਨਾਮ ਹਿਰਦੇ ਦੇ ਅੰਦਰ ਧਾਰਣ ਕਰਕੇ (ਤੁਸੀਂ ਅਪਣਾ) ਇਹ ਲੋਕ ਤੇ ਪ੍ਰਲੋਕ ਸਵਾਰ ਲਵੋ। ਪੂਰਨ ਗੁਰੂ (ਨਾਨਕ ਦੇਵ ਜੀ) ਦੀ ਪੂਰੀ ਸਿਖਿਆ ਹੈ। ਜਿਸ ਦੇ ਮਨ ਵਿਚ (ਇਹ ਸਿਖਿਆ) ਵਸ ਜਾਂਦੀ ਹੈ, ਉਸ ਨੂੰ ਸੱਚੇ ਪ੍ਰਭੂ ਦੀ ਪਰਖ ਹੋ ਜਾਂਦੀ ਹੈ। ਮਨ ਕਰਕੇ ਤੇ ਤਨ ਕਰ ਕੇ ਲਿਵ ਲਾ ਕੇ (ਪ੍ਰਭੂ ਦਾ) ਨਾਮ ਜਪੋ। (ਇਸ ਤਰ੍ਹਾਂ) ਦੁਖ ਦਰਦ ਤੇ (ਹਰ ਕਿਸਮ ਦਾ) ਭੈ ਦੂਰ ਹੋ ਜਾਵੇਗਾ। ਹੇ (ਜੀਵ ਰੂਪ) ਵਪਾਰੀ! ਸੱਚੇ ਨਾਮ ਦਾ ਵਪਾਰ ਕਰ (ਆਪ ਜਪ ਤੇ ਹੋਰਨਾਂ ਨੂੰ ਵੀ ਜਪਾ। ਫਿਰ) ਦਰਗਹ ਵਿਚ ਤੁਹਾਡੀ (ਨਾਮ ਸਿਮਰਨ ਦੀ) ਵਸਤੂ ਨਾਲ ਨਿਭੇਗੀ (ਨਾਮ ਸਿਮਰਨ ਦੀ ਕੀਤੀ ਕਮਾਈ ਦਰਗਾਹ ਵਿਚ ਨਾਲ ਜਾਵੇਗੀ)। ਨਾਨਕ ਗੁਰੂ ਜੀ ਸਿਖਿਆ ਦੇਂਦੇ ਹਨ ਕਿ ਇਕ ਪ੍ਰਭੂ ਦੀ ਟੇਕ ਮਨ ਵਿਚ ਰੱਖੋ। (ਤਾਂ ਫਿਰ ਸੰਸਾਰ ਵਿਚ ਤੁਸੀਂ) ਮੁੜ ਨਾ ਆਵੋਗੇ ਤੇ ਨਾ ਜਾਵੋਗੇ (ਆਵਾਗਵਨ ਮਿਟ ਜਾਵੇਗਾ)।੬।

ਪਦਾਰਥ = ਹਲਤੁ–ਇਹ ਲੋਕ। ਪਲਤੁ–ਪਰਲੋਕ। ਲੇਹੁ ਸਵਾਰਿ–ਸੁਧਾਰ ਲਵੋ। ਉਰਿ ਧਾਰਿ–ਹਿਰਦੇ ਵਿਚ ਟਿਕਾ ਕੇ। ਦੀਖਿਆ–ਸਿੱਖਿਆ। ਤਿਸੁ–ਉਸ ਨੂੰ। ਪਰੀਖਿਆ–ਪਰਖ (ਪਛਾਣ)। ਲਿਵ ਲਾਇ–ਸੁਰਤ ਜੋੜ ਕੇ। ਮਨ ਤੇ–ਮਨ ਤੋਂ। ਭਉ–ਡਰ। ਵਾਪਾਰੀ–ਹੇ ਵਪਾਰੀ ਜੀਵ!। ਨਿਬਹੈ–ਸਫਲ ਹੋ ਜਾਵੇਗੀ। ਖੇਪ–ਖ੍ਰੀਦਿਆ ਸੌਦਾ। ਬਹੁਰਿ–ਮੁੜ। ਆਵਹਿ ਜਾਹਿ–ਜਨਮ ਮਰਣ ਦਾ ਗੇੜ।੬।

ਤਿਸ ਤੇ ਦੂਰਿ ਕਹਾ ਕੋ ਜਾਇ ॥ ਉਬਰੈ ਰਾਖਨਹਾਰੁ ਧਿਆਇ ॥ ਨਿਰਭਉ ਜਪੈ ਸਗਲ ਭਉ ਮਿਟੈ ॥ ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥ ਜਿਸੁ ਪ੍ਰਭੁ ਰਾਖੈ ਤਿਸੁ ਨਾਹੀ ਦੂਖ । ਨਾਮ ਜਪਤ ਮਨਿ ਹੋਵਤ ਸੂਖ ॥ ਚਿੰਤਾ ਜਾਇ ਮਿਟੈ ਅਹੰਕਾਰੁ ॥ ਤਿਸੁ ਜਨ ਕਉ ਕੋਇ ਨ ਪਹੁਚਨਹਾਰੁ ॥ ਸਿਰ ਊਪਰਿ ਠਾਢਾ ਗੁਰੁ ਸੂਰਾ ॥ ਨਾਨਕ ਤਾ ਕੇ ਕਾਰਜ ਪੂਰਾ ॥੭॥ ਉਸ ਪ੍ਰਭੂ ਤੋਂ ਦੂਰ ਕਿਥੇ ਕੋਈ (ਜੀਵ) ਜਾ ਸਕਦਾ ਹੈ? (ਕਿਉਂਕਿ ਪ੍ਰਭੂ ਸਭ ਜਗ੍ਹਾ ਹਾਜਰ ਹੈ)। ਰੱਖਿਆ ਕਰਨ ਵਾਲੇ ਪ੍ਰਭੂ ਨੂੰ ਸਿਮਰ ਕੇ (ਮਨੁੱਖ ਸੰਸਾਰ ਸਮੁੰਦਰ ਤੋਂ) ਤਰ ਜਾਂਦਾ ਹੈ; ਕਾਲ ਤੋਂ ਬਚਦਾ ਹੈ। (ਜਿਹੜਾ ਮਨੁੱਖ) ਭੈ ਰਹਿਤ ਪ੍ਰਭੂ ਨੂੰ ਜਪਦਾ ਹੈ, (ਉਸਦੇ) ਸਾਰੇ ਡਰ ਮਿਟ ਜਾਂਦੇ ਹਨ। ਪ੍ਰਭੂ ਦੀ ਕ੍ਰਿਪਾ ਹੋਣ ਨਾਲ ਪ੍ਰਾਣੀ (ਜਨਮ ਮਰਣ ਤੋਂ) ਛੁਟ ਜਾਂਦਾ ਹੈ। ਜਿਸ ਮਨੁੱਖ ਨੂੰ ਪ੍ਰਭੂ (ਬਚਾ ਕੇ) ਰੱਖਦਾ ਹੈ, ਉਸ ਨੂੰ ਦੁਖ ਨਹੀਂ ਹੁੰਦਾ। ਨਾਮ ਜਪਣ ਨਾਲ ਮਨ ਵਿਚ ਸੁਖ ਹੁੰਦਾ ਹੈ। ਚਿੰਤਾ ਦੂਰ ਹੋ ਜਾਂਦੀ ਹੈ ਤੇ ਹੰਕਾਰ ਮਿਟ ਜਾਂਦਾ ਹੈ। (ਫਿਰ) ਉਸ ਪੁਰਖ ਤਕ ਕੋਈ ਪਹੁੰਚਣ ਵਾਲਾ ਨਹੀਂ (ਬਰਾਬਰੀ ਨਹੀਂ ਕਰ ਸਕਦਾ। ਜਿਸ ਮਨੁੱਖ ਦੇ) ਸਿਰ ਉਤੇ ਸੂਰਵੀਰ ਗੁਰੂ (ਰਾਖਾ ਬਣ ਕੇ) ਖੜਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਸ ਦੇ (ਸਾਰੇ) ਕਾਰਜ ਪੂਰੇ ਹੋ ਜਾਂਦੇ ਹਨ।੭।

ਪਦਾਰਥ = ਤਿਸ ਤੇ–ਉਸ ਤੋਂ। ਕਹਾ–ਕਿੱਥੇ। ਕੋ–ਕੋਈ। ਉਬਰੈ–ਤਰ ਜਾਂਦਾ ਹੈ; ਬਚਦਾ ਹੈ। ਰਾਖਨਹਾਰੁ–ਰੱਖਿਆ ਕਰਨ ਵਾਲਾ।

All Rights Reserved by Harjinder Singh Gyani | www.GuruGranthVakhyaan.org

ਛੁਟੈ–ਛੁਟਦਾ; ਮੁਕਤ ਹੁੰਦਾ ਹੈ। ਹੋਵਤ–ਹੁੰਦਾ ਹੈ। ਠਾਢਾ–ਖੜਾ ਹੈ। ਸੂਰਾ–ਸੂਰਵੀਰ। ਤਾ ਕੇ–ਉਸ ਦੇ।੭।
ਮਤਿ ਪੂਰੀ ਅੰਮ੍ਰਿਤੁ ਜਾ ਕੀ ਦ੍ਰਿਸਟਿ ॥ ਦਰਸਨੁ ਪੇਖਤ ਉਧਰਤ ਸ੍ਰਿਸਟਿ ॥ ਚਰਨ ਕਮਲ ਜਾ ਕੇ ਅਨੂਪ ॥ ਸਫਲ ਦਰਸਨੁ ਸੁੰਦਰ ਹਰਿ ਰੂਪ ॥ ਧੰਨੁ ਸੇਵਾ ਸੇਵਕੁ ਪਰਵਾਨੁ ॥ ਅੰਤਰਜਾਮੀ ਪੁਰਖੁ ਪ੍ਰਧਾਨੁ ॥ ਜਿਸੁ ਮਨਿ ਬਸੈ ਸੁ ਹੋਤ ਨਿਹਾਲੁ ॥ ਤਾ ਕੈ ਨਿਕਟਿ ਨ ਆਵਤ ਕਾਲੁ ॥ ਅਮਰ ਭਏ ਅਮਰਾ ਪਦੁ ਪਾਇਆ ॥ ਸਾਧ ਸੰਗਿ ਨਾਨਕ ਹਰਿ ਧਿਆਇਆ ॥੮॥੨੨॥ ਜਿਸ (ਗੁਰੂ) ਦੀ ਮੱਤ ਪੂਰਨ ਹੈ ਤੇ ਨਜਰ ਵਿਚ ਅੰਮ੍ਰਿਤ ਹੈ (ਦੇਖਣ ਨਾਲ ਹੀ ਅਮਰ ਕਰ ਦਿੰਦੇ ਹਨ। ਜਿਸ ਗੁਰੂ ਦਾ) ਦਰਸ਼ਨ ਦੇਖਿਆਂ ਸ੍ਰਿਸਟੀ ਤਰ ਜਾਂਦੀ ਹੈ। ਜਿਸ ਗੁਰੂ ਦੇ ਕਮਲਾਂ ਵਰਗੇ ਚਰਨ ਉਪਮਾਂ ਤੋਂ ਰਹਿਤ (ਬਹੁਤ ਸੁੰਦਰ) ਹਨ। (ਉਸਦਾ) ਦਰਸਨ ਫਲ ਸਹਿਤ ਹੈ ਅਤੇ ਹਰੀ ਦਾ ਸੁੰਦਰ ਰੂਪ ਹੈ। (ਐਸੇ ਗੁਰੂ ਦੀ) ਸੇਵਾ ਧੰਨ ਹੈ ਤੇ (ਸੇਵਾ ਕਰਨ ਵਾਲਾ) ਸੇਵਕ ਵੀ (ਗੁਰੂ ਦੇ ਦਰ ਤੇ) ਪ੍ਰਵਾਨ ਹੈ। (ਗੁਰੂ ਸਭ ਦੇ) ਅੰਦਰ ਦੀਆਂ ਜਾਨਣ ਵਾਲਾ ਪ੍ਰਧਾਨ ਪੁਰਖ ਹੈ। ਜਿਸ ਪੁਰਖ ਦੇ ਮਨ ਵਿਚ (ਗੁਰੂ) ਬਸਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। (ਫਿਰ) ਉਸ ਦੇ ਨੇੜੇ ਕਾਲ ਨਹੀਂ ਆਉਂਦਾ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਸਾਧ ਸੰਗਤ ਵਿਚ (ਜਿਨ੍ਹਾਂ ਪੁਰਖਾਂ ਨੇ) ਹਰੀ ਨੂੰ ਸਿਮਰਿਆ ਹੈ, (ਉਨ੍ਹਾਂ ਨੇ) ਅਮਰ ਪਦਵੀ ਪਾ ਲਈ ਹੈ, (ਇਸ ਕਰਕੇ ਉਹ) ਅਮਰ ਹੋ ਗਏ ਹਨ।੮।੨੨।
ਪਦਾਰਥ = ਮਤਿ–ਸਿਖਿਆ; ਬੁੱਧੀ। ਜਾ ਕੀ–ਜਿਸ ਦੀ। ਦ੍ਰਿਸਟਿ–ਨਜਰ ਵਿਚ। ਪੇਖਤ–ਦੇਖਦਿਆਂ। ਉਧਰਤ–ਤਰ ਜਾਂਦੀ ਹੈ। ਅਨੂਪ –ਉਪਮਾ ਰਹਿਤ (ਬਹੁਤ ਸੁੰਦਰ)। ਸਫਲ ਦਰਸਨ–ਅਮੋਘ ਦਰਸ਼ਨ; ਜਿਸ ਦਾ ਦਰਸ਼ਨ ਫਲ ਦੇਣ ਵਾਲਾ ਹੈ। ਪ੍ਰਧਾਨ–ਮੁਖੀ; ਵੱਡਾ। ਸੁ –ਉਹ। ਹੋਤ–ਹੁੰਦਾ ਹੈ। ਤਾ ਕੇ–ਉਸ ਦੇ। ਨਿਕਟਿ–ਨੇੜੇ। ਕਾਲੁ–ਮੌਤ। ਅਮਰਾ ਪਦੁ–ਨਾਸ਼ ਰਹਿਤ ਪਦਵੀ।੮।੨੨।
ਸਲੋਕੁ ॥ ਗਿਆਨ ਅੰਜਨੁ ਗੁਰਿ ਦੀਆ, ਅਗਿਆਨ ਅੰਧੇਰ ਬਿਨਾਸੁ ॥ ਹਰਿ ਕਿਰਪਾ ਤੇ ਸੰਤ ਭੇਟਿਆ, ਨਾਨਕ ਮਨਿ ਪਰਗਾਸੁ ॥ ੧॥ (ਜਿਸ ਸੇਵਕ ਦੀਆਂ ਮਨ ਤੇ ਬੁੱਧੀ ਰੂਪ ਅੱਖਾਂ ਵਿਚ) ਗੁਰੂ ਨੇ ਗਿਆਨ ਦਾ ਸੁਰਮਾ ਪਾ ਦਿਤਾ ਹੈ, (ਉਸ ਦੇ ਅੰਦਰੋਂ) ਅਗਿਆਨਤਾ ਦਾ ਹਨ੍ਹੇਰਾ ਨਾਸ਼ ਹੋ ਗਿਆ ਹੈ। ਨਾਨਕ ਗੁਰੂ ਜੀ ਕਥਨ ਕਰਦੇ ਹਨ (ਕਿ ਜਿਸ ਮਨੁੱਖ ਨੂੰ) ਹਰੀ ਦੀ ਕ੍ਰਿਪਾ ਨਾਲ ਸੰਤ ਗੁਰੂ ਮਿਲੇ ਹਨ, (ਉਸ ਦੇ) ਮਨ ਵਿਚ ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।੧।
ਪਦਾਰਥ = ਅੰਜਨੁ–ਸੁਰਮਾ। ਗੁਰਿ–ਗੁਰੂ ਨੇ। ਅੰਧੇਰ–ਹਨ੍ਹੇਰਾ। ਬਿਨਾਸ–ਨਾਸ਼। ਸੰਤ ਭੇਟਿਆ–ਸੰਤ ਗੁਰੂ ਮਿਲਿਆ।੧।
ਅਸਟਪਦੀ ॥ ਸੰਤ ਸੰਗਿ ਅੰਤਰਿ ਪ੍ਰਭੁ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥ ਅਨਿਕ ਰੰਗ ਨਾਨਾ ਦ੍ਰਿਸਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥ ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥੧॥ (ਗਿਆਨ ਅੰਜਨ ਦੀ ਬਰਕਤ ਨਾਲ ਜਿਸ ਮਨੁੱਖ ਨੂੰ) ਸੰਤ ਗੁਰੂ ਦੀ ਸੰਗਤ ਵਿਚ ਪ੍ਰਭੂ ਦਾ ਨਾਮ ਮਿੱਠਾ ਲੱਗਣ ਲਗ ਪਿਆ, (ਉਸ ਨੇ ਅਪਣੇ) ਹਿਰਦੇ ਦੇ ਅੰਦਰ ਹੀ ਪ੍ਰਭੂ ਨੂੰ ਦੇਖ ਲਿਆ ਹੈ। ਸਾਰੀ ਸਮੱਗ੍ਰੀ (ਸ੍ਰਿਸਟੀ ਉਸ ਨੂੰ) ਇਕ ਵਾਹਿਗੁਰੂ ਦੇ ਸਰੀਰ ਵਿਚ ਹੀ (ਪ੍ਰਤੀਤ ਹੁੰਦੀ) ਹੈ। ਜੋ ਅਨੇਕਾਂ ਰੰਗਾਂ ਤੇ ਅਨੇਕਾਂ ਪ੍ਰਕਾਰ ਦੀ ਦਿਖਦੀ ਹੈ। (ਉਹ ਜਾਣ ਜਾਂਦਾ ਹੈ ਕਿ) ਪ੍ਰਭੂ ਦਾ ਅੰਮ੍ਰਿਤ ਰੂਪ ਨਾਮ ਨੌਂ ਨਿਧੀਆਂ ਦੇਣ ਵਾਲਾ ਹੈ। ਅਤੇ ਦੇਹੀ ਵਿਚ ਹੀ ਇਸ ਦਾ ਟਿਕਾਣਾ ਹੈ। (ਉਸ ਨੂੰ) ਉਥੇ ਅਫੁਰ ਸਮਾਧੀ ਵਿਚ (ਨਾਮ ਵਾਲੇ ਟਿਕਾਣੇ ਤੇ) ਅਨਹਦ ਵਾਜੇ ਵਜਦੇ ਸੁਣਾਈ ਦਿੰਦੇ ਹਨ। (ਉਹ ਅਵਸਥਾ) ਅਸਚਰਜ ਤੇ ਵਿਸਮਾਦ ਰੂਪ ਹੈ, (ਜਿਸਦਾ) ਕਥਨ ਨਹੀਂ ਕੀਤਾ ਜਾ ਸਕਦਾ। (ਇਹ ਵਿਸਮਾਦ ਅਵਸਥਾ ਵਾਲਾ ਅਸਥਾਨ) ਉਸ ਪੁਰਖ ਨੇ ਹੀ ਦੇਖਿਆ ਹੈ, ਜਿਸ ਨੂੰ ਵਾਹਿਗੁਰੂ ਦਿਖਾਉਂਦਾ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ, (ਵਾਹਿਗੁਰੂ ਨੇ ਹੀ ਇਹ ਝਲਕ ਦੇਖਣ ਦੀ) ਸਮਝ ਉਸ ਪੁਰਖ ਦੇ ਅੰਦਰ ਪਾਈ ਹੈ।੧।
ਪਦਾਰਥ = ਅੰਤਰਿ–ਹਿਰਦੇ ਅੰਦਰ। ਡੀਠਾ–ਦੇਖਿਆ। ਸਮਿਗ੍ਰੀ–ਸਮੱਗਰੀ (ਪੈਦਾ ਕੀਤਾ ਜਗਤ)। ਘਟ ਮਾਹਿ–ਸਰੀਰ ਵਿਚ (ਵੈਰਾਟ ਰੂਪ ਵਾਹਿਗੁਰੂ ਵਿਚ ਹੀ ਸਾਰਾ ਜਗਤ ਹੈ)। ਨਾਨਾ–ਕਈ ਤਰ੍ਹਾਂ ਦੀ। ਦ੍ਰਿਸਟਾਹਿ–ਦਿਸਦੀ ਹੈ। ਨਉ ਨਿਧਿ–ਨੌਂ ਖਜਾਨੇ। ਬਿਸ੍ਰਾਮੁ–ਟਿਕਾਣਾ। ਸੁੰਨ ਸਮਾਧਿ–ਅਫੁਰ ਸਮਾਧੀ (ਮਨ ਦਾ ਅਪਣੇ ਸਰੂਪ ਵਿਚ ਟਿਕਣਾ, ਜਿਥੇ ਕੋਈ ਫੁਰਨਾ ਨਹੀਂ ਫੁਰਦਾ)। ਅਨਹਦ ਨਾਦ–ਰੱਬੀ ਕੀਰਤਨ ਦੀ ਧੁਨ। ਤਹ–ਉਥੇ। ਬਿਸਮਾਦ–ਅਸਚਰਜ। ਜਨ–ਮਨੁੱਖ। ਸੋਝੀ–ਸਮਝ।੧।
ਸੋ ਅੰਤਰਿ ਸੋ ਬਾਹਰਿ ਅਨੰਤ ॥ ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਧਰਨਿ ਮਾਹਿ ਆਕਾਸ ਪਇਆਲ ॥ ਸਰਬ ਲੋਕ ਪੂਰਨ ਪ੍ਰਤਿਪਾਲ ॥ (ਪ੍ਰਭੂ ਦੀ ਬਖਸ਼ੀ ਸਮਝ ਵਾਲਾ ਪੁਰਖ ਦੇਖਦਾ ਹੈ ਕਿ) ਉਹ ਅਨੰਤ ਪ੍ਰਭੂ (ਹਰ ਇਕ ਜੀਵ ਦੇ) ਅੰਦਰ ਵੀ ਹੈ ਤੇ ਉਹ ਅਨੰਤ ਪ੍ਰਭੂ ਬਾਹਰ (ਪਸਾਰੇ ਵਿਚ) ਵੀ ਹੈ। (ਉਹ) ਹਰੀ ਘਟ ਘਟ (ਹਰੇਕ ਜੀਵ) ਵਿਚ ਬਿਆਪ ਰਿਹਾ ਹੈ। ਧਰਤੀ ਵਿਚ, ਅਕਾਸ਼ ਵਿਚ ਤੇ ਪਤਾਲ ਵਿਚ ਅਤੇ ਸਾਰੇ ਲੋਕਾਂ (ਭਵਨਾਂ) ਵਿਚ ਪੂਰਨ ਹੋ ਰਿਹਾ ਹੈ ਤੇ (ਸਾਰੇ ਜੀਵਾਂ ਦੀ) ਪਾਲਣਾ ਕਰਦਾ ਹੈ।
ਅੰਗ ੨੯੪ = ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥ ਜੈਸੀ ਆਗਿਆ ਤੈਸਾ ਕਰਮੁ ॥ ਪਉਣ ਪਾਣੀ ਬੈਸੰਤਰ ਮਾਹਿ ॥ ਚਾਰਿ

All Rights Reserved by Harjinder Singh Gyani | www.GuruGranthVakhyaan.org

ਕੁੰਟ ਦਹ ਦਿਸੇ ਸਮਾਹਿ ॥ ਤਿਸ ਤੇ ਭਿੰਨ ਨਹੀ ਕੋ ਠਾਉ ॥ ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥੨॥ (ਉਹ) ਪਾਰਬ੍ਰਹਮ ਜੰਗਲਾਂ ਤੇ ਘਾਹ ਦੇ ਤੀਲਿਆਂ ਵਿਚ ਤੇ ਪਰਬਤਾਂ ਵਿਚ ਵੀ ਮੌਜੂਦ ਹੈ।(ਉਹ) ਜੈਸਾ ਹੁਕਮ ਕਰਦਾ ਹੈ, ਤੈਸਾ (ਹਰ ਕੋਈ) ਕੰਮ ਕਰਦਾ ਹੈ (ਸਾਰੀ ਰਚਨਾ ਉਸ ਦੇ ਪ੍ਰਬੰਧ ਹੇਠ ਕੰਮ ਕਰਦੀ ਹੈ)।ਪੌਣ ਪਾਣੀ ਤੇ ਅੱਗ ਵਿਚ ਅਤੇ ਚਾਰੇ ਪਾਸੇ, ਦਸੇ ਦਿਸ਼ਾਂ ਵਿਚ (ਉਹ ਪ੍ਰਭੂ) ਸਮਾਇਆ ਹੋਇਆ ਹੈ।ਉਸ (ਵਾਹਿਗੁਰੂ) ਤੋਂ ਵੱਖ ਕੋਈ ਥਾਂ ਨਹੀਂ ਹੈ।ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ! ਤੂੰ ਵੀ ਇਸ ਗਿਆਨ ਅਵਸਥਾ ਦਾ) ਅਨੰਦ ਗੁਰੂ ਦੀ ਕ੍ਰਿਪਾ ਨਾਲ ਪ੍ਰਾਪਤ ਕਰ (ਤਾਂ ਤੂੰ ਹਰੇਕ ਥਾਂ ਹਰੀ ਨੂੰ ਦੇਖ ਸਕੇਂਗਾ)।੨।

ਪਦਾਰਥ = ਸੋ–ਉਹ।ਅੰਤਰਿ–ਅੰਦਰ।ਅਨੰਤ–ਬੇਅੰਤ।ਘਟਿ ਘਟਿ–ਹਰੇਕ ਜੀਵ ਵਿਚ।ਭਗਵੰਤ–ਵਾਹਿਗੁਰੂ।ਧਰਨਿ–ਧਰਤੀ ਵਿਚ।ਪਇਆਲ–ਪਤਾਲ ਵਿਚ।ਸਰਬ–ਸਾਰੇ।ਲੋਕ–ਭਵਨਾਂ ਵਿਚ।ਪੂਰਨ–ਵਿਆਪਕ।ਬਨਿ–ਜੰਗਲਾਂ ਵਿਚ।ਤਿਨਿ–ਘਾਹ ਦੇ ਤੀਲਿਆਂ ਵਿਚ।ਪਰਬਤਿ–ਪਹਾੜਾਂ ਵਿਚ।ਆਗਿਆ–ਹੁਕਮ।ਕਰਮੁ–ਕੰਮ।ਪਉਣ–ਹਵਾ।ਬੈਸੰਤਰ–ਅੱਗ।ਮਾਹਿ–ਵਿਚ।ਕੁੰਟ–ਦਿਸ਼ਾ; ਪਾਸੇ। ਦਹ ਦਿਸੇ–ਦਸੇ ਦਿਸ਼ਾ।ਸਮਾਹਿ–ਮਿਲਿਆ ਹੋਇਆ ਹੈ।ਭਿੰਨ–ਵੱਖਰਾ।ਕੋ–ਕੋਈ।ਠਾਉ–ਥਾਂ।ਸੁਖੁ–ਅਨੰਦ।੨।

ਬੇਦ ਪੁਰਾਨ ਸਿੰਮ੍ਰਿਤਿ ਮਹਿ ਦੇਖੁ ॥ ਸਸੀਅਰ ਸੂਰ ਨਖ੍ਯ੍ਯਤ੍ਰ ਮਹਿ ਏਕੁ ॥ ਬਾਣੀ ਪ੍ਰਭ ਕੀ ਸਭੁ ਕੋ ਬੋਲੈ ॥ ਆਪਿ ਅਡੋਲੁ ਨ ਕਬਹੂ ਡੋਲੈ ॥ ਸਰਬ ਕਲਾ ਕਰਿ ਖੇਲੈ ਖੇਲ ॥ ਮੋਲਿ ਨ ਪਾਈਐ ਗੁਣਹ ਅਮੋਲ ॥ ਸਰਬ ਜੋਤਿ ਮਹਿ ਜਾਕੀ ਜੋਤਿ ॥ ਧਾਰਿ ਰਹਿਓ ਸੁਆਮੀ ਓਤਿ ਪੋਤਿ ॥ ਗੁਰ ਪਰਸਾਦਿ ਭਰਮ ਕਾ ਨਾਸੁ ॥ ਨਾਨਕ ਤਿਨ ਮਹਿ ਏਹੁ ਬਿਸਾਸੁ ॥੩॥ (ਹੇ ਭਾਈ!) ਚਾਰ ਬੇਦਾਂ ਅਠਾਰਾਂ ਪੁਰਾਣਾਂ ਤੇ ਸਤਾਈ ਸਿਮ੍ਰਤੀਆਂ ਵਿਚ (ਉਸੇ ਪ੍ਰਭੂ) ਨੂੰ ਦੇਖ (ਇਕ ਹਰੀ ਦੀ ਖੋਜ ਵਿਚ ਲੱਗੇ ਹੋਏ ਰਿਸ਼ੀਆਂ ਨੇ ਇਹ ਗ੍ਰੰਥ ਲਿਖੇ)।ਚੰਦ ਸੂਰ ਤੇ ਤਾਰਿਆਂ ਵਿਚ ਵੀ ਇਕੋ ਪ੍ਰਭੂ ਹੈ (ਇਨ੍ਹਾਂ ਵਿਚ ਵੀ ਰੱਬ ਦਾ ਪ੍ਰਕਾਸ਼ ਹੈ)।ਸਭ ਕੋਈ ਪ੍ਰਭੂ ਦੀ ਹੀ ਬਾਣੀ ਬੋਲਦਾ ਹੈ (ਧਰਮ ਗ੍ਰੰਥ ਵਾਹਿਗੁਰੂ ਦਾ ਹੀ ਜਸ ਕਥਨ ਕਰਦੇ ਹਨ।ਚੰਦ ਸੂਰਜ ਵਿਚ ਵੀ ਪ੍ਰਭੂ ਦਾ ਪ੍ਰਕਾਸ਼ ਹੋਣ ਕਰਕੇ ਮਾਨੋ ਪ੍ਰਭੂ ਦੀ ਬੋਲੀ ਬੋਲਦੇ ਹਨ); ਸਭ ਕੋਈ ਪ੍ਰਭੂ ਦੀ ਨਾਮ ਬਾਣੀ ਉਚਾਰਦਾ ਹੈ; ਸਭ ਕੋਈ (ਜੀਵ) ਪ੍ਰਭੂ ਦੀ ਬੁਲਾਈ ਬੋਲੀ ਬੋਲਦਾ ਹੈ।(ਉਹ ਪ੍ਰਭੂ) ਆਪ ਅਡੋਲ ਹੈ, ਕਦੇ ਡੋਲਦਾ ਨਹੀਂ।(ਪ੍ਰਭੂ ਅਪਣੀ) ਸਾਰੀਆਂ ਸ਼ਕਤੀਆਂ ਰਚ ਕਰਕੇ ਜਗਤ ਦੀ ਖੇਲ ਖੇਲ ਰਿਹਾ ਹੈ।ਅਮੋਲਕ ਗੁਣਾਂ ਵਾਲਾ ਹਰੀ ਮੁੱਲ ਨਾਲ ਨਹੀਂ ਪਾਇਆ ਜਾ ਸਕਦਾ।ਸਾਰੀਆਂ ਜੋਤਾਂ (ਸੂਰਜ ਚੰਦ ਤਾਰੇ ਆਦਿ) ਵਿਚ ਜਿਸ ਪ੍ਰਭੂ ਦੀ ਜੋਤ ਹੈ।ਉਹ ਮਾਲਕ ਤਾਣੇ ਪੇਟੇ ਵਾਂਗ ਸਾਰੀ ਰਚਨਾ ਨੂੰ (ਅਪਣੀ ਸੱਤਾ ਦਾ ਸਹਾਰਾ ਦੇ ਕੇ) ਟਿਕਾ ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਜਿਨ੍ਹਾਂ ਦਾ ਗੁਰੂ ਦੀ ਕ੍ਰਿਪਾ ਨਾਲ ਭਰਮ ਦਾ ਨਾਸ਼ ਹੁੰਦਾ ਹੈ।ਉਨ੍ਹਾਂ ਵਿਚ (ਗਿਆਨ ਅੰਜਨ ਦੇ ਸਦਕੇ) ਉਪਰ ਦਸਿਆ ਯਕੀਨ ਹੁੰਦਾ ਹੈ।੩।

ਪਦਾਰਥ = ਸਸੀਅਰ–ਚੰਦ।ਸੂਰ–ਸੂਰਜ।ਨਖ੍ਯ੍ਯਤ੍ਰ–ਤਾਰੇ।ਕੋ–ਕੋਈ।ਕਬਹੂ–ਕਦੇ।ਕਲਾ–ਸ਼ਕਤੀਆਂ।ਮੋਲਿ–ਮੁੱਲ।ਗੁਣਹ–ਗੁਣਾਂ ਵਾਲਾ।ਧਾਰਿ ਰਹਿਓ–ਆਸਰਾ ਦੇ ਰਿਹਾ ਹੈ।ਓਤਿ ਪੋਤਿ–ਤਾਣੇ ਪੇਟੇ ਵਾਂਗ।ਬਿਸਾਸੁ–ਵਿਸ਼ਵਾਸ।੩।

ਸੰਤ ਜਨਾ ਕਾ ਪੇਖਨੁ ਸਭੁ ਬ੍ਰਹਮ ॥ ਸੰਤ ਜਨਾ ਕੈ ਹਿਰਦੈ ਸਭਿ ਧਰਮ ॥ ਸੰਤ ਜਨਾ ਸੁਨਹਿ ਸੁਭ ਬਚਨ ॥ ਸਰਬ ਬਿਆਪੀ ਰਾਮ ਸੰਗਿ ਰਚਨ ॥ ਜਿਨਿ ਜਾਤਾ ਤਿਸ ਕੀ ਇਹ ਰਹਤ ॥ ਸਤਿ ਬਚਨ ਸਾਧੂ ਸਭਿ ਕਹਤ ॥ ਜੋ ਜੋ ਹੋਇ ਸੋਈ ਸੁਖੁ ਮਾਨੈ ॥ ਕਰਨ ਕਰਾਵਨਹਾਰੁ ਪ੍ਰਭੁ ਜਾਨੈ ॥ ਅੰਤਰਿ ਬਸੇ ਬਾਹਰਿ ਭੀ ਓਹੀ ॥ ਨਾਨਕ ਦਰਸਨੁ ਦੇਖਿ ਸਭ ਮੋਹੀ ॥੪॥ (ਜਿਨ੍ਹਾਂ ਦੇ ਅੰਦਰੋਂ ਭਰਮ ਨਾਸ ਹੋਇਆ ਹੈ, ਉਨ੍ਹਾਂ) ਸੰਤ ਜਨਾਂ ਦਾ ਦੇਖਣਾ (ਇਹ ਹੈ ਕਿ ਉਹ) ਸਭ ਨੂੰ ਬ੍ਰਹਮ ਰੂਪ ਕਰਕੇ ਦੇਖਦੇ ਹਨ।ਸੰਤ ਜਨਾਂ ਦੇ ਹਿਰਦੇ ਵਿਚ ਸਭ ਧਰਮ ਹੁੰਦਾ ਹੈ (ਨਾਸਤਿਕਤਾ ਜਾਂ ਪਾਪ ਨਹੀਂ ਹੁੰਦਾ)।ਸੰਤ ਜਨ (ਪ੍ਰਭੂ ਦੇ) ਸ਼ੁੱਭ ਬਚਨ ਸੁਣਦੇ ਹਨ (ਅਸੁੱਭ ਬਚਨ ਨਹੀਂ ਸੁਣਦੇ)।ਉਹ ਸਰਬ ਵਿਆਪਕ ਪ੍ਰਭੂ ਨਾਲ ਮਿਲੇ ਰਹਿੰਦੇ ਹਨ।ਜਿਸ ਨੇ (ਪ੍ਰਭੂ ਨੂੰ) ਜਾਣ ਲਿਆ ਹੈ, ਉਸ (ਸਾਧੂ) ਦੀ ਇਹ ਰਹਿਣੀ ਹੈ।(ਕਿ ਉਹ) ਸਾਧੂ ਜੋ ਕਹਿੰਦਾ ਹੈ, ਸਭ ਸੱਚੇ ਬਚਨ ਕਹਿੰਦਾ ਹੈ (ਝੂਠ ਨਹੀਂ ਬੋਲਦਾ)।ਜੋ ਜੋ ਕੁਛ (ਉਨ੍ਹਾਂ ਸਾਧੂਆਂ ਨਾਲ) ਹੁੰਦਾ ਹੈ, ਉਹ (ਉਸ ਨੂੰ) ਸੁਖ ਰੂਪ ਮੰਨਦੇ ਹਨ (ਭਾਣਾ ਮੰਨਦੇ ਹਨ।ਕਿਉਂਕਿ ਉਹ ਸਭ ਕੁਝ) ਕਰਨ ਤੇ ਕਰਾਉਣ ਵਾਲਾ ਪ੍ਰਭੂ ਨੂੰ ਜਾਣਦੇ ਹਨ।(ਅਤੇ ਜਾਣਦੇ ਹਨ ਕਿ ਪ੍ਰਭੂ ਸਭ ਜੀਵਾਂ ਦੇ) ਅੰਦਰ ਵਸਦਾ ਹੈ ਤੇ ਬਾਹਰ ਵੀ ਉਹ ਪ੍ਰਭੂ ਹੀ ਵਸਦਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ (ਪ੍ਰਭੂ ਦਾ) ਦਰਸ਼ਨ ਦੇਖ ਕੇ ਸਾਰੀ ਸ੍ਰਿਸਟੀ ਮੋਹੀ ਗਈ ਹੈ।੪।

ਪਦਾਰਥ = ਪੇਖਨੁ–ਦੇਖਣਾ।ਸੁਭ–ਚੰਗੇ।ਸਰਬ ਬਿਆਪੀ–ਸਰਬ ਵਿਆਪਕ।ਰਚਨ–ਮਿਲੇ (ਲੀਨ) ਰਹਿੰਦੇ ਹਨ।ਜਾਤਾ–ਜਾਣਿਆ। ਰਹਤ–ਰਹਿਣੀ।ਸਤਿ ਬਚਨ–ਸੱਚੇ ਬਚਨ।ਓਹੀ–ਉਹ ਹੀ।ਸਭ–ਸਾਰੀ (ਸ੍ਰਿਸਟੀ)।ਮੋਹੀ–ਮੋਹਿਤ ਹੋ ਗਈ।੪।

ਵਿਆਖਿਆ = ਸੰਤਾਂ ਦਾ ਦੇਖਣਾ, ਸੁਣਨਾ ਤੇ ਸਮਝਣਾ ਬ੍ਰਹਮ ਨੂੰ ਅਨੁਭਵ ਕਰਨਾ ਹੁੰਦਾ ਹੈ।ਸਾਰੇ ਧਰਮ ਉਨ੍ਹਾਂ ਦੇ ਅੰਦਰ ਵਸਦੇ ਹਨ, ਬ੍ਰਹਮ ਦ੍ਰਿਸਟੀ ਪਾ ਕੇ ਬੜੇ ਸ੍ਰੇਸਟਾਚਾਰੀ, ਨੇਕ ਤੇ ਉਚੇ ਇਖਲਾਕ ਵਾਲੇ ਸੁਤੇ ਹੀ ਹੁੰਦੇ ਹਨ, ਇਸ ਕਰਕੇ ਉਹ ਸਾਰੇ ਧਰਮਾਂ ਦੇ ਸਾਂਝੇ ਹੁੰਦੇ ਹਨ।ਉਹ ਸਤਿਵਾਦੀ ਹੁੰਦੇ ਹਨ ਅਤੇ ਉਨ੍ਹਾਂ ਦੀ ਰਹਿਣੀ ਧਰਮ ਤੇ ਸੱਚ ਵਾਲੀ ਹੁੰਦੀ ਹੈ।ਰੱਬ ਦੀ ਰਜ਼ਾ ਵਿਚ ਰਹਿੰਦੇ

All Rights Reserved by Harjinder Singh Gyani | www.GuruGranthVakhyaan.org

ਹਨ ਕਿਉਂਕਿ ਉਹ ਰੱਬ ਨੂੰ ਹੀ ਸਭ ਕੁਝ ਕਰਨ ਕਰਾਉਣ ਵਾਲਾ ਮੰਨਦੇ ਹਨ।
ਆਪਿ ਸਤਿ ਕੀਆ ਸਭੁ ਸਤਿ ॥ ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ਤਿਸੁ ਭਾਵੈ ਤਾ ਕਰੇ ਬਿਸਥਾਰੁ ॥ ਤਿਸੁ ਭਾਵੈ ਤਾ ਏਕੰਕਾਰੁ ॥ ਅਨਿਕ ਕਲਾ ਲਖੀ ਨਹ ਜਾਇ ॥ ਜਿਸੁ ਭਾਵੈ ਤਿਸੁ ਲਏ ਮਿਲਾਇ ॥ ਕਵਨ ਨਿਕਟਿ ਕਵਨ ਕਹੀਐ ਦੂਰਿ ॥ ਆਪੇ ਆਪਿ ਆਪ ਭਰਪੂਰਿ ॥ ਅੰਤਰਗਤਿ ਜਿਸੁ ਆਪਿ ਜਨਾਏ ॥ ਨਾਨਕ ਤਿਸੁ ਜਨ ਆਪਿ ਬੁਝਾਏ ॥੫॥ ਪ੍ਰਭੂ ਆਪ ਸੱਚ ਸਰੂਪ ਹੈ (ਤੇ ਇਹ ਪਰਪੰਚ ਜੋ ਉਸ ਨੇ ਪੈਦਾ) ਕੀਤਾ ਹੈ, ਉਹ ਵੀ ਸਭ ਸੱਚਾ ਹੈ (ਜਿਵੇਂ ਸੋਨਾ ਗਹਿਣਾ ਬਣ ਕੇ ਵੀ ਸੋਨਾ ਹੈ, ਪਾਣੀ ਲਹਿਰ ਬਣ ਕੇ ਪਾਣੀ ਹੈ, ਮਿੱਟੀ ਭਾਂਡਾ ਬਣ ਕੇ ਵੀ ਮਿੱਟੀ ਰਹਿੰਦੀ ਹੈ।ਕਿਉਂਕਿ) ਉਸ ਪ੍ਰਭੂ ਤੋਂ ਸਾਰੀ ਉਤਪਤੀ ਹੋਈ ਹੈ।(ਜਦ) ਉਸ ਨੂੰ ਚੰਗਾ ਲਗਦਾ ਹੈ, ਤਾਂ (ਉਹ ਅਪਣੇ ਤੋਂ ਸਾਰਾ) ਬਿਸਥਾਰ ਕਰਦਾ ਹੈ।(ਜਦ) ਉਸ ਨੂੰ ਭਾਉਂਦਾ ਹੈ ਤਾਂ (ਸਭ ਕੁਝ ਸਮੇਟ ਕੇ ਪ੍ਰਭੂ) ਇਕੋ ਇਕ ਰਹਿ ਜਾਂਦਾ ਹੈ।ਉਸ ਦੀਆਂ ਕਈ ਤਰ੍ਹਾਂ ਦੀਆਂ ਤਾਕਤਾਂ ਹਨ, ਜੋ ਸਮਝੀਆਂ ਨਹੀਂ ਜਾ ਸਕਦੀਆਂ।ਜਿਸ ਨੂੰ ਚਾਹੁੰਦਾ ਹੈ ਉਸ ਨੂੰ (ਅਪਣੇ ਨਾਲ) ਮਿਲਾ ਲੈਂਦਾ ਹੈ।ਕਿਹੜਾ (ਮਨੁੱਖ) ਉਸ ਪ੍ਰਭੂ ਦੇ ਨੇੜੇ ਹੈ ਤੇ ਕਿਹੜਾ ਉਸ ਦੇ ਦੂਰ ਕਹੀਏ।(ਜਦ ਕਿ ਉਹ ਪ੍ਰਭੂ ਸਭ ਵਿਚ) ਆਪੇ ਆਪ ਆਪ ਹੀ ਭਰਪੂਰ ਹੋ ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਆਤਮਾ ਦੇ ਅੰਦਰ ਪ੍ਰਾਪਤ ਪ੍ਰਭੂ ਜਿਸ (ਮਨੁੱਖ) ਨੂੰ ਆਪਣਾ ਆਪ ਜਣਾਉਂਦਾ ਹੈ, ਉਸ ਪੁਰਖ ਨੂੰ ਪ੍ਰਭੂ ਆਪ ਹੀ (ਗੁਰੂ ਰੂਪ ਹੋ ਕੇ) ਸਮਝਾਉਂਦਾ ਹੈ।੫।
ਪਦਾਰਥ = ਸਤਿ–ਸਦੀਵੀ ਹੋਂਦ ਵਾਲਾ ਪ੍ਰਭੂ; ਸੱਚ ਸਰੂਪ।ਕੀਆ–ਪੈਦਾ ਕੀਤਾ।ਉਤਪਤਿ–ਪੈਦਾਇਸ਼।ਭਾਵੈ–ਚੰਗਾ ਲੱਗੇ।ਤਾ–ਤਦ।ਕਲਾ–ਤਾਕਤ।ਲਖੀ–ਸਮਝੀ।ਕਵਨ–ਕਿਹੜਾ।ਨਿਕਟਿ–ਨੇੜੇ।ਭਰਪੂਰਿ–ਵਿਆਪਕ।ਅੰਤਰਿਗਤਿ–ਆਤਮਾ ਦੇ ਅੰਦਰ।ਜਨਾਏ–ਜਣਾਉਂਦਾ ਹੈ।ਤਿਸੁ ਜਨ–ਉਸ ਪੁਰਖ ਨੂੰ।ਬੁਝਾਏ–ਸਮਝਾਉਂਦਾ ਹੈ।੫।
ਸਰਬ ਭੂਤ ਆਪਿ ਵਰਤਾਰਾ ॥ ਸਰਬ ਨੈਨ ਆਪਿ ਪੇਖਨਹਾਰਾ ॥ ਸਗਲ ਸਮਗ੍ਰੀ ਜਾ ਕਾ ਤਨਾ ॥ ਆਪਨ ਜਸੁ ਆਪ ਹੀ ਸੁਨਾ ॥ ਆਵਨ ਜਾਨੁ ਇਕੁ ਖੇਲੁ ਬਨਾਇਆ ॥ ਆਗਿਆਕਾਰੀ ਕੀਨੀ ਮਾਇਆ ॥ ਸਭ ਕੈ ਮਧਿ ਅਲਿਪਤੋ ਰਹੈ ॥ ਜੋ ਕਿਛੁ ਕਹਣਾ ਸੁ ਆਪੇ ਕਹੈ ॥ ਆਗਿਆ ਆਵੈ ਆਗਿਆ ਜਾਇ ॥ ਨਾਨਕ ਜਾ ਭਾਵੈ ਤਾ ਲਏ ਸਮਾਇ ॥੬॥ ਸਾਰੇ ਜੀਵਾਂ ਵਿਚ (ਪ੍ਰਭੂ) ਆਪ ਹੀ ਵਰਤਣ ਵਾਲਾ ਹੈ।ਸਭ (ਜੀਵਾਂ ਦੀਆਂ) ਅੱਖਾਂ ਰਾਹੀਂ ਪ੍ਰਭੂ ਆਪ ਹੀ ਦੇਖਣ ਵਾਲਾ ਹੈ।ਸੰਪੂਰਨ ਰਚਨਾ ਜਿਸ ਪ੍ਰਭੂ ਦਾ ਸਰੀਰ ਹੈ; ਜਿਸ (ਪ੍ਰਭੂ) ਦਾ ਤਾਣਾ ਤਣਿਆ ਹੋਇਆ ਸਾਰਾ ਜਗਤ ਹੈ।(ਸਭ ਵਿਚ ਵਿਆਪਕ ਹੋ ਕੇ) ਅਪਣਾ ਜਸ ਆਪ ਹੀ ਸੁਣ ਰਿਹਾ ਹੈ। (ਸੰਸਾਰ ਵਿਚ) ਆਉਣਾ ਜਾਣਾ (ਜੰਮਣ ਮਰਨਾ ਪ੍ਰਭੂ ਨੇ) ਇਕ ਖੇਲ ਬਣਾਇਆ ਹੈ।(ਇਸ ਖੇਲ ਨੂੰ ਚਲਾਉਣ ਵਾਸਤੇ ਪ੍ਰਭੂ ਨੇ) ਮਾਇਆ ਰਚ ਦਿਤੀ, (ਜੋ ਉਸਦੇ) ਹੁਕਮ ਵਿਚ ਚਲਣ ਵਾਲੀ ਹੈ।ਸਭ ਵਿਚ ਰਹਿੰਦਾ ਹੋਇਆ ਵੀ (ਉਹ ਪ੍ਰਭੂ) ਨਿਰਲੇਪ ਹੈ।ਜੋ ਕੁਛ ਕਹਿਣਾ ਹੁੰਦਾ ਹੈ, (ਸਭ ਵਿਚ ਵਿਆਪਕ ਹੋ ਕੇ) ਆਪ ਹੀ ਕਹਿੰਦਾ ਹੈ।(ਇਹ ਜੀਵ ਸੰਸਾਰ ਵਿਚ ਉਸ ਦੀ) ਆਗਿਆ ਵਿਚ ਆਉਂਦਾ ਹੈ ਤੇ ਆਗਿਆ ਵਿਚ ਹੀ (ਇੱਥੋਂ) ਚਲਾ ਜਾਂਦਾ ਹੈ (ਜਨਮ ਮਰਨ ਉਸਦੇ ਹੁਕਮ ਵਿਚ ਹੁੰਦਾ ਹੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਜਦ (ਪ੍ਰਭੂ ਨੂੰ) ਚੰਗਾ ਲਗਦਾ ਹੈ ਤਾਂ (ਜੀਵ ਨੂੰ ਅਪਣੇ ਵਿਚ) ਮਿਲਾ ਲੈਂਦਾ ਹੈ; ਹੁਕਮ ਵਿਚ ਸੰਸਾਰ ਹੋਂਦ ਵਿਚ ਆਉਂਦਾ ਹੈ ਤੇ ਹੁਕਮ ਵਿਚ ਹੀ ਨਾਸ਼ ਹੋ ਜਾਂਦਾ ਹੈ।ਜਦ ਚਾਹੁੰਦਾ ਹੈ, ਉਦੋਂ (ਸੰਸਾਰ ਨੂੰ ਸਮੇਟ ਕੇ ਅਪਣੇ ਵਿਚ) ਲੀਨ ਕਰ ਲੈਂਦਾ ਹੈ।੬।
ਪਦਾਰਥ = ਵਰਤਾਰਾ–ਵਰਤਣ ਵਾਲਾ।ਨੈਨ–ਅੱਖਾਂ।ਪੇਖਨਹਾਰਾ–ਦੇਖਣ ਵਾਲਾ।ਸਮਗਰੀ–ਸੰਪੂਰਨ ਜਗਤ।ਜਾ ਕਾ–ਜਿਸ ਦਾ।ਤਨਾ –ਸਰੀਰ; ਵਿਸਥਾਰ; ਪਸਾਰਾ।ਆਵਨ ਜਾਨੁ–ਜਨਮ ਮਰਨ।ਆਗਿਆਕਾਰੀ–ਹੁਕਮ ਵਿਚ ਤੁਰਨ ਵਾਲੀ।ਮਧਿ–ਵਿਚ।ਅਲਿਪਤੋ– ਨਿਰਲੇਪ।ਆਵੈ ਜਾਇ–ਆਉਂਦਾ ਜਾਂਦਾ (ਜੰਮਣਾ ਮਰਨਾ)।ਜਾ–ਜਦ।ਤਾ–ਤਦ; ਉਦੋਂ।ਲਏ ਸਮਾਇ–ਮਿਲਾ ਲੈਂਦਾ ਹੈ।੬।
ਸਰਬ ਭੂਤ = ਸੰਪੂਰਨ ਜਗਤ।ਸਭ ਨਿਰਜੀਵ ਵਸਤੂਆਂ ਤੇ ਸਭ ਪ੍ਰਾਣਾਂ ਧਾਰੀ ਜੀਵ।ਸਾਰੇ ਅਕਾਰ।
ਇਸ ਤੇ ਹੋਇ ਸੁ ਨਾਹੀ ਬੁਰਾ ॥ ਓਰੈ ਕਹਹੁ ਕਿਨੈ ਕਛੁ ਕਰਾ ॥ ਆਪਿ ਭਲਾ ਕਰਤੂਤਿ ਅਤਿ ਨੀਕੀ ॥ ਆਪੇ ਜਾਨੈ ਅਪਨੇ ਜੀ ਕੀ ॥ ਆਪਿ ਸਾਚੁ ਧਾਰੀ ਸਭ ਸਾਚੁ ॥ ਓਤਿ ਪੋਤਿ ਆਪਨ ਸੰਗਿ ਰਾਚੁ ॥ ਤਾ ਕੀ ਗਤਿ ਮਿਤਿ ਕਹੀ ਨ ਜਾਇ ॥ ਦੂਸਰ ਹੋਇ ਤ ਸੋਝੀ ਪਾਇ ॥ ਤਿਸ ਕਾ ਕੀਆ ਸਭੁ ਪਰਵਾਨੁ ॥ ਗੁਰ ਪ੍ਰਸਾਦਿ ਨਾਨਕ ਇਹੁ ਜਾਨੁ ॥੭॥ ਇਸ ਵਾਹਿਗੁਰੂ ਤੋਂ ਜੋ ਕੁਝ ਵੀ ਹੁੰਦਾ ਹੈ, ਉਹ ਬੁਰਾ ਨਹੀਂ ਹੁੰਦਾ (ਜੋ ਕੁਛ ਪ੍ਰਭੂ ਕਰਦਾ ਹੈ, ਚੰਗਾ ਹੀ ਕਰਦਾ ਹੈ।ਵਾਹਿਗੁਰੂ ਤੋਂ ਬਿਨਾ) ਹੋਰ ਕਿਸੇ ਨੇ ਦੱਸੋ ਕੁਛ ਕੀਤਾ ਹੈ? ਪ੍ਰਭੂ ਆਪ ਭਲਾ ਹੈ ਤੇ ਉਸ ਦੀ ਕਰਣੀ ਵੀ ਬਹੁਤ ਚੰਗੀ ਹੈ।ਅਪਣੇ ਦਿਲ ਦੀ (ਗੱਲ ਬਾਤ) ਆਪ ਜਾਣਦਾ ਹੈ।(ਵਾਹਿਗੁਰੂ) ਆਪ ਸੱਚਾ ਹੈ ਤੇ (ਉਸ ਦੀ ਰਚੀ) ਸਾਰੀ ਰਚਨਾ ਸੱਚੀ ਹੈ (ਕਿਉਂਕਿ ਰਚਨਾ ਉਸ ਨੇ ਆਸਰਾ ਦੇ ਕੇ) ਟਿਕਾਈ ਹੋਈ ਹੈ।(ਉਹ) ਤਾਣੇ ਪੇਟੇ ਵਾਂਗ ਅਪਣੇ ਆਪ (ਰਚਨਾ) ਨਾਲ ਮਿਲ ਰਿਹਾ ਹੈ (ਰਚਨਾ ਵਿਚ ਵਿਆਪਕ ਹੈ)।ਉਸ ਦੀ ਅਵਸਥਾ ਤੇ ਮਰਿਆਦਾ ਕਹੀ ਨਹੀਂ ਜਾ ਸਕਦੀ।(ਉਸ ਵਰਗਾ ਕੋਈ) ਦੂਜਾ ਹੋਵੇ ਤਾਂ (ਉਸ ਦੀ) ਸੋਝੀ ਪਾ ਸਕਦਾ ਹੈ।ਉਸ ਪ੍ਰਭੂ ਦਾ ਕੀਤਾ ਹੋਇਆ ਸਭ ਪ੍ਰਵਾਨ ਹੈ।ਨਾਨਕ

All Rights Reserved by Harjinder Singh Gyani | www.GuruGranthVakhyaan.org

ਗੁਰੂ ਜੀ ਆਖਦੇ ਹਨ ਕਿ ਇਹ ਸਮਝ ਗੁਰੂ ਦੀ ਕ੍ਰਿਪਾ ਨਾਲ ਮਿਲਦੀ ਹੈ।੭।

ਪਦਾਰਥ = ਇਸ ਤੇ-ਇਸ ਤੋਂ; ਈਸ਼ (ਪ੍ਰਭੂ) ਤੋਂ।ਸੁ-ਉਹ।ਓਰੈ-ਹੋਰ ਨੇ; ਦੂਜੇ ਨੇ।ਕਹਹੁ-ਦੱਸੋ।ਕਿਨੈ-ਕਿਸੇ ਨੇ।ਕਰਾ-ਕੀਤਾ। ਕਰਤੂਤਿ-ਕੰਮ।ਅਤਿ-ਬਹੁਤ।ਨੀਕੀ-ਚੰਗੀ।ਜੀ ਕੀ-ਦਿਲ ਦੀ।ਧਾਰੀ-ਟਿਕਾਈ ਹੈ।ਓਤਿ ਪੋਤਿ-ਤਾਣੇ ਪੇਟੇ ਵਾਂਗ।ਸੰਗਿ ਰਾਚੁ-ਨਾਲ ਮਿਲਾਈ ਹੈ।ਤਾ ਕੀ-ਉਸ ਦੀ।ਗਤਿ-ਅਵਸਥਾ।ਮਿਤਿ-ਮਰਿਆਦਾ।ਕੀਆ-ਕੀਤਾ।ਜਾਨੁ-ਸਮਝ; ਗਿਆਨ।੭।

ਜੋ ਜਾਨੈ ਤਿਸੁ ਸਦਾ ਸੁਖੁ ਹੋਇ ॥ ਆਪਿ ਮਿਲਾਇ ਲਏ ਪ੍ਰਭੁ ਸੋਇ ॥ ਓਹੁ ਧਨਵੰਤੁ ਕੁਲਵੰਤੁ ਪਤਿਵੰਤੁ ॥ ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ ॥ ਧੰਨੁ ਧੰਨੁ ਧੰਨੁ ਜਨੁ ਆਇਆ ॥ ਜੋ (ਪੁਰਖ ਉਪਰ ਕਹੀ ਗੱਲ ਨੂੰ) ਜਾਣ ਲੈਂਦਾ ਹੈ, ਉਸ ਨੂੰ ਸਦਾ ਸੁਖ ਹੁੰਦਾ ਹੈ।(ਉਸ ਪੁਰਖ ਨੂੰ) ਉਹ ਪ੍ਰਭੂ ਆਪ ਅਪਣੇ ਨਾਲ ਮਿਲਾ ਲੈਂਦਾ ਹੈ।ਉਹ ਪੁਰਖ ਧਨ ਵਾਲਾ ਹੈ, ਉਚੀ ਕੁਲ ਵਾਲਾ ਤੇ ਇੱਜਤ ਵਾਲਾ ਹੈ।ਜਿਸ ਪੁਰਖ ਦੇ ਹਿਰਦੇ ਵਿਚ ਵਾਹਿਗੁਰੂ ਹੈ, ਉਹ ਜਿਉਂਦਾ ਹੀ ਮੁਕਤ ਹੁੰਦਾ ਹੈ।(ਉਹ) ਪੁਰਖ ਧੰਨ ਹੈ, (ਉਸਦਾ ਜੀਵਨ) ਧੰਨ ਹੈ ਤੇ (ਉਸਦਾ ਸੰਸਾਰ ਵਿਚ) ਆਇਆ ਹੋਇਆ ਧੰਨਤਾ ਦੇ ਯੋਗ ਹੈ; ਮਨ ਬਾਣੀ ਤੇ ਸਰੀਰ ਕਰਕੇ ਆਇਆ ਧੰਨ ਹੈ।

ਅੰਗ ੨੯੫ = ਜਿਸੁ ਪ੍ਰਸਾਦਿ ਸਭੁ ਜਗਤੁ ਤਰਾਇਆ ॥ ਜਨ ਆਵਨ ਕਾ ਇਹੈ ਸੁਆਉ ॥ ਜਨ ਕੈ ਸੰਗਿ ਚਿਤਿ ਆਵੈ ਨਾਉ ॥ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥੮॥੨੩॥ ਜਿਸ ਦੀ ਕ੍ਰਿਪਾ ਨਾਲ (ਵਾਹਿਗੁਰੂ ਨੇ ਸੰਸਾਰ ਸਮੁੰਦਰ ਤੋਂ ਸਾਰਾ) ਜਗਤ ਤਾਰ ਦਿਤਾ ਹੈ।(ਸੰਸਾਰ ਵਿਚ ਉਸ) ਪੁਰਖ ਦੇ ਆਉਣ ਦਾ ਇਹ ਲਾਭ ਹੈ।(ਕਿ ਉਸ) ਪੁਰਖ ਦਾ ਸੰਗ ਕਰਕੇ ਪ੍ਰਭੂ ਦਾ ਨਾਉ ਚੇਤੇ ਆਉਂਦਾ ਹੈ; ਨਾਉ ਚਿਤ ਵਿਚ ਆ ਵਸਦਾ ਹੈ।(ਉਹ ਪੁਰਖ) ਆਪ ਵੀ ਮੁਕਤ ਹੋ ਜਾਂਦਾ ਹੈ ਤੇ ਸੰਸਾਰ ਨੂੰ ਵੀ ਮੁਕਤ ਕਰ ਦੇਂਦਾ ਹੈ।ਨਾਨਕ ਦੀ ਉਸ ਪੁਰਖ ਨੂੰ ਸਦਾ ਨਮਸ਼ਕਾਰ ਹੈ।੮।੨੩।

ਪਦਾਰਥ = ਧਨਵੰਤੁ-(ਨਾਮ ਰੂਪ) ਧਨ ਵਾਲਾ।ਕੁਲਵੰਤੁ-(ਦੈਵੀ ਗੁਣਾਂ ਦੀ) ਕੁਲ ਵਾਲਾ।ਪਤਿਵੰਤੁ-ਇੱਜਤ ਵਾਲਾ (ਵਿਸ਼ਿਆਂ ਵਿਚ ਪੈ ਕੇ ਬੇ ਇੱਜਤ ਨਹੀਂ ਹੁੰਦਾ)।ਰਿਦੈ-ਹਿਰਦੇ ਵਿਚ।ਸੁਆਉ-ਲਾਭ; ਮਨੋਰਥ।ਚਿਤਿ-ਚੇਤੇ; ਚਿੱਤ ਵਿਚ।ਕਉ-ਨੂੰ।੮।੨੩।

ਜੀਵਨ ਮੁਕਤਿ = ਜੋ ਮਨੁੱਖ ਜਿਉਂਦੇ ਹੀ ਕਰਮ ਜਾਲ ਤੇ ਜਨਮ ਮਰਨ ਤੋਂ ਛੁਟਕਾਰਾ ਪਾ ਲੈਂਦਾ ਹੈ।

ਸਲੋਕੁ ॥ ਪੂਰਾ ਪ੍ਰਭੁ ਆਰਾਧਿਆ, ਪੂਰਾ ਜਾ ਕਾ ਨਾਉ ॥ ਨਾਨਕ ਪੂਰਾ ਪਾਇਆ, ਪੂਰੇ ਕੇ ਗੁਨ ਗਾਉ ॥੧॥ (ਹੇ ਭਾਈ!) ਪ੍ਰਭੂ ਪੂਰਾ ਹੈ ਤੇ ਜਿਸ ਦਾ ਨਾਮ ਵੀ ਪੂਰਾ ਹੈ, ਨਾਨਕ ਗੁਰੂ ਜੀ ਆਖਦੇ ਹਨ, (ਜਿਸ ਮਨੁੱਖ ਨੇ ਪ੍ਰਭੂ ਨੂੰ) ਸਿਮਰਿਆ ਹੈ, (ਉਸ ਨੇ) ਪੂਰਨ ਪ੍ਰਭੂ ਨੂੰ ਪਾ ਲਿਆ ਹੈ (ਅਤੇ ਹੁਣ ਵੀ ਉਹ) ਪੂਰੇ ਪ੍ਰਭੂ ਦੇ ਗੁਣ ਗਾਉਂਦਾ ਹੈ।

ਦੂਜਾ ਅਰਥ = (ਹੇ ਭਾਈ! ਅਸੀਂ) ਪੂਰੇ ਪ੍ਰਭੂ ਨੂੰ ਅਰਾਧਿਆ ਹੈ, ਜਿਸ ਦਾ ਨਾਮ ਵੀ ਪੂਰਾ ਹੈ।(ਪੂਰਨ ਪ੍ਰਭੂ ਨੂੰ ਸਿਮਰ ਕੇ) ਨਾਨਕ ਨੇ ਪੂਰਨ ਪ੍ਰਭੂ ਨੂੰ ਪਾਇਆ ਹੈ ਅਤੇ (ਹੇ ਗੁਰ ਸਿੱਖੋ! ਤੁਸੀਂ ਵੀ) ਪੂਰੇ ਪ੍ਰਭੂ ਦੇ ਗੁਣ ਗਾਓ।੧।

ਪਦਾਰਥ = ਪੂਰਾ-ਪੂਰਨ।ਆਰਾਧਿਆ-ਸਿਮਰਿਆ।ਜਾ ਕਾ-ਜਿਸ ਦਾ।ਗਾਉ-ਗਾਉਂਦਾ ਹੈ; (ਤੁਸੀਂ ਵੀ) ਗਾਓ।੧।

ਅਸਟਪਦੀ ॥ ਪੂਰੇ ਗੁਰ ਕਾ ਸੁਨਿ ਉਪਦੇਸੁ ॥ ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥ ਸਾਸਿ ਸਾਸਿ ਸਿਮਰਹੁ ਗੋਬਿੰਦ ॥ ਮਨ ਅੰਤਰ ਕੀ ਉਤਰੈ ਚਿੰਦ ॥ ਆਸ ਅਨਿਤ ਤਿਆਗਹੁ ਤਰੰਗ ॥ ਸੰਤ ਜਨਾ ਕੀ ਧੂਰਿ ਮਨ ਮੰਗ ॥ ਆਪੁ ਛੋਡਿ ਬੇਨਤੀ ਕਰਹੁ ॥ ਸਾਧ ਸੰਗਿ ਅਗਨਿ ਸਾਗਰੁ ਤਰਹੁ ॥ ਹਰਿ ਧਨ ਕੇ ਭਰਿ ਲੇਹੁ ਭੰਡਾਰ ॥ ਨਾਨਕ ਗੁਰ ਪੂਰੇ ਨਮਸਕਾਰ ॥੧॥ (ਹੇ ਭਾਈ! ਪ੍ਰਭੂ ਦੀ ਪ੍ਰਾਪਤੀ ਲਈ) ਪੂਰੇ ਗੁਰੂ ਦਾ ਉਪਦੇਸ ਸੁਣ।ਪਾਰਬ੍ਰਹਮ ਨੂੰ (ਅਪਣੇ) ਨੇੜੇ ਕਰਕੇ ਦੇਖ।ਹਰੇਕ ਸੁਆਸ ਨਾਲ ਪ੍ਰਭੂ ਦਾ ਸਿਮਰਨ ਕਰੋ।(ਇਸ ਤਰ੍ਹਾਂ) ਮਨ ਦੇ ਅੰਦਰ ਦੀ ਚਿੰਤਾ ਦੂਰ ਹੋ ਜਾਏਗੀ।ਨਿਤ ਨਾ ਰਹਿਣ ਵਾਲੀ ਆਸਾ ਦੀਆਂ ਲਹਿਰਾਂ (ਫੁਰਨੇ) ਛਡ ਦੇਹ (ਨਾਸ਼ਵੰਤ ਚੀਜਾਂ ਦੀ ਆਸ ਲਹਿਰਾਂ ਵਾਂਗ ਚੜ੍ਹਦੀ ਉਤਰਦੀ ਰਹਿੰਦੀ ਹੈ।ਅਪਣੇ) ਮਨੋਂ ਸੰਤ ਜਨਾਂ ਦੇ ਚਰਨਾਂ ਦੀ ਧੂੜ ਮੰਗ।ਅਤੇ ਆਪਾ ਭਾਵ ਛਡ ਕੇ (ਪ੍ਰਭੂ ਅੱਗੇ) ਬੇਨਤੀ ਕਰੋ।(ਇਉਂ) ਸਾਧ ਸੰਗਤ ਕਰਕੇ (ਤ੍ਰਿਸ਼ਨਾ ਰੂਪ) ਅੱਗ ਦਾ ਸਮੁੰਦਰ ਤਰ ਜਾਓ।ਹੇ ਨਾਨਕ! ਹਰੀ ਦੇ ਨਾਮ ਰੂਪ ਧਨ ਦੇ (ਹਿਰਦੇ ਰੂਪ) ਭੰਡਾਰ ਭਰ ਲਵੋ ਅਤੇ ਪੂਰੇ ਗੁਰੂ (ਨਾਨਕ ਦੇਵ ਜੀ) ਨੂੰ ਨਮਸ਼ਕਾਰ ਕਰੋ।੧।

ਪਦਾਰਥ = ਨਿਕਟਿ-ਨੇੜੇ।ਕਰਿ-ਕਰ ਕੇ।ਪੇਖੁ-ਦੇਖ।ਚਿੰਦ-ਚਿੰਤਾ।ਅਨਿਤ-ਨਾਸ਼ਵੰਤ।ਤਿਆਗਹੁ-ਛਡ ਦਿਓ।ਤਰੰਗ-ਲਹਿਰਾਂ; ਫੁਰਨੇ।ਆਪੁ-ਆਪਾ ਭਾਵ; ਅਪਣੱਤ।ਅਗਨਿ-ਅੱਗ।ਤਰਹੁ-ਤਰ ਜਾਓ।ਭੰਡਾਰ-ਖਜਾਨੇ।੧।

ਖੇਮ ਕੁਸਲ ਸਹਜ ਆਨੰਦ ॥ ਸਾਧ ਸੰਗਿ ਭਜੁ ਪਰਮਾਨੰਦ ॥ ਨਰਕ ਨਿਵਾਰਿ ਉਧਾਰਹੁ ਜੀਉ ॥ ਗੁਨ ਗੋਬਿੰਦ ਅੰਮ੍ਰਿਤ ਰਸੁ ਪੀਉ ॥ ਚਿਤਿ ਚਿਤਵਹੁ ਨਾਰਾਇਣ ਏਕ ॥ ਏਕ ਰੂਪ ਜਾ ਕੇ ਰੰਗ ਅਨੇਕ ॥ ਗੋਪਾਲ ਦਾਮੋਦਰ ਦੀਨ ਦਇਆਲ ॥ ਦੁਖ ਭੰਜਨ ਪੂਰਨ ਕਿਰਪਾਲ ॥ ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥ ਨਾਨਕ ਜੀਅ ਕਾ ਇਹੈ ਅਧਾਰ ॥੨॥ (ਹੇ ਭਾਈ! ਸਭ ਤਰ੍ਹਾਂ ਦੇ) ਮੁਕਤੀ, ਸੁਖ ਤੇ ਕੁਦਰਤੀ ਅਨੰਦ ਹਾਸਲ ਕਰਨ ਲਈ ਸਾਧ ਸੰਗਤ ਵਿਚ ਪਰਮ ਅਨੰਦ ਸਰੂਪ ਵਾਹਿਗੁਰੂ ਨੂੰ ਸਿਮਰ।ਗੋਬਿੰਦ ਦੇ ਗੁਣ ਗਾ ਕੇ

All Rights Reserved by Harjinder Singh Gyani | www.GuruGranthVakhyaan.org

ਅੰਮ੍ਰਿਤ ਰਸ ਪੀ, (ਇਉਂ) ਨਰਕ ਦੂਰ ਕਰਕੇ ਜਿੰਦ ਦਾ ਉਧਾਰ ਕਰ ਲੈ। ਚਿਤ ਵਿਚ ਇਕ ਪ੍ਰਭੂ ਦਾ ਧਿਆਨ ਕਰ। ਜਿਸ ਇਕ ਰੂਪ ਪ੍ਰਭੂ ਦੇ ਅਨੇਕਾਂ ਕੌਤਕ ਹਨ। ਵਿਸ਼ਵ ਨੂੰ ਆਸਰਾ ਦੇਣ ਵਾਲਾ ਤੇ ਪ੍ਰਿਥਵੀ ਦੇ ਜੀਵਾਂ ਦੀ ਪਾਲਣਾ ਕਰਨ ਵਾਲਾ ਵਾਹਿਗੁਰੂ ਗਰੀਬਾਂ ਉਪਰ ਦਇਆ ਕਰਨ ਵਾਲਾ ਹੈ। ਦੁਖ ਨਾਸ਼ ਕਰਨ ਵਾਲਾ ਵਿਆਪਕ ਵਾਹਿਗੁਰੂ ਕ੍ਰਿਪਾ ਦਾ ਘਰ ਹੈ। ਮਨ ਤੇ ਤਨ ਕਰਕੇ ਬਾਰ ਬਾਰ (ਉਸ ਦਾ) ਨਾਮ ਸਿਮਰ। ਨਾਨਕ ਗੁਰੂ ਜੀ ਆਖਦੇ ਹਨ ਕਿ ਇਹ (ਨਾਮ ਸਿਮਰਨ ਹੀ) ਜੀਵ ਦਾ ਆਸਰਾ ਹੈ।੨।

ਪਦਾਰਥ = ਖੇਮ–ਮੁਕਤੀ। ਕੁਸਲ–ਸੁਖ; ਅਰੋਗਤਾ। ਸਹਜ–ਕੁਦਰਤੀ; ਅਸਲੀ। ਪਰਮਾਨੰਦ–ਪਰਮ ਅਨੰਦ ਸਰੂਪ ਪ੍ਰਭੂ। ਨਿਵਾਰਿ–ਦੂਰ ਕਰਕੇ। ਉਧਾਰਹੁ–ਤਾਰ ਲੈ; ਬਚਾ ਲੈ। ਜੀਉ–ਜਿੰਦ। ਚੀਤਿ–ਚਿਤ ਵਿਚ। ਚਿਤਵਹੁ–ਧਿਆਨ ਕਰੋ। ਗੋਪਾਲ–ਪ੍ਰਿਥਵੀ ਨੂੰ ਪਾਲਣ ਵਾਲਾ। ਦਾਮੋਦਰ–ਜਿਸ ਦੇ ਪੇਟ ਵਿਚ ਸਾਰਾ ਬ੍ਰਹਮੰਡ ਹੈ। ਭੰਜਨ–ਭੰਨਣ ਵਾਲਾ। ਜੀਅ ਕਾ–ਜਿੰਦ ਦਾ। ਅਧਾਰ–ਆਸਰਾ।੨।

ਉਤਮ ਸਲੋਕ ਸਾਧ ਕੇ ਬਚਨ ॥ ਅਮੁਲੀਕ ਲਾਲ ਏਹਿ ਰਤਨ ॥ ਸੁਨਤ ਕਮਾਵਤ ਹੋਤ ਉਧਾਰ ॥ ਆਪਿ ਤਰੈ ਲੋਕਹ ਨਿਸਤਾਰ ॥ ਸਫਲ ਜੀਵਨੁ ਸਫਲੁ ਤਾ ਕਾ ਸੰਗੁ ॥ ਜਾ ਕੈ ਮਨਿ ਲਾਗਾ ਹਰਿ ਰੰਗੁ ॥ ਜੈ ਜੈ ਸਬਦੁ ਅਨਾਹਦੁ ਵਾਜੈ ॥ ਸੁਨਿ ਸੁਨਿ ਅਨਦ ਕਰੇ ਪ੍ਰਭੁ ਗਾਜੈ ॥ ਪ੍ਰਗਟੇ ਗੁਪਾਲ ਮਹਾਂਤ ਕੈ ਮਾਥੇ ॥ ਨਾਨਕ ਉਧਰੇ ਤਿਨ ਕੈ ਸਾਥੇ ॥੩॥ ਸਾਧ (ਗੁਰੂ) ਦੇ ਉਚਾਰੇ ਹੋਏ ਬਚਨ (ਵਾਹਿਗੁਰੂ ਦੀ ਉਸਤਤੀ ਦੇ) ਉਤਮ ਸਲੋਕ ਹਨ। ਇਹ (ਬਚਨ) ਅਮੋਲਕ ਰਤਨ ਤੇ ਲਾਲ ਹਨ (ਰਤਨਾਂ ਲਾਲਾਂ ਤੋਂ ਵੀ ਕੀਮਤੀ ਹਨ। ਇਹ ਬਚਨ) ਸੁਣਨ ਤੇ ਕਮਾਉਣ ਨਾਲ ਪਾਰ ਉਤਾਰਾ ਹੁੰਦਾ ਹੈ। (ਸੁਣਨ ਤੇ ਕਮਾਉਣ ਵਾਲਾ ਮਨੁੱਖ) ਆਪ ਵੀ ਤਰ ਜਾਂਦਾ ਹੈ ਤੇ ਲੋਕਾਂ ਨੂੰ ਵੀ ਤਾਰ ਲੈਂਦਾ ਹੈ। (ਉਸ ਪੁਰਖ ਦਾ) ਜੀਵਨ ਸਫਲ ਹੈ ਤੇ ਉਸ ਦਾ ਸੰਗ ਕਰਨਾ ਵੀ ਸਫਲ ਹੈ। ਜਿਸ ਦੇ ਮਨ ਵਿਚ ਹਰੀ ਦਾ ਪ੍ਰੇਮ ਲਗ ਗਿਆ ਹੈ। (ਉਸ ਦੀ ਰਸਨਾਂ ਤੋਂ ਪ੍ਰਭੂ ਦੀ) ਜੈ ਜੈ ਦਾ ਸਬਦ ਇਕ ਰਸ ਉਚਾਰਨ ਹੁੰਦਾ ਹੈ। (ਜਿਸ ਨੂੰ ਪ੍ਰੇਮੀ ਜਨ) ਸੁਣ ਸੁਣ ਕੇ ਅਨੰਦ ਮਾਣਦੇ ਹਨ ਤੇ ਉਚੀ ਉਚੀ ਪ੍ਰਭੂ ਨੂੰ ਗਾਉਂਦੇ ਹਨ; ਸੁਣ ਸੁਣ ਕੇ ਅਨੰਦ ਮਾਣਦੇ ਹਨ, (ਇਉਂ ਉਨ੍ਹਾਂ ਦੇ ਅੰਦਰ) ਪ੍ਰਭੂ ਪ੍ਰਗਟ ਹੋ ਜਾਂਦਾ ਹੈ। ਪ੍ਰਭੂ ਮਹਾਤਮਾਂ ਦੇ ਮੱਥੇ ਤੋਂ ਪ੍ਰਗਟ ਹੁੰਦਾ ਹੈ (ਮਹਾਤਮਾਂ ਦੇ ਦਰਸ਼ਨ ਵਿਚ ਹਰੀ ਦੇ ਦਰਸ਼ਨ ਦਾ ਝਲਕਾਰਾ ਮਿਲਦਾ ਹੈ)। ਹੇ ਨਾਨਕ! (ਉਨ੍ਹਾਂ ਦੇ) ਨਾਲ ਲਗ ਕੇ ਅਨੇਕਾਂ ਜੀਵ (ਸੰਸਾਰ ਸਮੁੰਦਰ ਤੋਂ) ਤਰ ਗਏ ਹਨ।੩।

ਪਦਾਰਥ = ਸਲੋਕ–ਉਸਤਤੀ; ਛੰਦ। ਬਚਨ–ਬਾਣੀ; (ਗੁਰੂ ਦੇ ਮੁਖੋਂ ਉਚਰੇ) ਬੋਲ। ਅਮੁਲੀਕ–ਅਮੋਲਕ। ਉਧਾਰ–ਪਾਰ ਉਤਾਰਾ। ਲੋਕਹ–ਲੋਕਾਂ ਨੂੰ। ਤਰੈ–ਤਰਦਾ ਹੈ। ਨਿਸਤਾਰ–ਤਾਰ ਦੇਂਦਾ ਹੈ। ਤਾ ਕਾ–ਉਸ ਦਾ। ਜਾ ਕੈ–ਜਿਸ ਦੇ। ਰੰਗੁ–ਪ੍ਰੇਮ। ਅਨਾਹਦ–ਇਕ ਰਸ; ਲਗਾਤਾਰ। ਗਾਜੈ–ਗੱਜਦਾ (ਉਚੀ ਉਚੀ ਗਾਉਂਦਾ) ਹੈ; ਪ੍ਰਗਟ ਹੁੰਦਾ ਹੈ। ਮਹਾਂਤ–ਮਹਾਤਮਾ। ਮਾਥੇ–ਮੱਥੇ ਤੋਂ।੩।

ਸਰਨਿ ਜੋਗੁ ਸੁਨਿ ਸਰਨੀ ਆਏ ॥ ਕਰਿ ਕਿਰਪਾ ਪ੍ਰਭ ਆਪ ਮਿਲਾਏ ॥ ਮਿਟਿ ਗਏ ਬੈਰ ਭਏ ਸਭ ਰੇਨ ॥ ਅੰਮ੍ਰਿਤ ਨਾਮੁ ਸਾਧ ਸੰਗਿ ਲੈਨ ॥ ਸੁਪ੍ਰਸੰਨ ਭਏ ਗੁਰਦੇਵ ॥ ਪੂਰਨ ਹੋਈ ਸੇਵਕ ਕੀ ਸੇਵ ॥ ਆਲ ਜੰਜਾਲ ਬਿਕਾਰ ਤੇ ਰਹਤੇ ॥ ਰਾਮ ਨਾਮ ਸੁਨਿ ਰਸਨਾ ਕਹਤੇ ॥ ਕਰਿ ਪ੍ਰਸਾਦੁ ਦਇਆ ਪ੍ਰਭਿ ਧਾਰੀ ॥ ਨਾਨਕ ਨਿਬਹੀ ਖੇਪ ਹਮਾਰੀ ॥੪॥ (ਪ੍ਰਭੂ) ਸ਼ਰਨ ਵਿਚ ਆਇਆਂ ਦੀ ਰੱਖਿਆ ਕਰਨ ਦੇ ਯੋਗ ਹੈ, ਇਹ ਸੁਣ ਕੇ ਸ਼ਰਨ ਵਿਚ ਆਏ ਹਾਂ। ਪ੍ਰਭੂ ਨੇ ਕ੍ਰਿਪਾ ਕਰ ਕੇ (ਸਾਨੂੰ) ਅਪਣੇ ਨਾਲ ਮਿਲਾ ਲਿਆ। ਸਭ ਦੇ ਚਰਨਾਂ ਦੀ ਧੂੜ ਹੋਏ ਹਾਂ, (ਇਸ ਕਰਕੇ ਸਾਡੇ) ਬੈਰ ਭਾਵ ਮਿਟ ਗਏ ਹਨ। ਸਾਧ ਸੰਗਤ ਵਿਚ ਅੰਮ੍ਰਿਤ ਨਾਮ ਜਪਣ ਲਗ ਗਏ ਹਾਂ। (ਸਾਡੇ ਉਤੇ) ਗੁਰਦੇਵ ਜੀ ਬਹੁਤ ਪ੍ਰਸੰਨ ਹੋਏ ਹਨ। ਸੇਵਕ ਦੀ ਸੇਵਾ ਪੂਰਨ (ਸਫਲ) ਹੋ ਗਈ ਹੈ। ਘਰ ਦੇ ਜੰਜਾਲਾਂ ਤੇ ਵਿਕਾਰਾਂ ਤੋਂ ਵੀ ਰਹਿਤ ਹੋ ਗਏ ਹਾਂ। ਰਾਮ ਦਾ ਨਾਮ ਸੁਣਦੇ ਹਾਂ ਤੇ ਰਸਨਾ ਨਾਲ ਵੀ ਉਚਾਰਦੇ ਹਾਂ। ਪ੍ਰਭੂ ਨੇ (ਸਾਡੇ ਉਪਰ) ਮੇਹਰ ਕਰਕੇ ਬੜੀ ਦਇਆ ਕੀਤੀ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਜੀਵਨ ਦੇ ਸੁਆਸਾਂ ਦੀ) ਸਾਡੀ ਪੂੰਜੀ ਸਿਰੇ ਚੜ੍ਹ ਗਈ (ਜੀਵਨ ਫੇਰੀ ਸਫਲ ਹੋ ਗਈ; ਗੁਰੂ ਪਾਸੋਂ ਮਨ ਦੇ ਕੇ ਖ੍ਰੀਦੀ ਨਾਮ ਸਿਮਰਨ ਦੀ) ਸਾਡੀ ਖੇਪ ਸਿਰੇ ਚੜ੍ਹ ਗਈ (ਲਾਭ ਦਾਇਕ ਰਹੀ)।੪।

ਪਦਾਰਥ = ਜੋਗੁ–ਉਚਿਤ; ਲਾਇਕ। ਭਏ–ਹੋਏ ਹਾਂ। ਰੇਨ–ਚਰਨ ਧੂੜ। ਲੈਨ–ਲੈਂਦੇ (ਜਪਦੇ) ਹਾਂ। ਆਲ–ਸਾਰੇ; ਘਰ ਦੇ। ਜੰਜਾਲ–ਝਮੇਲੇ; ਧੰਧੇ। ਰਹਤੇ–ਬਚ ਗਏ। ਧਾਰੀ–ਕੀਤੀ। ਨਿਬਹੀ–ਸਿਰੇ ਚੜ੍ਹ ਗਈ; ਸਫਲ ਹੋਈ। ਖੇਪ–ਵਪਾਰ ਲਈ ਲੱਦਿਆ ਸੌਦਾ।੪।

ਅਗਲੇ ਚਾਰ ਪਦਿਆਂ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਨ ਤੇ ਸੁਣਨ ਦਾ ਮਹਾਤਮ ਕਥਨ ਕਰਦੇ ਹਨ ঃ—

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ ॥ ਸਾਵਧਾਨ ਏਕਾਗਰ ਚੀਤ ॥ ਸੁਖਮਨੀ ਸਹਜ ਗੋਬਿੰਦ ਗੁਨ ਨਾਮ ॥ ਜਿਸੁ ਮਨਿ ਬਸੈ ਸੁ ਹੋਤ ਨਿਧਾਨ ॥ ਸਰਬ ਇਛਾ ਤਾ ਕੀ ਪੂਰਨ ਹੋਇ ॥ ਪ੍ਰਧਾਨ ਪੁਰਖੁ ਪ੍ਰਗਟੁ ਸਭ ਲੋਇ ॥ ਸਭ ਤੇ ਊਚ ਪਾਏ ਅਸਥਾਨੁ ॥ ਬਹੁਰਿ ਨ ਹੋਵੈ ਆਵਨ ਜਾਨੁ ॥ ਹਰਿ ਧਨੁ ਖਾਟਿ ਚਲੈ ਜਨੁ ਸੋਇ ॥ ਨਾਨਕ ਜਿਸਹਿ ਪਰਾਪਤਿ ਹੋਇ ॥੫॥ ਹੇ ਸੰਤ ਜਨੋਂ! ਹੇ ਮਿਤ੍ਰੋ! ਸਾਵਧਾਨ ਹੋ ਕੇ ਇਕਾਗਰ ਚਿਤ ਨਾਲ ਪ੍ਰਭੂ ਦੀ ਉਸਤਤੀ ਕਰੋ; ਪ੍ਰਭੂ ਦੀ ਸਿਫਤ ਸਲਾਹ (ਵਾਲੀ ਸੁਖਮਨੀ ਦਾ ਪਾਠ) ਕਰੋ (ਫ.ਸ.; ਸੰ. ਸ.)। ਸੁਖਮਨੀ (ਸਾਹਿਬ ਰੱਬੀ) ਗਿਆਨ; ਸੁਤੇ ਸਿੱਧ ਪ੍ਰਭੂ ਦੇ ਗੁਣਾਂ ਤੇ ਨਾਮ ਵਾਲੀ ਬਾਣੀ ਹੈ (ਜੋ ਉਪਮਾ ਸੁਖਮਨੀ ਸਾਹਿਬ ਦੀ

All Rights Reserved by Harjinder Singh Gyani | www.GuruGranthVakhyaan.org

ਕੀਤੀ ਗਈ ਹੈ, ਉਹ ਨਾਮ ਦੀ ਮਹਿਮਾਂ ਹੈ, ਕਿਉਂਕਿ ਇਹ ਬਾਣੀ ਨਾਮ ਦਾ ਸਮੁੰਦਰ ਹੈ)। ਜਿਸ ਪੁਰਖ ਦੇ ਹਿਰਦੇ ਵਿਚ (ਇਹ ਬਾਣੀ) ਵਸ ਜਾਵੇ, ਉਹ (ਗੁਣਾਂ ਦਾ) ਖਜਾਨਾ ਹੋ ਜਾਂਦਾ ਹੈ। ਉਸ ਦੀਆਂ ਸਾਰੀਆਂ ਇਛਾਂ ਪੂਰੀਆਂ ਹੋ ਜਾਂਦੀਆਂ ਹਨ। (ਉਹ) ਪੁਰਖ ਪ੍ਰਧਾਨ ਹੋ ਕੇ ਸਾਰੇ ਭਵਨਾਂ ਵਿਚ ਪ੍ਰਗਟ ਹੋ ਜਾਂਦਾ ਹੈ। ਸਭ ਤੋਂ ਉਚਾ ਅਸਥਾਨ (ਪਰਮਪਦ ਉਸ ਨੂੰ) ਪ੍ਰਾਪਤ ਹੋ ਜਾਂਦਾ ਹੈ। (ਉਸ ਦਾ ਜਗਤ ਵਿਚ) ਮੁੜ ਆਉਣਾ ਜਾਣਾ (ਜੰਮਣਾ ਮਰਨਾ) ਨਹੀਂ ਹੁੰਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਜਿਸ ਪੁਰਖ ਨੂੰ (ਇਸ ਬਾਣੀ ਦੀ ਸਿਖਿਆ) ਪ੍ਰਾਪਤ ਹੁੰਦੀ ਹੈ, ਉਹ ਪੁਰਖ ਹਰੀ ਦਾ ਨਾਮ ਧਨ ਖਟ ਕੇ (ਇਥੋਂ ਸੰਸਾਰ ਵਿਚੋਂ) ਜਾਂਦਾ ਹੈ।੫।

ਪਦਾਰਥ = ਏਕਾਗਰ–ਇਕ ਤਰਫ ਟਿਕਿਆ ਧਿਆਨ। ਸਹਜ–(ਰੱਬੀ) ਗਿਆਨ। ਹੋਤ–ਹੁੰਦਾ ਹੈ। ਤਾ ਕੀ–ਉਸ ਦੀ। ਨਿਧਾਨ–ਖਜਾਨਾ। ਪ੍ਰਧਾਨ–ਮੁਖੀ। ਲੋਇ–ਭਵਨ। ਬਹੁਰਿ–ਮੁੜ। ਆਵਨ ਜਾਨੁ–ਜਨਮ ਮਰਨ। ਖਾਟਿ–ਕਮਾ ਕੇ। ਜਿਸਹਿ–ਜਿਸ ਨੂੰ।੫।

ਖੇਮ ਸਾਂਤਿ ਰਿਧਿ ਨਵ ਨਿਧਿ ॥ ਬੁਧਿ ਗਿਆਨੁ ਸਰਬ ਤਹ ਸਿਧਿ ॥ ਮੁਕਤੀ, ਮਾਨਸਕ ਸ਼ਾਂਤੀ, ਰਿਧੀਆਂ ਤੇ ਨੌਂ ਨਿਧੀਆਂ। (ਸ੍ਰੇਸਟ) ਬੁੱਧੀ, ਬ੍ਰਹਮ ਗਿਆਨ ਤੇ ਸਾਰੀਆਂ ਸਿਧੀਆਂ ਆਦਿ (ਸਾਰੇ ਪਦਾਰਥ) ਉਸ ਮਨੁੱਖ ਨੂੰ ਮਿਲ ਜਾਂਦੇ ਹਨ।

ਅੰਗ ੨੯੬ = ਬਿਦਿਆ ਤਪੁ ਜੋਗੁ ਪ੍ਰਭ ਧਿਆਨੁ ॥ ਗਿਆਨੁ ਸ੍ਰੇਸਟ ਊਤਮ ਇਸਨਾਨੁ ॥ ਚਾਰਿ ਪਦਾਰਥ ਕਮਲ ਪ੍ਰਗਾਸ ॥ ਸਭ ਕੈ ਮਧਿ ਸਗਲ ਤੇ ਉਦਾਸ ॥ ਸੁੰਦਰੁ ਚਤੁਰੁ ਤਤ ਕਾ ਬੇਤਾ ॥ ਸਮਦਰਸੀ ਏਕ ਦ੍ਰਿਸਟੇਤਾ ॥ ਇਹ ਫਲ ਤਿਸੁ ਜਨ ਕੈ ਮੁਖਿ ਭਨੇ ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ ॥੬॥ ਆਤਮਕ ਵਿਦਿਆ, ਤਪ, ਜੋਗ ਤੇ ਵਾਹਿਗੁਰੂ ਦਾ ਧਿਆਨ। ਸ੍ਰੇਸਟ ਗਿਆਨ ਤੇ ਉਤਮ ਆਤਮਕ ਇਸ਼ਨਾਨ (ਜੋ ਮਨ ਦੀ ਮੈਲ ਦੂਰ ਕਰਦਾ ਹੈ)। ਚਾਰ ਪਦਾਰਥ (ਧਰਮ ਅਰਥ ਕਾਮ ਤੇ ਮੋਖ) ਤੇ ਹਿਰਦੇ ਕਮਲ ਦਾ ਖਿੜ ਜਾਣਾ। ਸਭ ਦੇ ਵਿਚ ਰਹਿੰਦੇ ਹੋਏ ਵੀ ਸਭ ਤੋਂ ਉਦਾਸ ਰਹਿਣਾ। ਸੁੰਦਰ, ਸਿਆਣਾ ਤੇ ਅਸਲੀਅਤ ਦਾ ਜਾਨਣ ਵਾਲਾ ਹੋਣਾ। ਸਭ ਨੂੰ ਇਕੋ ਜਿਹਾ ਜਾਨਣ ਵਾਲਾ ਤੇ (ਸਭ ਵਿਚ) ਇਕ ਵਾਹਿਗੁਰੂ ਨੂੰ ਦੇਖਣ ਵਾਲਾ ਹੋਣਾ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਪਰ ਦੱਸੇ) ਇਹ ਫਲ ਉਸ ਮਨੁੱਖ ਦੇ ਤਾਈਂ ਪ੍ਰਾਪਤ ਹੁੰਦੇ ਹਨ, ਜੋ ਮੂੰਹ ਨਾਲ (ਸੁਖਮਨੀ ਸਾਹਿਬ) ਪੜ੍ਹਦਾ ਹੈ ਤੇ ਪ੍ਰਭੂ ਦੇ ਨਾਮ ਸਬੰਧੀ ਮਹਿਮਾਂ ਵਾਲੇ ਬਚਨ (ਸੁਖਮਨੀ ਸਾਹਿਬ) ਮਨ ਕਰਕੇ ਸੁਣਦਾ ਹੈ।੬।

ਪਦਾਰਥ = ਖੇਮ–ਮੁਕਤੀ। ਰਿਧਿ–ਸੰਪਦਾ; ਸਫਲਤਾ। ਨਵ ਨਿਧਿ–ਨੌਂ ਖਜਾਨੇ (ਜਗਤ ਦੇ ਸਾਰੇ ਪਦਾਰਥ)। ਸਰਬ–ਸਾਰੇ। ਤਹ–ਉਥੇ (ਉਸ ਮਨੁੱਖ ਨੂੰ)। ਸਿਧਿ–ਕਰਾਮਾਤਾਂ। ਚਾਰਿ ਪਦਾਰਥ–ਧਰਮ ਅਰਥ ਕਾਮ ਤੇ ਮੋਖ। ਕਮਲ ਪ੍ਰਗਾਸ–ਹਿਰਦੇ ਕਮਲ ਦਾ ਖਿੜਨਾ। ਮਧਿ–ਵਿਚ। ਤੇ–ਤੋਂ। ਉਦਾਸ–ਉਪਰਾਮ। ਤਤ–ਅਸਲੀਅਤ। ਬੇਤਾ–ਜਾਨਣ ਵਾਲਾ। ਸਮਦਰਸੀ–ਸਭ ਨੂੰ ਇਕੋ ਜਿਹਾ ਜਾਨਣ ਵਾਲਾ। ਏਕ–ਇਕ ਵਾਹਿਗੁਰੂ। ਦ੍ਰਿਸਟੇਤਾ–ਦੇਖਣ ਵਾਲਾ। ਤਿਸੁ–ਉਸ। ਜਨ–ਪੁਰਖ। ਮੁਖਿ–ਮੂੰਹ ਨਾਲ। ਭਨੇ–ਉਚਾਰਦਾ (ਪੜ੍ਹਦਾ) ਹੈ।੬।

ਇਹੁ ਨਿਧਾਨੁ ਜਪੈ ਮਨਿ ਕੋਇ ॥ ਸਭ ਜੁਗ ਮਹਿ ਤਾ ਕੀ ਗਤਿ ਹੋਇ ॥ ਗੁਣ ਗੋਬਿੰਦ ਨਾਮ ਧੁਨਿ ਬਾਣੀ ॥ ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ॥ ਸਗਲ ਮਤਾਂਤ ਕੇਵਲ ਹਰਿ ਨਾਮ ॥ ਗੋਬਿੰਦ ਭਗਤ ਕੈ ਮਨਿ ਬਿਸ੍ਰਾਮ ॥ ਕੋਟਿ ਅਪ੍ਰਾਧ ਸਾਧ ਸੰਗਿ ਮਿਟੈ ॥ ਸੰਤ ਕ੍ਰਿਪਾ ਤੇ ਜਮ ਤੇ ਛੁਟੈ ॥ ਜਾ ਕੈ ਮਸਤਕਿ ਕਰਮ ਪ੍ਰਭਿ ਪਾਏ ॥ ਸਾਧ ਸਰਣਿ ਨਾਨਕ ਤੇ ਆਏ ॥੭॥ ਇਹ (ਸੁਖਮਨੀ ਸਾਹਿਬ ਨਾਮ ਦੀ ਮਹਿਮਾਂ ਦਾ) ਖਜਾਨਾ ਹੈ, ਕੋਈ (ਮਨੁੱਖ ਜੇ ਇਸ ਨੂੰ) ਮਨ ਕਰਕੇ ਜਪਦਾ ਹੈ। (ਚਾਹੇ ਉਹ ਕਿਸੇ) ਜੁਗ ਵਿਚ ਵੀ ਹੋਵੇ, ਉਸ ਦੀ ਮੁਕਤੀ ਹੋਵੇਗੀ। (ਇਸ) ਬਾਣੀ ਵਿਚ ਗੋਬਿੰਦ ਦੇ ਗੁਣਾਂ ਦਾ ਵਰਨਣ ਹੈ ਤੇ ਨਾਮ ਦੀ ਧੁਨੀ (ਗੂੰਜ ਰਹੀ) ਹੈ; ਨਾਮ ਦਾ ਅਲਾਪ (ਇਸ ਵਿਚ) ਹੈ। (ਜਿਸ ਨਾਮ ਦੀ ਮਹਿਮਾਂ) ਸਿਮ੍ਰਤੀਆਂ, ਸ਼ਾਸਤ੍ਰਾਂ ਤੇ ਬੇਦਾਂ ਨੇ ਵੀ ਆਖੀ ਹੈ। ਸਾਰੇ ਮੱਤਾਂ ਦਾ ਨਿਚੋੜ ਕੇਵਲ ਨਾਮ ਹੀ ਹੈ। (ਨਾਮ ਦਾ) ਨਿਵਾਸ ਗੋਬਿੰਦ ਦੇ ਭਗਤਾਂ ਦੇ ਮਨ ਵਿਚ ਹੈ। (ਅਜੇਹੇ) ਸਾਧੂ ਦੀ ਸੰਗਤ ਵਿਚ ਕ੍ਰੋੜਾਂ ਪਾਪ ਮਿਟ ਜਾਂਦੇ ਹਨ। (ਨਾਮ ਜਪਣ ਵਾਲੇ) ਸੰਤਾਂ ਦੀ ਕ੍ਰਿਪਾ ਤੇ (ਮਨੁੱਖ) ਜਮਾਂ ਤੋਂ ਛੁਟ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਉਹ (ਮਨੁੱਖ) ਸਾਧ ਗੁਰੂ ਦੀ ਸ਼ਰਣ ਵਿਚ ਆਉਂਦੇ ਹਨ। ਜਿਨ੍ਹਾਂ ਦੇ ਮੱਥੇ ਤੇ ਪ੍ਰਭੂ ਨੇ ਚੰਗੇ ਭਾਗ ਲਿਖ ਪਾਏ ਹਨ।੭।

ਪਦਾਰਥ = ਨਿਧਾਨੁ–ਖਜਾਨਾ। ਤਾ ਕੀ–ਉਸ ਦੀ। ਗਤਿ–ਮੁਕਤੀ। ਨਾਮ ਧੁਨਿ–ਨਾਮ ਦੀ ਧੁਨੀ। ਬਖਾਣੀ–ਆਖੀ ਹੈ। ਮਤਾਂਤ–ਮੱਤਾਂ ਦਾ ਨਿਚੋੜ; ਧਰਮ ਦਾ ਸਾਰ। ਬਿਸ੍ਰਾਮ–ਨਿਵਾਸ। ਅਪ੍ਰਾਧ–ਪਾਪ। ਤੇ–ਤੋਂ। ਜਾ ਕੈ–ਜਿਸ ਦੇ। ਮਸਤਕਿ–ਮੱਥੇ ਤੇ। ਕਰਮ–ਭਾਗ।੭।

ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ ॥ ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਜਨਮ ਮਰਨ ਤਾ ਕਾ ਦੂਖੁ ਨਿਵਾਰੈ ॥ ਦੁਲਭ ਦੇਹ ਤਤਕਾਲ ਉਧਾਰੈ ॥ ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ ॥ ਏਕੁ ਨਾਮੁ ਮਨ ਮਾਹਿ ਸਮਾਨੀ ॥ ਦੂਖ ਰੋਗ ਬਿਨਸੇ ਭੈ ਭਰਮ ॥ ਸਾਧ ਨਾਮ ਨਿਰਮਲ ਤਾ ਕੇ ਕਰਮ ॥ ਸਭ ਤੇ ਊਚ ਤਾ ਕੀ ਸੋਭਾ ਬਨੀ ॥ ਨਾਨਕ ਇਹ ਗੁਣਿ ਨਾਮੁ ਸੁਖਮਨੀ ॥੮॥੨੪॥ ਜਿਸ ਪੁਰਖ ਦੇ ਮਨ ਵਿਚ (ਸੁਖਮਨੀ ਸਾਹਿਬ ਦੀ ਬਾਣੀ) ਨਿਵਾਸ ਕਰਦੀ ਹੈ (ਅਤੇ ਜੋ ਇਸ ਨੂੰ) ਪ੍ਰੀਤ ਲਾ ਕੇ ਸੁਣਦਾ ਹੈ। ਉਸ ਪੁਰਖ ਨੂੰ ਹਰੀ ਪ੍ਰਭੂ ਚੇਤੇ ਆਉਂਦਾ ਹੈ। (ਇਹ ਬਾਣੀ) ਉਸ ਪੁਰਖ ਦੇ ਜਨਮ ਮਰਨ ਦਾ ਦੁਖ ਵੀ ਦੂਰ ਕਰ ਦੇਂਦੀ ਹੈ। ਬਹੁਤ ਮੁਸ਼ਕਲ ਨਾਲ ਮਿਲਣ

All Rights Reserved by Harjinder Singh Gyani | www.GuruGranthVakhyaan.org

ਵਾਲੀ ਦੇਹ ਨੂੰ ਤੁਰੰਤ ਮੁਕਤ ਕਰ ਦੇਂਦੀ ਹੈ।(ਇਹ ਬਾਣੀ) ਇਕ ਪ੍ਰਭੂ ਦਾ ਨਾਮ ਰੂਪ ਹੈ, ਜਿਸ ਦੇ ਮਨ (ਇਹ) ਵਿਚ ਸਮਾ ਜਾਂਦੀ ਹੈ; (ਇਸ ਬਾਣੀ ਵਿਚ ਦੱਸਿਆ) ਇਕ ਪ੍ਰਭੂ ਦਾ ਨਾਮ ਜਿਸ ਦੇ ਮਨ ਵਿਚ ਸਮਾਇਆ ਹੋਇਆ ਹੈ। ਉਸ ਦੀ ਸੋਭਾ ਨਿਰਮਲ ਹੁੰਦੀ ਹੈ ਤੇ ਬਾਣੀ (ਉਸਦੀ ਬੋਲੀ) ਅੰਮ੍ਰਿਤ ਮਈ ਹੋ ਜਾਂਦੀ ਹੈ।(ਉਸਦਾ ਹਰ ਤਰ੍ਹਾਂ ਦਾ) ਦੁਖ, ਰੋਗ, ਡਰ ਅਤੇ ਭਰਮ ਨਾਸ਼ ਹੋ ਜਾਂਦਾ ਹੈ। ਉਸ ਪੁਰਖ ਦੇ ਕਰਮ ਨਿਰਮਲ ਹੁੰਦੇ ਹਨ (ਜੋ ਇਸ ਬਾਣੀ ਦਾ ਪਾਠ ਕਰਦਾ ਹੈ ਤੇ ਉਸਦਾ) ਨਾਮ ਸਾਧੂ ਪੈ ਜਾਂਦਾ ਹੈ। ਉਸ ਦੀ ਸੋਭਾ (ਸੰਸਾਰਕ ਲੋਕਾਂ, ਪ੍ਰਮਾਰਥਿਕ ਤੇ ਸਵੱਰਗੀ ਦੇਵਤਿਆਂ ਆਦਿ) ਸਭ ਤੋਂ ਉਚੀ ਬਣ ਜਾਂਦੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਨ੍ਹਾਂ (ਉਪਰੋਕਤ) ਗੁਣਾਂ ਕਰਕੇ ਇਸ ਬਾਣੀ ਦਾ ਨਾਮ ਸੁਖਮਨੀ (ਸੁੱਖਾਂ ਦੀ ਮਣੀ) ਹੈ।੮।੨੪।

**ਪਦਾਰਥ** = ਬਸੈ–ਵਸਦੀ; ਨਿਵਾਸ ਕਰਦੀ ਹੈ। ਜਨ–ਪੁਰਖ। ਚੀਤਿ–ਚੇਤੇ; ਚਿਤ ਵਿਚ। ਤਾ ਕਾ–ਉਸਦਾ। ਨਿਵਾਰੈ–ਦੂਰ ਕਰਦਾ ਹੈ। ਦੁਲਭ–ਔਖਾ ਲੱਭਣ ਵਾਲਾ। ਤਤ ਕਾਲ–ਉਸੇ ਵੇਲੇ; ਤੁਰੰਤ। ਉਧਾਰੈ–ਮੁਕਤ ਕਰਦੀ ਹੈ। ਸੋਭਾ–ਵਡਿਆਈ। ਬਾਨੀ–ਬਾਣੀ; ਬੋਲ। ਸਮਾਨੀ–ਸਮਾ ਜਾਂਦੀ ਹੈ। ਬਨੀ–ਬਣੀ ਹੈ। ਗੁਨਿ–ਗੁਣਾਂ ਕਰਕੇ। ਸੁਖਮਨੀ–ਸੁੱਖਾਂ ਦੀ ਮਣੀ; ਮਣਾਂ ਮੂੰਹੀਂ ਸੁਖ ਦੇਣ ਵਾਲੀ ੮।੨੪।

**ਵਿਆਖਿਆ** = ਇਹ ਅਖੀਰਲੀ ਅਸਟਪਦੀ ਸਾਰੀ ਸੁਖਮਨੀ ਸਾਹਿਬ ਦਾ ਸਾਰੰਸ਼ ਹੈ। ਸਲੋਕ ਵਿਚ ਪੂਰਨ ਨਾਮ ਦੀ ਅਰਾਧਨਾ ਕਰਕੇ ਪੂਰਨ ਪ੍ਰਭੂ ਦੀ ਪਰਾਪਤੀ ਦਾ ਵਰਨਣ ਹੈ। ਪੂਰੇ ਪ੍ਰਭੂ ਦੀ ਪ੍ਰਾਪਤੀ ਪੂਰਨ ਪਦ ਹੈ, ਇਸ ਤੋਂ ਉਪਰ ਹੋਰ ਕੋਈ ਪਦ ਨਹੀ। ਪੂਰਨ ਪਦ ਪਾ ਕੇ ਵੀ ਪੂਰਨ ਪਭੂ ਦੇ ਗੁਣ ਗਾਏ ਜਾ ਰਹੇ ਹਨ। ਫਿਰ ਮਨ ਬਿਰਤੀਆਂ ਤੇ ਸਾਰੇ ਇੰਦ੍ਰਿਆਂ ਵਿਚ ਪ੍ਰਭੂ ਸਮਾਇਆ ਅਨੁਭਵ ਹੁੰਦਾ ਹੈ। ਸੰਸਾਰ ਵਿਚ ਕੋਈ ਵੀ ਪੂਰਾ ਨਹੀਂ, ਵੱਡੇ ਤੋਂ ਵੱਡੇ ਬੰਦੇ ਦੀ ਕੀਤੀ ਹੋਈ ਗਲ ਹਰ ਪੱਖੋਂ ਪੂਰੀ ਨਹੀਂ ਹੁੰਦੀ। ਨਾ ਹੀ ਉਸ ਦੇ ਕਹਿਣ ਨਾਲ ਹਰ ਕਾਰਜ ਪੂਰਾ ਹੁੰਦਾ ਹੈ, ਕਿਉਂਕਿ ਉਹ ਅਧੂਰਾ ਹੁੰਦਾ ਹੈ। ਪੂਰਾ ਪ੍ਰਭੂ ਹੈ, ਉਸ ਦਾ ਹਰੇਕ ਕੰਮ ਪੂਰਾ ਹੈ।

## ਥਿਤੀ ਗਉੜੀ ਮਹਲਾ ੫ ॥ ਸਲੋਕੁ ॥ ੴ ਸਤਿਗੁਰ ਪ੍ਰਸਾਦਿ ॥

ਚੰਦ ਦੀ ਚਾਲ ਦੇ ਹਿਸਾਬ ਨਾਲ ਗਿਣੇ ਜਾਣ ਵਾਲੇ ਦਿਨਾਂ ਨੂੰ ਸੰਸਕ੍ਰਿਤ ਵਿਚ ਤਿਥਿ ਤੇ ਪੰਜਾਬੀ ਵਿਚ ਥਿਤ ਕਹਿੰਦੇ ਹਨ। ਤਿਥ ਦਾ ਅਰਥ ਮਿਤੀ ਜਾਂ ਤਰੀਕ ਵੀ ਹੈ। ਚੰਦ ਅਨੁਸਾਰ ਗਿਣੇ ਜਾਣ ਵਾਲੇ ਮਹੀਨੇ ਦੇ ਦੋ ਪੱਖ ਹੁੰਦੇ ਹਨ। ਇਕ ਹਨ੍ਹੇਰ ਪੱਖ ਤੇ ਦੂਜਾ ਚਾਨਣ ਪੱਖ, ਹਨੇਰ ਪੱਖ ਦਾ ਨਾਮ ਬਦੀ ਤੇ ਚਾਨਣ ਪੱਖ ਦਾ ਨਾਮ ਸੁਦੀ ਹੈ। ਚੰਦ ਦੇ ਦਿਨਾਂ ਦੀਆਂ ਤਿੱਥਾਂ (ਤਰੀਕਾਂ) ਏਕਮ ਦੂਜ ਤੀਜ ਚੌਥ ਆਦਿ ਦੇ ਨਾਮ ਨਾਲ ਗਿਣੀਦੀਆਂ ਹਨ। ਹਨ੍ਹੇਰ ਪੱਖ ਵਿਚ ਚੌਦਾਂ ਤਿੱਥਾਂ ਤੋਂ ਬਾਦ ਮੱਸਿਆ ਦਾ ਦਿਨ ਹੁੰਦਾ ਹੈ, ਇਸ ਰਾਤ ਨੂੰ ਚੰਦ ਨਾ ਹੋਣ ਕਰਕੇ ਸਾਰੀ ਰਾਤ ਹਨ੍ਹੇਰਾ ਰਹਿੰਦਾ ਹੈ। ਤੇ ਚਾਨਣ ਪੱਖ ਵਿਚ ਚੌਦਾਂ ਤਿਥਾਂ ਤੋਂ ਬਾਦ ਪੁੰਨਿਆ (ਪੂਰਨਮਾਸੀ) ਆਉਂਦੀ ਹੈ, ਪੁੰਨਿਆ ਵਾਲੀ ਰਾਤ ਨੂੰ ਸਾਰੀ ਰਾਤ ਚੰਦ ਦੀ ਚਾਨਣੀ ਰਹਿੰਦੀ ਹੈ। ਇਸ ਪ੍ਰਕਾਰ ਦੋਹਾਂ ਪੱਖਾਂ ਦੇ ਦਿਨਾਂ ਨੂੰ ਰਲਾ ਕੇ ਪੂਰੇ ੩੦ ਦਿਨਾਂ ਦਾ ਮਹੀਨਾ ਹੋ ਜਾਂਦਾ ਹੈ। ਇਸ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਏਕਮ ਤੋਂ ਅਮਾਵਸ (ਮੱਸਿਆ) ਤਕ ੧੫ ਥਿਤਾਂ ਗਿਣਦੇ ਹਨ, ਇਥੇ ਅੰਕ ੧੫ ਮੁੱਕਦਾ ਹੈ। ਅੰਕ ੧੬ ਵਿਚ ਪੂਰਨਮਾਸ਼ੀ ਦਾ ਦਿਨ ਗਿਣਦੇ ਹਨ ਅਤੇ ਅੰਕ ੧੭ ਵਿਚ ਸਾਰੀ ਬਾਣੀ ਦਾ ਸਾਰ ਲਿਖਦੇ ਹਨ। ਇਹ ਤਿੱਥਾਂ ਕੁਦਰਤੀ ਹਨ, ਚੰਦ ਦੇ ਵਧਣ ਘਟਣ ਦੇ ਨਾਲ ਮਨੁੱਖ ਨੇ ਤਿਥਾਂ ਦੇ ਏਕਮ ਦੂਜ ਆਦਿ ਕਰਕੇ ਨਾਮ ਰੱਖ ਲਏ। ਜੋਤਸ਼ੀਆਂ ਨੇ ਅਪਣੇ ਲੋਭ ਅਧੀਨ ਲੋਕਾਂ ਨੂੰ ਵੱਖ ਵੱਖ ਤਿੱਥਾਂ ਦਾ ਤਰ੍ਹਾਂ ਤਰ੍ਹਾਂ ਫਲ ਦਸ ਕੇ ਭਰਮਾਂ ਵਿਚ ਪਾ ਦਿਤਾ ਸੀ। ਏਕਮ ਵਾਲੇ ਦਿਨ ਪਾਠ ਪੜ੍ਹਨਾ ਠੀਕ ਨਹੀਂ, ਵਿਦਿਆ ਨਰਾਜ ਹੋ ਜਾਵੇਗੀ, ਪਾਠ ਕਰਨ ਵਾਲਾ ਪੜ੍ਹਿਆ ਪਾਠ ਭੁਲ ਜਾਏਗਾ। ਇਵੇਂ ਇਕਾਦਸੀ ਵਾਲੇ ਦਿਨ ਜੇ ਕੋਈ ਅਨਾਜ ਖਾਏਗਾ ਤਾਂ ਦੋਸ਼ ਲੱਗੇਗਾ, ਇਸੇ ਕਰਕੇ ਇਕਾਦਸੀ ਦਾ ਵਰਤ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੇ ਸਿੱਖਾਂ ਨੂੰ ਇਨ੍ਹਾਂ ਤਿਥਾਂ ਦੇ ਵਹਿਮਾਂ ਭਰਮਾਂ ਵਿਚੋਂ ਕੱਢ ਕੇ ਇਕ ਨਿਰੰਕਾਰ ਨਾਲ ਜੋੜਿਆ ਹੈ। ਇਹ ਬਾਣੀ ਤਿੱਥਾਂ ਨੂੰ ਪੂਜਣ ਜਾਂ ਮੰਨਣ ਦਾ ਉਪਦੇਸ਼ ਨਹੀਂ ਦਿੰਦੀ, ਹਰੇਕ ਤਿੱਥ ਵਿਚ ਭਾਵ ਹਰ ਰੋਜ ਵਾਹਿਗੁਰੂ ਦਾ ਜਸ ਗਾਉਣ ਦਾ ਉਪਦੇਸ ਦਿੰਦੀ ਹੈ। ਇਸ ਬਾਣੀ ਵਿਚ ਰਹਾਉ ਇਕ ਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਥਿਤੀ ਦੇ ਸਿਰਲੇਖ ਹੇਠ ਤਿੰਨ ਬਾਣੀਆਂ ਲਿਖੀਆਂ ਮਿਲਦੀਆਂ ਹਨ। ਬਿਲਾਵਲ ਮਹਲਾ ੧ ਥਿਤੀ (ਅੰਗ ੮੩੮)। ਰਾਗੁ ਗਉੜੀ ਥਿਤੀਂ ਕਬੀਰ ਜੀ ਕੀਂ (ਅੰਗ ੩੪੩)। ਥਿਤੀ ਗਉੜੀ ਮਹਲਾ ੫ (ਅੰਗ ੨੯੬)। ਟਕਸਾਲ ਦੀ ਟੇਪ ਅਨੁਸਾਰ ਤਿੱਥਾਂ ਦੀ ਜਾਣਕਾਰੀ ਰੱਖਣ ਵਾਲਾ ਇਕ ਬ੍ਰਾਹਮਣ ਸੀ, ਜੋ ਜੋਤਿਸ਼ ਵਿਦਿਆ ਵੀ ਜਾਣਦਾ ਸੀ। ਇਸ ਨੇ ਸਿੱਖਾਂ ਨੂੰ ਪੁਛਿਆ ਕਿ ਕੀ ਗੁਰੂ ਜੀ ਨੂੰ ਤਿੱਥਾਂ ਦਾ ਗਿਆਨ ਹੈ? ਕਿਉਂਕਿ ਜਿੰਨਾ ਚਿਰ ਤਿੱਥਾਂ ਦਾ ਗਿਆਨ ਨਾ ਹੋਵੇ ਸਮੇਂ ਦਾ ਪਤਾ ਨਹੀਂ ਲਗਦਾ। ਸਿੱਖਾਂ ਨੇ ਸਤਿਗੁਰੂ ਜੀ ਨੂੰ ਪੁਛਿਆ ਕਿ ਮਹਾਰਾਜ! ਸਾਨੂੰ ਤਿੱਥਾਂ ਵਾਰੇ ਦੱਸੋ, ਕਿਹੜੀ ਕਿਹੜੀ ਤਿੱਥ ਨੂੰ ਕੀ ਕੀ ਕਰਨਾ ਚਾਹੀਦਾ ਹੈ? ਸਤਿਗੁਰੂ ਜੀ ਨੇ ਸੁਣ ਕੇ ਇਸ ਬਾਣੀ ਰਾਹੀਂ ਤਿੱਥਾਂ ਬਾਰੇ ਉਪਦੇਸ਼ ਦਿਤਾ ਹੈ।

**ਜਲਿ ਥਲਿ ਮਹੀਅਲਿ ਪੂਰਿਆ, ਸੁਆਮੀ ਸਿਰਜਨਹਾਰੁ ॥ ਅਨਿਕ ਭਾਂਤਿ ਹੋਇ ਪਸਰਿਆ, ਨਾਨਕ ਏਕੰਕਾਰੁ ॥੧॥** ਸਭ ਨੂੰ ਪੈਦਾ

All Rights Reserved by Harjinder Singh Gyani | www.GuruGranthVakhyaan.org

ਕਰਨ ਵਾਲਾ ਤੇ ਸਭ ਦਾ ਮਾਲਕ ਪ੍ਰਭੂ ਜਲਾਂ ਵਿਚ ਥਲਾਂ ਵਿਚ, ਧਰਤੀ ਤੇ ਅਕਾਸ਼ ਦੇ ਵਿਚਕਾਰਲੀ ਜਗ੍ਹਾ (ਪੁਲਾੜ) ਵਿਚ ਪੂਰਨ ਹੋ ਰਿਹਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਇਕ ਵਾਹਿਗੁਰੂ ਅਨੇਕਾਂ ਪ੍ਰਕਾਰ ਦਾ ਹੋ ਕੇ ਪਸਰਿਆ ਹੋਇਆ ਹੈ।੧।

ਪਦਾਰਥ = ਜਲਿ–ਪਾਣੀਆਂ ਵਿਚ। ਥਲਿ–ਖੁਸ਼ਕ ਜਗ੍ਹਾ ਵਿਚ। ਮਹੀਅਲਿ–ਧਰਤੀ ਤੇ ਅਕਾਸ਼ ਦੇ ਵਿਚਕਾਰ ਵਾਲੀ ਜਗ੍ਹਾ (ਪੁਲਾੜ)। ਪੂਰਿਆ–ਵਿਆਪਕ। ਸਿਰਜਨਹਾਰ–ਸਭ ਨੂੰ ਪੈਦਾ ਕਰਨ ਵਾਲਾ। ਭਾਤਿ–ਤਰੀਕਿਆਂ ਨਾਲ। ਪਸਰਿਆ–ਫੈਲਿਆ ਹੋਇਆ ਹੈ।੧।

ਪਉੜੀ ॥ ਏਕਮ ਏਕੰਕਾਰੁ ਪ੍ਰਭੁ ,ਕਰਉ ਬੰਦਨਾ ਧਿਆਇ ॥ ਗੁਣ ਗੋਬਿੰਦ ਗੁਪਾਲ ਪ੍ਰਭ, ਸਰਨਿ ਪਰਉ ਹਰਿ ਰਾਇ ॥ ਤਾ ਕੀ ਆਸ ਕਲਿਆਣ ਸੁਖ, ਜਾ ਤੇ ਸਭੁ ਕਛੁ ਹੋਇ ॥ ਚਾਰਿ ਕੁੰਟ ਦਹ ਦਿਸਿ ਭ੍ਰਮਿਓ, ਤਿਸੁ ਬਿਨੁ ਅਵਰੁ ਨ ਕੋਇ ॥ ਬੇਦ ਪੁਰਾਨ ਸਿਮ੍ਰਿਤਿ ਸੁਨੇ, ਬਹੁ ਬਿਧਿ ਕਰਉ ਬੀਚਾਰੁ ॥ ਪਤਿਤ ਉਧਾਰਨ ਭੈ ਹਰਨ, ਸੁਖ ਸਾਗਰ ਨਿਰੰਕਾਰ ॥ ਦਾਤਾ ਭੁਗਤਾ ਦੇਨਹਾਰੁ ,ਤਿਸੁ ਬਿਨੁ ਅਵਰ ਨ ਜਾਇ ॥ ਜੋ ਚਾਹਹਿ ਸੋਈ ਮਿਲੈ, ਨਾਨਕ ਹਰਿ ਗੁਨ ਗਾਇ ॥੧॥ ਏਕਮ (ਥਿਤ ਦਾ ਉਪਦੇਸ਼ ਇਹ ਹੈ ਕਿ ਮੈਂ) ਇਕ ਪ੍ਰਭੂ ਨੂੰ ਧਿਆ ਕੇ (ਉਸੇ ਨੂੰ ਹੱਥ ਜੋੜ ਕੇ) ਨਮਸ਼ਕਾਰ ਕਰਦਾ ਹਾਂ। ਗੋਬਿੰਦ ਗੁਪਾਲ ਪ੍ਰਭੂ ਦੇ ਗੁਣ ਗਾਉਂਦਾ ਹਾਂ ਤੇ (ਉਸੇ) ਹਰੀ ਪਾਤਸ਼ਾਹ ਦੀ ਸ਼ਰਣੀ ਪੈਂਦਾ ਹਾਂ। ਜਿਸ ਪ੍ਰਭੂ ਤੋਂ ਸਭ ਕੁਝ ਹੁੰਦਾ ਹੈ, ਉਸ ਦੀ ਆਸ ਰੱਖਣ ਨਾਲ ਸੁਖ ਤੇ ਮੁਕਤੀ ਪ੍ਰਾਪਤ ਹੁੰਦੇ ਹਨ। ਚਾਰੇ ਕੁੰਟਾਂ ਤੇ ਦਸੇ ਦਿਸ਼ਾਵਾਂ ਵਿਚ ਫਿਰਿਆ ਹਾਂ, (ਪ੍ਰਭੂ ਤੋਂ ਬਿਨਾ ਸੁੱਖ ਤੇ ਮੁਕਤੀ ਦੇਣ ਵਾਲਾ) ਹੋਰ ਕੋਈ ਨਹੀਂ ਹੈ। ਬੇਦ, ਪੁਰਾਣ ਤੇ ਸਿਮ੍ਰਤੀਆਂ ਸੁਣ ਕੇ ਬਹੁਤ ਤਰ੍ਹਾਂ ਦੀ ਵਿਚਾਰ ਕਰਦਾ ਹਾਂ। (ਉਹ ਇਹ ਹੈ ਕਿ) ਪਾਪੀਆਂ ਦੇ ਤਾਰਨ ਵਾਲਾ, (ਸਭ ਤਰ੍ਹਾਂ ਦਾ) ਡਰ ਦੂਰ ਕਰਨ ਵਾਲਾ ਤੇ ਸੁੱਖਾਂ ਦਾ ਸਾਗਰ ਨਿਰੰਕਾਰ ਹੀ ਹੈ। ਦੇਣ ਵਾਲਾ ਦਾਤਾ (ਵੀ ਆਪ ਹੀ ਹੈ ਤੇ ਸਭ ਵਿਚ ਵਿਆਪਕ ਹੋਣ ਕਰਕੇ ਦਿਤੇ ਹੋਏ ਨੂੰ) ਭੋਗਣ ਵਾਲਾ ਵੀ ਆਪ ਹੀ ਹੈ, ਉਸ ਤੋਂ ਬਿਨਾ ਹੋਰ ਕੋਈ ਥਾਂ ਟਿਕਾਣਾ ਨਹੀਂ। ਨਾਨਕ ਗੁਰੂ ਜੀ ਆਖਦੇ ਹਨ, (ਹੇ ਜੀਵ!) ਹਰੀ ਦੇ ਗੁਣ ਗਾ, (ਫਿਰ) ਜੋ ਚਾਹੇਂਗਾ, ਉਹ ਹੀ ਮਿਲੇਗਾ।੧।

ਪਦਾਰਥ = ਏਕਮ–ਪਹਿਲੀ ਥਿਤ। ਕਰਉ–ਕਰਦਾ ਹਾਂ। ਬੰਦਨਾ–ਨਮਸ਼ਕਾਰ। ਗੋਬਿੰਦ–ਕਰਤਾਰ। ਗੁਪਾਲ–ਧਰਤੀ ਦੀ ਪਾਲਣਾ ਕਰਨ ਵਾਲਾ ਵਾਹਿਗੁਰੂ। ਪਰਉ–ਪੈਂਦਾ ਹਾਂ। ਹਰਿ ਰਾਜਾ–ਹਰੀ ਰਾਜਾ। ਤਾ ਕੀ–ਉਸ ਦੀ। ਜਾ ਤੇ–ਜਿਸ ਤੋਂ। ਕੁੰਟ–ਪਾਸੇ। ਦਹ ਦਿਸਿ–ਦਸੇ ਦਿਸ਼ਾਵਾਂ ਵਿਚ। ਸੁਨੇ–ਸੁਣ ਕੇ। ਬਹੁ ਬਿਧਿ–ਬਹੁਤ ਤ੍ਰੀਕਿਆਂ ਨਾਲ। ਪਤਿਤ–ਪਾਪੀ; ਧਰਮ ਤੋਂ ਗਿਰੇ ਹੋਏ। ਉਧਾਰਨ–ਤਾਰਨ ਵਾਲਾ। ਹਰਨ–ਦੂਰ ਕਰਨ ਵਾਲਾ। ਭੁਗਤਾ–ਭੋਗਣ ਵਾਲਾ। ਦੇਨਹਾਰੁ–ਦੇਣ ਵਾਲਾ। ਅਵਰ–ਹੋਰ। ਜਾਇ–ਜਗ੍ਹਾ। ਚਾਹਹਿ–ਚਾਹੇਂਗਾ।੧ ।

ਗੋਬਿੰਦ ਜਸੁ ਗਾਈਐ ਹਰਿ ਨੀਤ ॥ ਮਿਲਿ ਭਜੀਐ ਸਾਧ ਸੰਗਿ, ਮੇਰੇ ਮੀਤ ॥੧॥ਰਹਾਉ॥ (ਹੇ ਭਾਈ!) ਹਰੀ ਗੋਬਿੰਦ ਦਾ ਜਸ ਨਿਤ ਗਾਉਣਾ ਚਾਹੀਦਾ ਹੈ। ਹੇ ਮੇਰੇ ਮਿਤ੍ਰ! ਸਾਧ ਸੰਗਤ ਵਿਚ ਮਿਲ ਕੇ (ਪ੍ਰਭੂ ਦਾ) ਭਜਨ ਕਰਨਾ ਚਾਹੀਦਾ ਹੈ।੧।

ਪਦਾਰਥ = ਜਸੁ–ਸਿਫਤ ਸਲਾਹ। ਨੀਤ–ਨਿੱਤ (ਸਦਾ)। ਭਜੀਐ–ਭਜਨ ਕਰਨਾ ਚਾਹੀਏ। ਮੀਤ–ਹੇ ਮਿਤ੍ਰ!।੧। ਰਹਾਉ।

ਸਲੋਕੁ ॥ ਕਰਉ ਬੰਦਨਾ ਅਨਿਕ ਵਾਰ, ਸਰਨਿ ਪਰਉ ਹਰਿ ਰਾਇ ॥ ਭ੍ਰਮੁ ਕਟੀਐ ਨਾਨਕ ਸਾਧ ਸੰਗਿ, ਦੁਤੀਆ ਭਾਉ ਮਿਟਾਇ ॥੨॥ (ਮੈਂ) ਹਰੀ ਰਾਜੇ ਦੀ ਸ਼ਰਨ ਵਿਚ ਪੈਂਦਾ ਹਾਂ ਤੇ (ਸਿਰ ਝੁਕਾ ਕੇ ਉਸ ਨੂੰ) ਅਨੇਕਾਂ ਵਾਰ ਨਮਸ਼ਕਾਰ ਕਰਦਾ ਹਾਂ। ਨਾਨਕ ਗੁਰੂ ਜੀ ਆਖਦੇ ਹਨ ਕਿ ਸਾਧ ਸੰਗਤ ਵਿਚ ਭਰਮ ਕੱਟਿਆ ਜਾਂਦਾ ਹੈ ਤੇ ਦੂਜਾ ਭਾਉ ਵੀ ਮਿਟ ਜਾਂਦਾ ਹੈ।੨।

ਪਦਾਰਥ = ਕਰਉ–ਮੈਂ ਕਰਦਾ ਹਾਂ। ਬੰਦਨਾ–ਨਮਸ਼ਕਾਰ। ਪਰਉ–ਪੈਂਦਾ ਹਾਂ। ਦੁਤੀਆ ਭਾਉ–ਦੂਜਾ ਪ੍ਰੇਮ (ਦ੍ਵੈਤ ਭਾਵ)।੨।

ਪਉੜੀ ॥ ਦੁਤੀਆ ਦੁਰਮਤਿ ਦੂਰਿ ਕਰਿ, ਗੁਰ ਸੇਵਾ ਕਰਿ ਨੀਤ ॥ ਰਾਮ ਰਤਨੁ ਮਨਿ ਤਨਿ ਬਸੈ, ਤਜਿ ਕਾਮੁ ਕ੍ਰੋਧੁ ਲੋਭੁ ਮੀਤ ॥ ਮਰਣੁ ਮਿਟੈ ਜੀਵਨੁ ਮਿਲੈ, ਬਿਨਸਹਿ ਸਗਲ ਕਲੇਸ ॥ ਦੂਜੀ (ਥਿਤ ਰਾਹੀਂ ਉਪਦੇਸ਼ ਦਿੰਦੇ ਹਨ, ਹੇ ਭਾਈ!) ਖੋਟੀ ਬੁੱਧੀ ਦੂਰ ਕਰਕੇ ਹਰ ਰੋਜ ਗੁਰੂ ਦੀ ਸੇਵਾ ਕਰ। ਹੇ ਮਿਤ੍ਰ! ਕਾਮ ਕ੍ਰੋਧ ਤੇ ਲੋਭ (ਆਦਿਕ ਵਿਕਾਰ) ਛਡ ਦੇਹ, (ਇਉਂ) ਮਨ ਤੇ ਤਨ ਵਿਚ ਰਤਨ ਰੂਪ ਪ੍ਰਭੂ ਵਸ ਜਾਂਦਾ ਹੈ। (ਫਿਰ) ਸਾਰੇ ਕਲੇਸ ਨਾਸ਼ ਹੋ ਜਾਂਦੇ ਹਨ, ਮਰਨਾ ਮਿਟ ਜਾਂਦਾ ਹੈ ਤੇ ਸਦੀਵੀ ਜੀਵਨ ਮਿਲ ਜਾਂਦਾ ਹੈ।

ਅੰਗ ੨੯੭ = ਆਪੁ ਤਜਹੁ ਗੋਬਿੰਦ ਭਜਹੁ ,ਭਾਉ ਭਗਤਿ ਪਰਵੇਸ ॥ ਲਾਭੁ ਮਿਲੈ ਤੋਟਾ ਹਿਰੈ, ਹਰਿ ਦਰਗਹ ਪਤਿਵੰਤ ॥ ਰਾਮ ਨਾਮ ਧਨੁ ਸੰਚਵੈ, ਸਾਚ ਸਾਹ ਭਗਵੰਤ ॥ ਊਠਤ ਬੈਠਤ ਹਰਿ ਭਜਹੁ ,ਸਾਧੂ ਸੰਗਿ ਪਰੀਤਿ ॥ ਨਾਨਕ ਦੁਰਮਤਿ ਛੁਟਿ ਗਈ, ਪਾਰਬ੍ਰਹਮ ਬਸੇ ਚੀਤਿ ॥੨॥ ਆਪਾ ਭਾਵ ਛਡ ਦਿਓ ਤੇ ਪ੍ਰਭੂ ਨੂੰ ਸਿਮਰੋ, (ਤਾਂ ਜੋ ਤੇਰੇ ਅੰਦਰ) ਪ੍ਰੇਮਾ ਭਗਤੀ ਪ੍ਰਵੇਸ ਹੋ ਜਾਵੇ। (ਤਾਂ ਤੈਨੂੰ) ਆਤਮ ਲਾਭ ਮਿਲੇਗਾ ਤੇ (ਸੁਆਸ ਜੋ ਨਿਸਫਲ ਜਾਂਦੇ ਹਨ, ਇਹ) ਘਾਟਾ ਦੂਰ ਹੋਵੇਗਾ ਭਾਵ ਸੁਆਸ ਸਫਲ ਹੋਣਗੇ ਅਤੇ ਹਰੀ ਦੀ ਦਰਗਾਹ ਵਿਚ ਇੱਜਤ ਵਾਲਾ ਹੋਵੇਂਗਾ। (ਜੋ ਪੁਰਖ) ਰਾਮ ਨਾਮ ਰੂਪ ਧਨ ਜਮ੍ਹਾਂ ਕਰਦੇ ਹਨ, ਉਹ ਭਾਗਾਂ ਵਾਲੇ ਤੇ ਸੱਚੇ ਸ਼ਾਹ ਹਨ। (ਹੇ ਭਾਈ!) ਉਠਦਿਆਂ ਬੈਠਦਿਆਂ ਹਰੀ ਨੂੰ ਸਿਮਰੋ ਤੇ ਸਾਧੂਆਂ ਨਾਲ ਪ੍ਰੀਤ ਕਰੋ। ਨਾਨਕ ਗੁਰੂ ਜੀ ਆਖਦੇ ਹਨ (ਜਿਸ ਮਨੁਖ ਨੇ ਇਹ ਉਦਮ ਕੀਤਾ ਹੈ, ਉਸਦੀ) ਖੋਟੀ ਮੱਤ ਛੁਟ ਗਈ ਹੈ, (ਉਸ ਦੇ) ਚਿਤ ਵਿਚ ਪਾਰਬ੍ਰਹਮ ਵਸ ਗਿਆ ਹੈ।੨।

All Rights Reserved by Harjinder Singh Gyani | www.GuruGranthVakhyaan.org

ਪਦਾਰਥ = ਦੁਤੀਆ–ਦੂਜੀ (ਥਿਤ)। ਦੁਰਮਤਿ–ਖੋਟੀ ਮੱਤ। ਨੀਤ–ਰੋਜ। ਤਜਿ–ਛਡ ਦੇਹ। ਮੀਤ–ਹੇ ਮਿਤ੍ਰ ! । ਬਿਨਸਹਿ–ਨਾਸ਼ ਹੋ ਜਾਂਦੇ ਹਨ। ਸਗਲ–ਸਾਰੇ। ਆਪੁ–ਅਪਣੱਤ; ਆਪਾ ਭਾਵ। ਭਾਉ–ਪ੍ਰੇਮ। ਤੋਟਾ–ਘਾਟਾ। ਹਿਰੈ–ਦੂਰ ਹੋਵੇਗਾ। ਪਤਿਵੰਤ–ਇੱਜਤ ਵਾਲਾ । ਸੰਚਵੈ–ਇੱਕਠਾ ਕਰਦਾ ਹੈ। ਭਗਵੰਤ–ਭਾਗਾਂ ਵਾਲਾ। ਛੁਟ ਗਈ–ਮੁੱਕ ਗਈ। ਚੀਤਿ–ਚਿਤ ਵਿਚ।੨।

ਸਲੋਕੁ ॥ ਤੀਨਿ ਬਿਆਪਹਿ ਜਗਤ ਕਉ ,ਤੁਰੀਆ ਪਾਵੈ ਕੋਇ ॥ ਨਾਨਕ ਸੰਤ ਨਿਰਮਲ ਭਏ, ਜਿਨ ਮਨਿ ਵਸਿਆ ਸੋਇ ॥੩॥ (ਸਾਰੇ) ਜਗਤ ਨੂੰ ਤਿੰਨ ਗੁਣ ਵਿਆਪ ਰਹੇ ਹਨ, (ਤਿੰਨਾਂ ਗੁਣਾਂ ਤੋਂ ਉਪਰ ਚੌਥਾ) ਤੁਰੀਆ ਪਦ ਕੋਈ ਵਿਰਲਾ ਪੁਰਖ ਪ੍ਰਾਪਤ ਕਰਦਾ ਹੈ। ਹੇ ਨਾਨਕ ! ਜਿਨ੍ਹਾਂ ਸੰਤਾਂ ਦੇ ਮਨ ਵਿਚ ਉਹ ਪ੍ਰਭੂ ਵਸਿਆ ਹੈ, (ਉਹ ਤਿੰਨਾਂ ਗੁਣਾਂ ਦੀ ਮੈਲ ਤੋਂ) ਨਿਰਮਲ ਹੋ ਗਏ ਹਨ।੨।

ਪਦਾਰਥ = ਤੀਨਿ–ਤਿੰਨ (ਰਜੋ ਸਤੋ ਤੇ ਤਮੋ) ਗੁਣ; ਜਾਗਤ, ਸੁਪਨ ਤੇ ਸੁਖੋਪਤ। ਬਿਆਪਹਿ–ਲਗਦੇ ਹਨ; ਖਚਿਤ ਹਨ। ਕਉ–ਨੂੰ । ਤੁਰੀਆ–ਜਾਗਤ, ਸੁਪਨ ਤੇ ਸੁਖੋਪਤ ਜਾਂ ਰਜੋ, ਸਤੋ ਤੇ ਤਮੋ ਤਿੰਨ ਗੁਣਾਂ ਤੋਂ ਉਪਰਲੀ ਗਿਆਨ ਅਵਸਥਾ ਜਿਸ ਵਿਚ ਪ੍ਰਮਾਤਮਾ ਤੇ ਆਤਮਾ ਇਕ ਰੂਪ ਹੁੰਦੇ ਹਨ। ਕੋਇ–ਕੋਈ ਵਿਰਲਾ ਮਨੁੱਖ। ਨਿਰਮਲ–ਪਵਿਤ੍ਰ ਜੀਵਨ ਵਾਲੇ। ਭਏ–ਹੋ ਗਏ। ਸੋਇ–ਉਹ ਪ੍ਰਭੂ।੨।

ਪਉੜੀ ॥ ਤ੍ਰਿਤੀਆ ਤ੍ਰੈ ਗੁਣ ਬਿਖੈ ਫਲ, ਕਬ ਉਤਮ ਕਬ ਨੀਚੁ ॥ ਨਰਕ ਸੁਰਗ ਭ੍ਰਮਤਉ ਘਣੋ, ਸਦਾ ਸੰਘਾਰੈ ਮੀਚੁ ॥ ਹਰਖ ਸੋਗ ਸਹਸਾ ਸੰਸਾਰੁ ,ਹਉ ਹਉ ਕਰਤ ਬਿਹਾਇ ॥ ਜਿਨਿ ਕੀਏ ਤਿਸਹਿ ਨ ਜਾਣਨੀ, ਚਿਤਵਹਿ ਅਨਿਕ ਉਪਾਇ ॥ ਆਧਿ ਬਿਆਧਿ ਉਪਾਧਿ ਰਸ, ਕਬਹੁ ਨ ਤੂਟੈ ਤਾਪ ॥ ਪਾਰਬ੍ਰਹਮ ਪੂਰਨ ਧਨੀ, ਨਹ ਬੂਝੈ ਪਰਤਾਪ ॥ ਮੋਹ ਭਰਮ ਬੂਡਤ ਘਣੋ, ਮਹਾ ਨਰਕ ਮਹਿ ਵਾਸ ॥ ਕਰਿ ਕਿਰਪਾ ਪ੍ਰਭ ਰਾਖਿ ਲੇਹੁ ,ਨਾਨਕ ਤੇਰੀ ਆਸ ॥੩॥ ਤੀਜੀ ਤਿਥ ਦੁਆਰੇ ਦਸਦੇ ਹਨ ਕਿ ਤਿੰਨ ਗੁਣਾਂ ਵਿਚ ਵਰਤਣ ਵਾਲੇ ਜੀਵਾਂ ਨੂੰ ਵਿਸ਼ੇ ਵਿਕਾਰ ਰੂਪ ਫਲ ਮਿਲਦੇ ਹਨ ਤੇ ਉਹ ਕਦੇ (ਥੋੜੇ ਸਮੇਂ ਲਈ) ਉਤਮ ਤੇ ਕਦੇ ਨੀਵੀਂ ਅਵਸਥਾ ਗਿਰ ਜਾਂਦੇ ਹਨ (ਤਿੰਨਾਂ ਗੁਣਾਂ ਵਿਚ ਲੋਕ ਸ਼ੁੱਭ ਅਸੁੱਭ ਕੰਮ ਕਰਦੇ ਹਨ, ਜਿਨ੍ਹਾਂ ਦੇ ਫਲ ਵਿਚ ਉਹ ਕਦੇ ਉਚੇ ਤੇ ਕਦੇ ਨੀਵੇਂ ਹੁੰਦੇ ਰਹਿੰਦੇ ਹਨ। ਬਿਖੈ ਫਲ ਕਰਕੇ ਹੀ ਉਹ) ਨਰਕਾਂ ਸੁਰਗਾਂ ਵਿਚ ਬਹੁਤ ਸਮਾਂ ਭਟਕਦੇ ਰਹਿੰਦੇ ਹਨ, (ਉਨ੍ਹਾਂ ਨੂੰ) ਮੌਤ ਸਦਾ ਮਾਰਦੀ ਰਹਿੰਦੀ ਹੈ। (ਤਿੰਨ ਗੁਣਾਂ ਕਰਕੇ) ਸੰਸਾਰੀ ਲੋਕ ਕਦੇ ਖੁਸ਼ੀ ਤੇ ਕਦੇ ਗਮੀ ਵਿਚ ਹੁੰਦੇ ਹਨ ਤੇ ਭਰਮਾਂ ਵਿਚ ਮੈਂ ਮੈਂ ਕਰਦਿਆਂ (ਉਨ੍ਹਾਂ ਦੀ ਉਮਰ) ਬੀਤਦੀ ਹੈ। ਜਿਸ ਪ੍ਰਭੂ ਨੇ (ਉਨ੍ਹਾਂ ਨੂੰ) ਪੈਦਾ ਕੀਤਾ ਹੈ, ਉਸ ਨੂੰ ਨਹੀਂ ਜਾਣਦੇ, (ਉਹ ਹੋਰ) ਅਨੇਕਾਂ ਜਤਨ (ਜਪ ਤਪ ਜੱਗ ਦਾਨ ਦੇਵ ਪੂਜਾ ਆਦਿ) ਸੋਚਦੇ ਤੇ ਕਰਦੇ ਰਹਿੰਦੇ ਹਨ। ਆਧ ਬਿਆਧ ਤੇ ਉਪਾਧ ਤਿੰਨੇ ਤਾਪ ਵਿਸ਼ੇ ਰਸਾਂ ਤੋਂ ਪੈਦਾ ਹੁੰਦੇ ਹਨ, ਜੋ ਕਦੇ ਟੁੱਟਦੇ (ਉਤਰਦੇ) ਨਹੀਂ। (ਸਭ ਦਾ) ਮਾਲਕ ਪੂਰਨ ਪ੍ਰਭੂ ਹੈ, (ਉਹ ਉਸ ਦੇ) ਤੇਜ ਪ੍ਰਤਾਪ ਨੂੰ ਨਹੀਂ ਸਮਝਦੇ। (ਇਥੇ) ਮੋਹ ਤੇ ਭਰਮ ਦੇ ਸਾਗਰ ਵਿਚ ਬਹੁਤ ਡੁੱਬੇ ਹੋਏ ਹਨ ਤੇ (ਅੱਗੇ ਵੀ ਉਨ੍ਹਾਂ ਦਾ) ਵਾਸਾ ਘੋਰ ਨਰਕਾਂ ਵਿਚ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਇਉਂ ਅਰਦਾਸ ਕਰੋ, ਹੇ ਪ੍ਰਭੂ ! ਸਾਨੂੰ ਦੁੱਖਾਂ ਤੋਂ) ਕ੍ਰਿਪਾ ਕਰਕੇ ਰੱਖ ਲਵੋ, ਤੇ (ਸਾਨੂੰ ਇਕ) ਤੇਰੀ ਹੀ ਆਸ ਹੈ।੩।

ਪਦਾਰਥ = ਤ੍ਰਿਤੀਆ–ਤੀਜੀ ਤਿੱਥ। ਬਿਖੈ ਫਲ–ਵਿਸ਼ੇ ਵਿਕਾਰਾਂ ਦੇ ਫਲ (ਸਤੋ ਗੁਣੀ ਜੀਵ ਰਿਧੀਆਂ ਸਿਧੀਆਂ ਚਾਹੁੰਦੇ ਹਨ। ਰਜੋ ਗੁਣੀ ਪਦਾਰਥ ਕੱਠੇ ਕਰਨਾ ਚਾਹੁੰਦੇ ਹਨ। ਤਮੋ ਗੁਣੀ ਮੰਤ੍ਰਾਂ ਦੁਆਰਾ ਭੂਤਾਂ ਪ੍ਰੇਤਾਂ ਨੂੰ ਵਸ ਕਰਨਾ ਚਾਹੁੰਦੇ ਹਨ)। ਕਬ–ਕਦੇ। ਭ੍ਰਮਤਉ–ਭਟਕਦੇ ਹਨ। ਘਣੋ–ਬਹੁਤ। ਸੰਘਾਰੈ–ਮਾਰਦੀ ਹੈ। ਮੀਚੁ–ਮੌਤ। ਹਰਖ–ਖੁਸ਼ੀ। ਸਹਸਾ–ਭਰਮ; ਸੰਸਾ। ਹਉ ਹਉ–ਮੈਂ ਮੈਂ। ਕਰਤ–ਕਰਦਿਆਂ। ਬਿਹਾਇ–ਬੀਤਦੀ ਹੈ। ਜਿਨਿ–ਜਿਸ ਨੇ। ਕੀਏ–ਪੈਦਾ ਕੀਤੇ। ਤਿਸਹਿ–ਉਸ ਨੂੰ। ਨ ਜਾਣਨੀ–ਨਹੀਂ ਜਾਣਦੇ। ਚਿਤਵਹਿ–ਸੋਚਦੇ ਹਨ। ਉਪਾਇ–ਜਤਨ। ਆਧਿ–ਮਨ ਦੇ ਰੋਗ। ਬਿਆਧਿ–ਸਰੀਰਕ ਰੋਗ। ਉਪਾਧਿ–ਝਗੜੇ ਧੋਖਾ ਠੱਗੀ ਆਦਿ। ਰਸ–ਰਸਾਂ ਵਿਚ । ਕਬਹੁ–ਕਦੇ ਵੀ। ਤਾਪ–ਦੁੱਖ। ਧਨੀ–ਮਾਲਕ। ਪਰਤਾਪ–ਬਲ; ਤਾਕਤ। ਬੂਡਤ–ਡੁੱਬੇ ਹੋਏ। ਵਾਸ–ਨਿਵਾਸ।੩।

ਸਲੋਕੁ ॥ ਚਤੁਰ ਸਿਆਣਾ ਸੁਘੜੁ ਸੋਇ, ਜਿਨਿ ਤਜਿਆ ਅਭਿਮਾਨੁ ॥ ਚਾਰਿ ਪਦਾਰਥ ਅਸਟ ਸਿਧਿ, ਭਜੁ ਨਾਨਕ ਹਰਿ ਨਾਮੁ ॥੪ ॥ ਉਹ ਹੀ (ਮਨੁੱਖ) ਚਤਰ, ਸਿਆਣਾ ਤੇ ਰਹਿਣੀ ਬਹਿਣੀ ਵਿਚ ਸੁਚੱਜਾ ਹੈ, ਜਿਸ ਨੇ ਅਭਿਮਾਨ ਛਡ ਦਿਤਾ ਹੈ। ਨਾਨਕ ਗੁਰੂ ਜੀ ਆਖਦੇ ਹਨ, (ਹੇ ਭਾਈ ! ਤੂੰ) ਹਰੀ ਦਾ ਨਾਮ ਸਿਮਰ, (ਤੈਨੂੰ) ਚਾਰ ਪਦਾਰਥ ਤੇ ਅੱਠ ਸਿਧੀਆਂ ਪ੍ਰਾਪਤ ਹੋ ਜਾਣਗੀਆਂ।੪।

ਪਦਾਰਥ = ਚਤੁਰ–ਬੋਲਣ ਵਿਚ ਚਤਰ (ਵਕੀਲ ਆਦਿ)। ਸੁਘੜ–ਰਹਿਣੀ ਬਹਿਣੀ ਵਿਚ ਸੁਚੱਜਾ। ਸੋਇ–ਉਹ ਹੀ। ਤਜਿਆ–ਛਡ ਦਿਤਾ। ਚਾਰਿ ਪਦਾਰਥ–ਧਰਮ ਅਰਥ ਕਾਮ ਤੇ ਮੋਖ। ਅਸਟ ਸਿਧਿ–ਅੱਠ ਤਰ੍ਹਾਂ ਦੀਆਂ ਕਰਾਮਾਤਾਂ। ਭਜੁ–ਭਜੋ; ਸਿਮਰੋ।੪।

ਪਉੜੀ ॥ ਚਤੁਰਥਿ ਚਾਰੇ ਬੇਦ ਸੁਣਿ, ਸੋਧਿਓ ਤਤੁ ਬੀਚਾਰੁ ॥ ਸਰਬ ਖੇਮ ਕਲਿਆਣ ਨਿਧਿ, ਰਾਮ ਨਾਮੁ ਜਪਿ ਸਾਰੁ ॥ ਨਰਕ ਨਿਵਾਰੈ ਦੁਖ ਹਰੈ, ਤੂਟਹਿ ਅਨਿਕ ਕਲੇਸ ॥ ਮੀਚੁ ਹੁਟੈ ਜਮ ਤੇ ਛੁਟੈ, ਹਰਿ ਕੀਰਤਨ ਪਰਵੇਸ ॥ ਭਉ ਬਿਨਸੈ ਅੰਮ੍ਰਿਤੁ ਰਸੈ, ਰੰਗਿ ਰਤੇ ਨਿਰੰਕਾਰ ॥ ਦੁਖ ਦਾਰਿਦ ਅਪਵਿਤ੍ਰਤਾ, ਨਾਸਹਿ ਨਾਮ ਅਧਾਰ ॥ ਸੁਰਿ ਨਰ ਮੁਨਿ ਜਨ ਖੋਜਤੇ, ਸੁਖ ਸਾਗਰ ਗੋਪਾਲ ॥ ਮਨੁ ਨਿਰਮਲੁ ਮੁਖੁ ਊਜਲਾ, ਹੋਇ ਨਾਨਕ ਸਾਧ ਰਵਾਲ ॥੪॥ ਚੌਥੀ ਤਿਥ ਦੁਆਰਾ ਉਪਦੇਸ਼ ਦੇਂਦੇ ਹਨ ਕਿ ਚਾਰੇ ਬੇਦ ਸੁਣ ਕੇ (ਇਹ)

All Rights Reserved by Harjinder Singh Gyani | www.GuruGranthVakhyaan.org

ਤਤ ਵਿਚਾਰ ਨਿਰਣਾ ਕੀਤਾ ਹੈ। ਕਿ ਰਾਮ ਦਾ ਸ੍ਰੇਸਟ ਨਾਮ ਜਪ ਕੇ ਸਾਰੀਆਂ ਖੁਸ਼ੀਆਂ ਤੇ ਸੁੱਖਾਂ ਦਾ ਖਜਾਨਾ ਪ੍ਰਾਪਤ ਹੋ ਜਾਂਦਾ ਹੈ। (ਨਾਮ ਸਿਮਰਨ) ਨਰਕਾਂ ਨੂੰ ਦੂਰ ਕਰਦਾ ਹੈ, ਦੁੱਖਾਂ ਨੂੰ ਨਾਸ਼ ਕਰਦਾ ਹੈ ਅਤੇ (ਨਾਮ ਜਪ ਕੇ) ਅਨੇਕਾਂ ਕਲੇਸ ਟੁੱਟ ਜਾਂਦੇ ਹਨ। (ਜਿਸ ਮਨੁੱਖ ਦੇ ਹਿਰਦੇ ਵਿਚ) ਹਰੀ ਦਾ ਕੀਰਤਨ ਪ੍ਰਵੇਸ਼ ਹੁੰਦਾ ਹੈ, (ਉਸ ਤੋਂ) ਮੌਤ ਹਟ ਜਾਂਦੀ ਹੈ ਤੇ (ਉਹ) ਜਮਾਂ ਤੋਂ ਛੁਟ ਜਾਂਦਾ ਹੈ। ਨਿਰੰਕਾਰ ਦੇ ਰੰਗ ਵਿਚ ਰੰਗੇ ਹੋਏ ਹੋਣ ਕਰਕੇ (ਹਿਰਦੇ ਵਿਚ) ਅੰਮ੍ਰਿਤ ਰਸਦਾ (ਚੋਂਦਾ) ਹੈ ਤੇ ਡਰ ਨਾਸ਼ ਹੋ ਜਾਂਦਾ ਹੈ। ਨਾਮ ਦਾ ਆਸਰਾ ਹੋਣ ਕਰਕੇ (ਮਨੁੱਖ ਦੇ) ਦੁੱਖ ਗਰੀਬੀ ਤੇ ਅਪਵਿਤ੍ਰਤਾ ਨਾਸ਼ ਹੋ ਜਾਂਦੇ ਹਨ। ਦੇਵਤੇ, ਮਨੁੱਖ, ਮੁਨੀ ਜਨ ਸੁੱਖਾਂ ਦੇ ਸਾਗਰ ਧਰਤੀ ਦੇ ਪਾਲਕ ਵਾਹਿਗੁਰੂ ਨੂੰ ਖੋਜਦੇ ਫਿਰਦੇ ਹਨ। ਹੇ ਨਾਨਕ! ਸਾਧੂਆਂ ਦੇ ਚਰਨਾਂ ਦੀ ਧੂੜ ਬਣ ਜਾਣ ਨਾਲ ਮਨ ਪਵਿਤ੍ਰ ਤੇ (ਲੋਕ ਪ੍ਰਲੋਕ ਵਿਚ) ਮੁਖ ਉਜਲ ਹੁੰਦਾ ਹੈ (ਮਨ ਨਿਰਮਲ ਤੇ ਮੁਖ ਉਜਲ ਹੋਣਾ ਹਰੀ ਮਿਲਾਪ ਦੀ ਨਿਸ਼ਾਨੀ ਹੈ)।੪।

ਪਦਾਰਥ = ਚਤੁਰਥਿ-ਚੌਥੀ ਤਿੱਥ। ਸੋਧਿਓ-ਨਿਰਣਾ ਕੀਤਾ। ਤਤੁ-ਅਸਲੀ; ਨਿਚੋੜ। ਖੇਮ-ਖੁਸ਼ੀਆਂ। ਕਲਿਆਣ-ਸੁੱਖ; ਮੁਕਤੀ। ਨਿਧਿ-ਖਜਾਨਾ। ਸਾਰੁ-ਸ੍ਰੇਸਟ; ਨਿਚੋੜ। ਨਿਵਾਰੈ-ਦੂਰ ਕਰਦਾ ਹੈ। ਹਰੈ-ਨਾਸ਼ ਕਰਦਾ ਹੈ। ਤੂਟਹਿ-ਟੁੱਟ ਜਾਂਦੇ ਹਨ। ਮੀਚੁ-ਮੌਤ। ਹੁਟੈ-ਹਟ ਜਾਂਦੀ ਹੈ। ਤੇ-ਤੋਂ। ਛੁਟੈ-ਛੁਟ ਜਾਂਦੀ ਹੈ। ਰਸੈ-ਰਸਦਾ; ਚੋਂਦਾ ਹੈ। ਰੰਗਿ-ਰੰਗ ਵਿਚ। ਰਤੇ-ਰੰਗੇ ਹਨ। ਦਾਰਿਦ-ਗਰੀਬੀ; ਕੰਗਾਲੀ। ਅਧਾਰ-ਆਸਰਾ। ਸੁਰਿ ਨਰ-ਦੇਵਤੇ ਤੇ ਮਨੁੱਖ; ਦੈਵੀ ਗੁਣਾਂ ਵਾਲੇ ਲੋਕ। ਰਵਾਲ-ਚਰਨ ਧੂੜ।੪।

ਸਲੋਕੁ ॥ ਪੰਚ ਬਿਕਾਰ ਮਨ ਮਹਿ ਬਸੇ, ਰਾਚੇ ਮਾਇਆ ਸੰਗਿ ॥ ਸਾਧ ਸੰਗਿ ਹੋਇ ਨਿਰਮਲਾ, ਨਾਨਕ ਪ੍ਰਭ ਕੈ ਰੰਗਿ ॥੫॥ (ਜੀਵਾਂ ਦੇ) ਮਨਾਂ ਵਿਚ ਪੰਜ ਵਿਕਾਰ (ਕਾਮ ਕ੍ਰੋਧ ਆਦਿਕ) ਵਸਦੇ ਹਨ ਤੇ (ਉਹ ਜੀਵ) ਮਾਇਆ ਵਿਚ ਰਚੇ ਰਹਿੰਦੇ ਹਨ। ਨਾਨਕ ਗੁਰੂ ਜੀ ਆਖ ਰਹੇ ਹਨ ਕਿ ਸਾਧ ਸੰਗਤ ਕਰਕੇ ਪ੍ਰਭੂ ਦੇ ਪ੍ਰੇਮ ਦੁਆਰਾ (ਮਨ) ਨਿਰਮਲ ਹੁੰਦਾ ਹੈ।੫।

ਪਦਾਰਥ = ਪੰਚ ਬਿਕਾਰ-ਪੰਜ ਕਾਮ ਕ੍ਰੋਧ ਲੋਭ ਮੋਹ ਹੰਕਾਰ ਰੂਪ ਬਿਕਾਰ। ਮਨ ਮਹਿ-ਮਨ ਵਿਚ। ਰਾਚੇ-ਮਸਤ। ਸੰਗਿ-ਨਾਲ।

ਪਉੜੀ ॥ ਪੰਚਮਿ ਪੰਚ ਪ੍ਰਧਾਨ ਤੇ, ਜਿਹ ਜਾਨਿਓ ਪਰਪੰਚੁ ॥ ਕੁਸਮ ਬਾਸ ਬਹੁ ਰੰਗੁ ਘਣੋ, ਸਭ ਮਿਥਿਆ ਬਲਬੰਚੁ ॥ ਨਹ ਜਾਪੈ ਨਹ ਬੂਝੀਐ, ਨਹ ਕਛੁ ਕਰਤ ਬੀਚਾਰੁ ॥ ਸੁਆਦ ਮੋਹ ਰਸ ਬੇਧਿਓ, ਅਗਿਆਨਿ ਰਚਿਓ ਸੰਸਾਰੁ ॥ ਜਨਮ ਮਰਣ ਬਹੁ ਜੋਨਿ ਭ੍ਰਮਣ ,ਕੀਨੇ ਕਰਮ ਅਨੇਕ ॥ ਰਚਨਹਾਰੁ ਨਹ ਸਿਮਰਿਓ, ਮਨਿ ਨ ਬੀਚਾਰਿ ਬਿਬੇਕ ॥ ਭਾਉ ਭਗਤਿ ਭਗਵਾਨ ਸੰਗਿ, ਮਾਇਆ ਲਿਪਤ ਨ ਰੰਚ ॥ ਨਾਨਕ ਬਿਰਲੇ ਪਾਈਅਹਿ, ਜੋ ਨ ਰਚਹਿ ਪਰਪੰਚ ॥੫॥ ਪੰਚਮੀ ਤਿਥ ਦੁਆਰਾ ਉਪਦੇਸ਼ ਦੇਂਦੇ ਹਨ ਕਿ ਉਹ ਪੁਰਖ ਪੰਚ ਹਨ, ਪ੍ਰਧਾਨ ਹਨ, ਜਿਨ੍ਹਾਂ ਨੇ ਸੰਸਾਰ (ਦੀ ਅਸਲੀਅਤ) ਨੂੰ ਜਾਣ ਲਿਆ ਹੈ। (ਕਿ ਇਹ ਸੰਸਾਰ) ਫੁੱਲਾਂ ਦੀ ਮਹਿਕ ਵਾਂਗ ਤੇ ਕੁਸੰਭੇ ਦੇ ਬਹੁਤੇ ਗੂੜ੍ਹੇ ਰੰਗ ਵਾਂਗ ਹੈ; ਬਹੁਤ ਤੋਂ ਬਹੁਤ ਅਨੰਦ ਦੇਣ ਵਾਲਾ (ਸੰਸਾਰ) ਫੁੱਲਾਂ ਦੀ ਸੁਗੰਧੀ ਵਾਂਗ ਹੈ (ਜੋ ਥੋੜੇ ਚਿਰ ਰਹਿੰਦਾ ਹੈ ,ਇਹ) ਸਭ ਮਿਥਿਆ ਹੈ ਤੇ ਛਲ ਰੂਪ ਹੈ। (ਮਨੁੱਖ ਸੰਸਾਰ ਦੀ ਅਸਲੀਅਤ ਨੂੰ) ਜਾਣਦਾ ਨਹੀਂ, ਨਾ ਸਮਝਦਾ ਹੈ ਅਤੇ ਨਾ ਹੀ ਕੁਛ ਬਿਚਾਰ ਕਰਦਾ ਹੈ। ਸੰਸਾਰ ਅਗਿਆਨ ਵਿਚ ਮਸਤ ਰਹਿੰਦਾ ਹੈ, ਮੋਹ ਲੈਣ ਵਾਲੇ ਰਸਾਂ ਕਸਾਂ ਦੇ ਸੁਆਦਾਂ ਵਿਚ ਲੀਨ ਰਹਿੰਦਾ ਹੈ। (ਅਤੇ ਇਸ ਨੇ ਅਜੇਹੇ) ਅਨੇਕਾਂ ਕਰਮ ਕੀਤੇ, (ਜਿਨ੍ਹਾਂ ਕਰਕੇ ਇਹ) ਜਨਮ ਮਰਨ ਦੇ ਗੇੜ ਵਿਚ ਤੇ ਬਹੁਤ ਜੋਨੀਆਂ ਵਿਚ ਫਿਰਦਾ ਰਿਹਾ ਹੈ। (ਇਸ ਨੇ) ਰਚਨਹਾਰ ਵਾਹਿਗੁਰੂ ਨੂੰ ਨਹੀਂ ਸਿਮਰਿਆ ਤੇ ਨਾ ਹੀ ਮਨ ਵਿਚ ਬਿਚਾਰ ਕੇ ਭਲੇ ਬੁਰੇ ਦੀ ਪਰਖ ਕੀਤੀ ਹੈ। (ਜਿਹੜੇ ਮਨੁੱਖ) ਪ੍ਰੇਮਾ ਭਗਤੀ ਦੁਆਰਾ ਭਗਵਾਨ ਨਾਲ ਮਿਲੇ ਹਨ, ਉਹ ਰੰਚਕ ਮਾਤ੍ਰ ਵੀ ਮਾਇਆ ਵਿਚ ਲਿਪਤ ਨਹੀਂ ਹੁੰਦੇ। ਨਾਨਕ ਗੁਰੂ ਜੀ ਆਖਦੇ ਹਨ ਕਿ (ਅਜੇਹੇ ਬੰਦੇ) ਵਿਰਲੇ ਪਾਈਦੇ ਹਨ, ਜੋ ਸੰਸਾਰ ਵਿਚ ਨਹੀ ਫਸਦੇ।੫।

ਪਦਾਰਥ = ਪੰਚਮਿ-ਪੰਜਵੀ ਤਿਥ। ਪੰਚ-ਸੰਤ। ਪ੍ਰਧਾਨ-ਮੁਖੀ। ਤੇ-ਉਹ। ਜਿਹ-ਜਿਨ੍ਹਾਂ ਨੇ। ਪਰਪੰਚ-ਜਗਤ ਪਸਾਰਾ। ਕੁਸਮ-ਫੁੱਲ। ਬਾਸ-ਮਹਿਕ। ਘਣੋ-ਬਹੁਤ। ਮਿਥਿਆ-ਨਾਸ਼ਵੰਤ। ਬਲਬੰਚੁ-ਠੱਗੀ। ਜਾਪੈ-ਜਾਣਦਾ। ਬੇਧਿਓ-ਵਿੰਨ੍ਹਿਆ; ਜੁੜਿਆ ਹੈ। ਰਚਿਓ-ਮਸਤ ;ਰਚਿਆ ਹੈ। ਭ੍ਰਮਣ-ਫਿਰਦਾ ਹੈ। ਰਚਨਹਾਰੁ-ਰਚਨ ਵਾਲਾ ਪ੍ਰਭੂ। ਬਿਬੇਕ-ਭਲੇ ਬੁਰੇ ਦੀ ਪਰਖ। ਭਾਉ ਭਗਤਿ-ਪ੍ਰੇਮਾ ਭਗਤੀ। ਰੰਚ -ਰੰਚਕ ਮਾਤ੍ਰ। ਲਿਪਤ-ਖਚਿਤ; ਲਿਪਾਇਮਾਨ। ਨ ਰਚਹਿ-ਨਹੀਂ ਫਸਦੇ।੫।

ਸਲੋਕੁ ॥ ਖਟ ਸਾਸਤ੍ਰ ਊਚੌ ਕਹਹਿ, ਅੰਤੁ ਨ ਪਾਰਾਵਾਰ ॥ ਭਗਤ ਸੋਹਹਿ ਗੁਣ ਗਾਵਤੇ, ਨਾਨਕ ਪ੍ਰਭ ਕੈ ਦੁਆਰ ॥੬॥ ਛੇ ਸ਼ਾਸਤ੍ਰ ਉਚੀ (ਪੁਕਾਰ ਕੇ) ਆਖਦੇ ਹਨ ਕਿ ਪ੍ਰਮਾਤਮਾ ਦਾ ਕੋਈ ਅੰਤ ਨਹੀਂ, ਉਰਾਰ ਤੇ ਪਾਰ ਦਾ ਕਿਨਾਰਾ ਵੀ ਨਹੀਂ ਲੱਭਦਾ। ਨਾਨਕ ਗੁਰੂ ਜੀ ਆਖਦੇ ਹਨ ਕਿ ਭਗਤ ਜਨ ਪ੍ਰਭੂ ਦੇ ਦੁਆਰ ਤੇ ਗੁਣ ਗਾਉਂਦੇ ਹੋਏ ਸੋਭ ਰਹੇ ਹਨ; ਸੋਹਣੇ ਲਗਦੇ ਹਨ (ਭਗਤ ਅੰਤ ਲੈਣ ਦਾ ਜਤਨ ਨਹੀਂ ਕਰਦੇ, ਉਹ ਤਾਂ ਪ੍ਰਭੂ ਦੇ ਗੁਣ ਗਾਉਂਦੇ ਹਨ। ਜਿਸ ਕਰਕੇ ਉਸਦੇ ਦਰ ਤੇ ਪਹੁੰਚੇ ਹੋਏ ਸੋਭਦੇ ਹਨ)।੬।

ਪਦਾਰਥ = ਖਟ ਸਾਸਤ੍ਰ-ਛੇ ਸ਼ਾਸਤ੍ਰ (ਸਾਂਖ ਯੋਗ ਨਿਆਇ ਵੈਸ਼ੇਸ਼ਿਕ ਮੀਮਾਂਸਾ ਤੇ ਵੇਦਾਂਤ)। ਊਚੌ-ਉਚੀ। ਕਹਹਿ-ਆਖਦੇ ਹਨ। ਪਾਰਾਵਾਰ-ਪਾਰਲਾ ਤੇ ਉਰਲਾ ਕੰਢਾ। ਸੋਹਹਿ-ਸੋਭਦੇ ਹਨ ;ਸੋਹਣੇ ਲਗਦੇ ਹਨ। ਕੈ-ਦੇ। ਦੁਆਰ-ਦਰ ਉਤੇ।੬।

All Rights Reserved by Harjinder Singh Gyani | www.GuruGranthVakhyaan.org

ਅੰਗ ੨੯੮ = ਪਉੜੀ ॥ ਖਸਟਮਿ ਖਟ ਸਾਸਤ੍ਰ ਕਹਹਿ, ਸਿੰਮ੍ਰਿਤਿ ਕਥਹਿ ਅਨੇਕ ॥ ਊਤਮ ਊਚੌ ਪਾਰਬ੍ਰਹਮੁ ,ਗੁਣ ਅੰਤੁ ਨ ਜਾਣਹਿ ਸੇਖ ॥ ਨਾਰਦ ਮੁਨਿ ਜਨ ਸੁਕ ਬਿਆਸ, ਜਸੁ ਗਾਵਤ ਗੋਬਿੰਦ ॥ ਰਸ ਗੀਧੇ ਹਰਿ ਸਿਉ ਬੀਧੇ, ਭਗਤ ਰਚੇ ਭਗਵੰਤ ॥ ਮੋਹ ਮਾਨ ਭ੍ਰਮੁ ਬਿਨਸਿਓ, ਪਾਈ ਸਰਨਿ ਦਇਆਲ ॥ ਚਰਨ ਕਮਲ ਮਨਿ ਤਨਿ ਬਸੇ, ਦਰਸਨੁ ਦੇਖਿ ਨਿਹਾਲ ॥ ਲਾਭੁ ਮਿਲੈ ਤੋਟਾ ਹਿਰੈ, ਸਾਧ ਸੰਗਿ ਲਿਵ ਲਾਇ ॥ ਖਾਟਿ ਖਜਾਨਾ ਗੁਣ ਨਿਧਿ ਹਰੇ, ਨਾਨਕ ਨਾਮੁ ਧਿਆਇ ॥੬॥ ਛੇਵੀਂ (ਥਿਤ ਦਾ ਉਪਦੇਸ਼ ਹੈ ਕਿ) ਛੇ ਸ਼ਾਸਤ੍ਰ ਆਖਦੇ ਹਨ ਤੇ ਅਨੇਕਾਂ ਸਿਮ੍ਰਤੀਆਂ ਵੀ ਏਹੋ ਕਥਨ ਕਰਦੀਆਂ ਹਨ। ਕਿ ਪਾਰਬ੍ਰਹਮ (ਸਭ ਤੋਂ) ਉਤਮ ਤੇ ਉਚਾ ਹੈ, (ਉਸ ਦੇ) ਗੁਣਾਂ ਦਾ ਅੰਤ ਸ਼ੇਖਨਾਗ ਵੀ ਨਹੀਂ ਜਾਣਦਾ (ਜੋ ਅਪਣੇ ਹਜਾਰ ਮੂੰਹਾਂ ਵਿਚੋਂ ਨਿਤ ਨਵੇਂ ਤੋਂ ਨਵਾਂ ਨਾਮ ਉਚਾਰਦਾ ਹੈ)। ਨਾਰਦ, ਮੁਨੀ ਜਨ, ਸੁਖਦੇਵ ਤੇ ਬਿਆਸ (ਆਦਿ ਸਾਰੇ) ਗੋਬਿੰਦ ਦਾ ਜਸ ਗਾਉਂਦੇ ਹਨ। (ਨਾਮ) ਰਸ ਨਾਲ ਗਿੱਝੇ ਹੋਏ, ਹਰੀ ਨਾਲ ਪ੍ਰੋਤੇ ਹੋਏ ਭਗਵਾਨ ਦੇ ਭਗਤ (ਨਾਮ ਵਿਚ) ਰਚੇ ਹੋਏ ਹਨ। (ਉਨ੍ਹਾਂ ਭਗਤਾਂ ਦਾ) ਮੋਹ, ਮਾਣ ਤੇ ਭਰਮ ਨਾਸ਼ ਹੋ ਗਿਆ ਹੈ, (ਕਿਉਂਕਿ ਉਨ੍ਹਾਂ ਨੇ) ਦਿਆਲ ਪ੍ਰਭੂ ਦੀ ਸ਼ਰਨ ਪ੍ਰਾਪਤ ਕੀਤੀ ਹੈ। (ਉਨ੍ਹਾਂ ਦੇ) ਮਨ ਤੇ ਤਨ ਵਿਚ ਪ੍ਰਭੂ ਦੇ ਚਰਨ ਕਮਲ ਵਸਦੇ ਹਨ ਅਤੇ (ਉਹ ਪ੍ਰਭੂ ਦਾ) ਦਰਸ਼ਨ ਦੇਖ ਕੇ ਨਿਹਾਲ ਹੋ ਗਏ ਹਨ। (ਹੇ ਭਾਈ!) ਸਾਧ ਸੰਗਤ ਵਿਚ (ਪ੍ਰਭੂ ਨਾਲ) ਲਿਵ ਲਾ ਕੇ ਆਤਮ ਲਾਭ ਮਿਲਦਾ ਹੈ ਤੇ (ਨਿਸਫਲ ਹੋਏ ਸੁਆਸਾਂ ਦਾ) ਘਾਟਾ ਵੀ ਦੂਰ ਹੁੰਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦਾ ਨਾਮ ਸਿਮਰ ਕੇ ਗੁਣਾਂ ਦੇ ਖਜਾਨੇ ਹਰੀ ਦੀ ਪ੍ਰਾਪਤੀ ਰੂਪ ਖਜਾਨਾ ਖਟ ਲੈ।੬।

ਪਦਾਰਥ = ਖਸਟਮਿ–ਛੇਵੀਂ ਥਿਤ। ਕਥਹਿ–ਕਥਨ ਕਰਦੇ ਹਨ। ਸੇਖ–ਸ਼ੇਖਨਾਗ। ਨਾਰਦ–ਇਕ ਮੁਨੀ। ਸੁਕ–(ਬਿਆਸ ਦਾ ਪੁਤ੍ਰ) ਸੁਖਦੇਵ। ਗੀਧੇ–ਗਿੱਝੇ ਹੋਏ (ਕਿਸੇ ਸਵਾਦੀ ਚੀਜ ਦੇ ਸਵਾਦ ਵਿਚ ਮੁੜ ਮੁੜ ਲਗਣਾ)। ਸਿਉ–ਨਾਲ। ਬੀਧੇ–ਵਿੰਨ੍ਹੇ (ਪ੍ਰੋਤੇ) ਹੋਏ। ਰਚੇ –ਰਚੇ ਹੋਏ; ਮਸਤ। ਭਗਵੰਤ–ਭਗਵਾਨ। ਮਾਨ–ਹੰਕਾਰ। ਬਿਨਸਿਓ–ਨਾਸ਼ ਹੋ ਗਿਆ। ਨਿਹਾਲ–ਖਿੜ ਗਏ। ਤੋਟਾ–ਘਾਟਾ। ਹਿਰੈ–ਦੂਰ ਹੁੰਦਾ ਹੈ। ਲਿਵ ਲਾਇ–ਸੁਰਤ ਜੋੜ ਕੇ। ਖਾਟਿ–ਖੱਟ ਕੇ। ਨਿਧਿ–ਖਜਾਨਾ। ਹਰੇ–ਹਰੀ।੬।

ਸਲੋਕੁ ॥ ਸੰਤ ਮੰਡਲ ਹਰਿ ਜਸੁ ਕਥਹਿ, ਬੋਲਹਿ ਸਤਿ ਸੁਭਾਇ ॥ ਨਾਨਕ ਮਨੁ ਸੰਤੋਖੀਐ, ਏਕਸੁ ਸਿਉ ਲਿਵ ਲਾਇ ॥੭॥ ਸੰਤਾਂ ਦੇ ਸਮੂਹ ਹਰੀ ਦਾ ਜਸ ਉਚਾਰਦੇ ਹਨ ਅਤੇ ਸੁਭਾਵਕ ਹੀ (ਸੰਤ) ਸੱਚੇ ਬਚਨ ਬੋਲਦੇ ਹਨ; ਪ੍ਰੇਮ ਨਾਲ ਸੱਚ ਸਰੂਪ ਹਰੀ ਦੇ ਗੁਣ ਗਾਉਂਦੇ ਹਨ। ਨਾਨਕ ਗੁਰੂ ਜੀ ਆਖਦੇ ਹਨ (ਕਿ ਸੰਤ ਸਭਾ ਵਿਚ) ਇਕ ਪ੍ਰਭੂ ਨਾਲ ਲਿਵ ਲਾ ਕੇ ਮਨ ਸੰਤੁਸਟ ਹੋ ਜਾਂਦਾ ਹੈ।੭।

ਪਦਾਰਥ = ਮੰਡਲ–ਸਮਦਾਇ; ਸਭਾ। ਕਥਹਿ–ਉਚਾਰਦੇ ਹਨ। ਸਤਿ–ਸੱਚ; ਸੱਤ ਸਰੂਪ ਪ੍ਰਭੂ। ਸੁਭਾਇ–ਸੁਭਾਵਕ ਹੀ; ਪ੍ਰੇਮ ਨਾਲ। ਸੰਤੋਖੀਐ–ਸੰਤੁਸਟ ਹੁੰਦਾ ਹੈ (ਸਭ ਦੇ ਏਹੀ ਅਰਥ ਹਨ)। ਏਕਸੁ–ਇਕ ਪ੍ਰਭੂ। ਸਿਉ–ਨਾਲ।੭।

ਪਉੜੀ ॥ ਸਪਤਮਿ ਸੰਚਹੁ ਨਾਮ ਧਨੁ ,ਟੂਟਿ ਨ ਜਾਹਿ ਭੰਡਾਰ ॥ ਸੰਤ ਸੰਗਤਿ ਮਹਿ ਪਾਈਐ, ਅੰਤੁ ਨ ਪਾਰਾਵਾਰ ॥ ਆਪੁ ਤਜਹੁ ਗੋਬਿੰਦ ਭਜਹੁ ,ਸਰਨਿ ਪਰਹੁ ਹਰਿ ਰਾਇ ॥ ਦੂਖ ਹਰੈ ਭਵਜਲੁ ਤਰੈ, ਮਨ ਚਿੰਦਿਆ ਫਲੁ ਪਾਇ ॥ ਆਠ ਪਹਰ ਮਨਿ ਹਰਿ ਜਪੈ, ਸਫਲੁ ਜਨਮੁ ਪਰਵਾਣੁ ॥ ਅੰਤਰਿ ਬਾਹਰਿ ਸਦਾ ਸੰਗਿ, ਕਰਨੈਹਾਰੁ ਪਛਾਣੁ ॥ ਸੋ ਸਾਜਨੁ ਸੋ ਸਖਾ ਮੀਤੁ ,ਜੋ ਹਰਿ ਕੀ ਮਤਿ ਦੇਇ ॥ ਨਾਨਕ ਤਿਸੁ ਬਲਿਹਾਰਣੈ, ਹਰਿ ਹਰਿ ਨਾਮੁ ਜਪੇਇ ॥੭॥ ਸੱਤਵੀਂ (ਥਿਤ ਦੁਆਰਾ ਉਪਦੇਸ਼ ਦੇਂਦੇ ਹਨ ਕਿ ਹੇ ਭਾਈ!) ਨਾਮ ਦਾ ਧਨ ਇੱਕਠਾ ਕਰੋ, (ਖਰਚਣ ਨਾਲ ਇਸ ਧਨ ਦੇ) ਭੰਡਾਰ ਟੁੱਟ ਨਹੀਂ ਜਾਂਦੇ। ਸੰਤਾਂ ਦੀ ਸੰਗਤ ਵਿਚੋਂ (ਇਹ ਧਨ) ਪਾਈਦਾ ਹੈ, (ਜਿਸ ਦਾ) ਨਾ ਅੰਤ ਹੈ ਤੇ ਨਾ ਉਰਾਰ ਹੈ ਤੇ ਨਾ ਪਾਰ ਹੈ। (ਸੰਤ ਸਭਾ ਵਿਚ) ਆਪਾ ਭਾਵ ਛਡ ਦਿਓ ਤੇ ਗੋਬਿੰਦ ਦਾ ਭਜਨ ਕਰੋ ਅਤੇ ਹਰੀ ਰਾਜੇ ਦੀ ਸ਼ਰਨ ਵਿਚ ਪਏ ਰਹੋ। (ਉਹ ਮਨੁੱਖ ਅਪਣੇ) ਦੁਖ ਦੂਰ ਕਰ ਲੈਂਦਾ ਹੈ, ਭਵਜਲ ਨੂੰ ਤਰ ਜਾਂਦਾ ਹੈ ਅਤੇ ਮਨ ਚਿਤਵੇ ਫਲ ਪਾ ਲੈਂਦਾ ਹੈ। (ਜੋ ਮਨੁੱਖ) ਅੱਠੇ ਪਹਿਰ ਮਨ ਵਿਚ ਹਰੀ ਨੂੰ ਜਪਦਾ ਹੈ, (ਉਸਦਾ ਮਨੁੱਖ) ਜਨਮ ਸਫਲ ਹੁੰਦਾ ਹੈ ਤੇ (ਉਹ ਰੱਬ ਦੀ ਹਜੂਰੀ ਵਿਚ) ਪ੍ਰਵਾਨ ਹੁੰਦਾ ਹੈ। (ਉਹ) ਕਰਨਹਾਰ ਪ੍ਰਭੂ ਨੂੰ ਪਛਾਣ ਲੈਂਦਾ ਹੈ (ਜੋ ਮਨੁੱਖ ਦੇ) ਅੰਦਰ ਤੇ ਬਾਹਰ ਸਦਾ ਨਾਲ ਹੈ। (ਅਸਲੀ) ਸੱਜਣ ਉਹ ਹੈ, ਸਾਥੀ ਵੀ ਉਹ ਹੈ ਤੇ ਮਿਤ੍ਰ ਵੀ ਉਹ ਹੀ ਹੈ, ਜੋ ਹਰੀ (ਦਾ ਨਾਮ ਜਪਣ) ਦੀ ਸਿਖਿਆ ਦੇਂਦਾ ਹੈ। ਨਾਨਕ ਉਸ ਪੁਰਖ ਤੋਂ ਬਲਹਾਰ ਜਾਂਦਾ ਹੈ, (ਜਿਹੜਾ) ਹਰਿ ਹਰਿ ਨਾਮ ਜਪਦਾ ਹੈ।੭।

ਪਦਾਰਥ = ਸਪਤਮਿ–ਸਪਤਮੀ ਤਿਥ। ਸੰਚਹੁ–ਕੱਠਾ ਕਰੋ। ਟੂਟਿ ਨ ਜਾਹਿ–ਮੁੱਕ ਨਹੀਂ ਜਾਂਦੇ। ਪਾਰਾਵਾਰ–ਉਰਲਾ ਤੇ ਪਰਲਾ ਕੰਢਾ। ਆਪੁ–ਆਪਾ ਭਾਵ; ਹੰਕਾਰ। ਤਜਹੁ–ਛਡੋ। ਭਜਹੁ–ਭਜੋ; ਸਿਮਰੋ। ਪਰਹੁ–ਪਏ ਰਹੋ। ਹਰਿ ਰਾਇ–ਹਰੀ ਰਾਜਾ। ਹਰੈ–ਦੂਰ ਕਰਦਾ ਹੈ। ਭਵਜਲੁ–ਸੰਸਾਰ ਸਾਗਰ। ਚਿੰਦਿਆ–ਸੋਚਿਆ। ਸੰਗਿ–ਨਾਲ। ਸੋ–ਉਹ। ਸਖਾ–ਸਾਥੀ। ਮਤਿ–ਸਿੱਖਿਆ। ਜਪੇਇ–ਜਪਦਾ ਹੈ।੭।

ਸਲੋਕੁ ॥ ਆਠ ਪਹਰ ਗੁਨ ਗਾਈਅਹਿ, ਤਜੀਅਹਿ ਅਵਰਿ ਜੰਜਾਲ ॥ ਜਮ ਕੰਕਰੁ ਜੋਹਿ ਨ ਸਕਈ, ਨਾਨਕ ਪ੍ਰਭੂ ਦਇਆਲ ॥੮॥ (ਹੇ ਭਾਈ! ਜੇ) ਅੱਠੇ ਪਹਿਰ ਪ੍ਰਭੂ ਦੇ ਗੁਣ ਗਾਏ ਜਾਣ ਤੇ ਹੋਰ ਸਾਰੇ ਜੰਜਾਲ ਛੱਡੇ ਜਾਣ। ਹੇ ਨਾਨਕ! (ਗੁਣ ਗਾਉਣ ਤੇ ਜੰਜਾਲ

ਛਡਣ ਨਾਲ) ਪ੍ਰਭੂ ਦਿਆਲ ਹੁੰਦਾ ਹੈ, (ਫਿਰ ਮਨੁੱਖ ਵੱਲ) ਜਮਾਂ ਦੇ ਦੂਤ ਦੇਖ ਵੀ ਨਹੀਂ ਸਕਦੇ।੮।

ਪਦਾਰਥ = ਗਾਈਅਹਿ–ਗਾਏ ਜਾਣ।ਤਜੀਅਹਿ–ਛਡੇ ਜਾਣ।ਅਵਰਿ–ਹੋਰ।ਜੰਜਾਲ–ਬੰਧਨ।ਜਮ ਕੰਕਰ–(ਕਿੰਕਰ–ਨੌਕਰ) ਜਮ ਦੂਤ।ਜੋਹਿ ਨ ਸਕਈ–ਦੇਖ ਨਹੀਂ ਸਕਦਾ।੮।

ਪਉੜੀ ॥ ਅਸਟਮੀ ਅਸਟ ਸਿਧਿ ਨਵ ਨਿਧਿ ॥ ਸਗਲ ਪਦਾਰਥ ਪੂਰਨ ਬੁਧਿ ॥ ਕਵਲ ਪ੍ਰਗਾਸ ਸਦਾ ਆਨੰਦ ॥ ਨਿਰਮਲ ਰੀਤਿ ਨਿਰੋਧਰ ਮੰਤ ॥ ਸਗਲ ਧਰਮ ਪਵਿਤ੍ਰ ਇਸਨਾਨੁ ॥ ਸਭ ਮਹਿ ਊਚ ਬਿਸੇਖ ਗਿਆਨੁ ॥ ਹਰਿ ਹਰਿ ਭਜਨੁ ਪੂਰੇ ਗੁਰ ਸੰਗਿ ॥ ਜਪਿ ਤਰੀਐ ਨਾਨਕ ਨਾਮ ਹਰਿ ਰੰਗਿ ॥੮॥ ਅਸਟਮੀ (ਥਿਤ ਦਾ ਉਪਦੇਸ਼ ਹੈ ਕਿ) ਅੱਠ ਸਿਧੀਆਂ, ਨੌਂ ਨਿਧੀਆਂ।ਸਾਰੇ ਪਦਾਰਥ ਤੇ ਪੂਰਨ ਬੁਧੀ।ਹਿਰਦੇ ਕਮਲ ਦਾ ਖੇੜਾ ਤੇ ਸਦੀਵੀ ਅਨੰਦ।ਪਵਿਤ੍ਰ ਮਰਿਆਦਾ ਤੇ ਅਚੱਲ ਮੰਤ੍ਰ।ਸਾਰੇ ਧਰਮ ਤੇ ਪਵਿਤ੍ਰ ਇਸ਼ਨਾਨ।ਸਭ ਵਿਚ ਉਚਾ ਹੋਣਾ ਤੇ ਵਿਸ਼ੇਸ਼ ਗਿਆਨ।(ਇਹ ਸਾਰੇ ਪਦਾਰਥ ਉਸ ਨੂੰ ਮਿਲਦੇ ਹਨ, ਜੋ) ਪੂਰੇ ਗੁਰੂ ਨਾਲ ਮਿਲ ਕੇ ਹਰਿ ਹਰਿ ਨਾਮ ਦਾ ਭਜਨ ਕਰਦਾ ਹੈ।ਹੇ ਨਾਨਕ! ਪ੍ਰੇਮ ਨਾਲ ਹਰੀ ਦਾ ਨਾਮ ਜਪ ਕੇ ਭਵਜਲ ਨੂੰ ਤਰ ਜਾਈਦਾ ਹੈ।੮।

ਪਦਾਰਥ = ਅਸਟ–ਅੱਠ।ਸਿਧਿ–ਕਰਾਮਾਤੀ ਸ਼ਕਤੀਆਂ।ਨਵ ਨਿਧਿ–(ਦੁਨੀਆਂ ਦੇ) ਸਾਰੇ ਖਜਾਨੇ।ਸਗਲ–ਸਾਰੇ।ਬੁਧਿ–ਅਕਲ। ਕਵਲ–ਹਿਰਦਾ।ਪ੍ਰਗਾਸ–ਖੇੜਾ।ਰੀਤਿ–ਮਰਿਆਦਾ।ਨਿਰੋਧਰ–ਅਚੂਕ; ਜਿਸਦਾ ਅਸਰ ਰੋਕਿਆ ਨ ਜਾ ਸਕੇ।ਮੰਤ–ਮੰਤ੍ਰ।ਬਿਸੇਖ–ਵਿਸ਼ੇਸ਼; ਉਚੇਚਾ।ਸੰਗਿ–ਨਾਲ।ਰੰਗਿ–ਪ੍ਰੇਮ ਨਾਲ।੮।

ਸਲੋਕੁ ॥ ਨਾਰਾਇਣੁ ਨਹ ਸਿਮਰਿਓ, ਮੋਹਿਓ ਸੁਆਦ ਬਿਕਾਰ ॥ ਨਾਨਕ ਨਾਮਿ ਬਿਸਾਰਿਐ, ਨਰਕ ਸੁਰਗ ਅਵਤਾਰ ॥੯॥ (ਜਿਸ ਮਨੁੱਖ ਨੇ) ਵਾਹਿਗੁਰੂ ਨੂੰ ਨਹੀਂ ਸਿਮਰਿਆ ਤੇ ਵਿਸ਼ੇ ਵਿਕਾਰਾਂ ਦੇ ਸੁਆਦਾਂ ਵਿਚ ਮੋਹਿਆ ਰਿਹਾ ਹੈ।ਨਾਨਕ ਗੁਰੂ ਜੀ ਆਖਦੇ ਹਨ ਕਿ ਨਾਮ ਨੂੰ ਭੁਲਣ ਕਰਕੇ ਨਰਕਾਂ ਸੁਰਗਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ।੯।

ਪਦਾਰਥ = ਮੋਹਿਓ–ਬੇਹੋਸ਼ ਹੋਇਆ।ਬਿਕਾਰ–ਵਿਸ਼ੇ ਵਿਕਾਰ।ਬਿਸਾਰਿਐ–ਭੁਲਣ ਕਰਕੇ।ਅਵਤਾਰ–ਆਉਂਦਾ ਜਾਂਦਾ ਹੈ।੯।

ਪਉੜੀ ॥ ਨਉਮੀ ਨਵੇ ਛਿਦ੍ਰ ਅਪਵੀਤ ॥ ਹਰਿ ਨਾਮੁ ਨ ਜਪਹਿ ਕਰਤ ਬਿਪਰੀਤਿ ॥ ਪਰ ਤ੍ਰਿਅ ਰਮਹਿ ਬਕਹਿ ਸਾਧ ਨਿੰਦ ॥ ਕਰਨ ਨ ਸੁਨਹੀ ਹਰਿ ਜਸੁ ਬਿੰਦ ॥ ਹਿਰਹਿ ਪਰ ਦਰਬੁ ਉਦਰ ਕੈ ਤਾਈ ॥ ਅਗਨਿ ਨ ਨਿਵਰੈ ਤ੍ਰਿਸਨਾ ਨ ਬੁਝਾਈ ॥ ਹਰਿ ਸੇਵਾ ਬਿਨੁ ਏਹ ਫਲ ਲਾਗੇ ॥ ਨਾਨਕ ਪ੍ਰਭ ਬਿਸਰਤ ਮਰਿ ਜਮਹਿ ਅਭਾਗੇ ॥੯॥ ਨੌਮੀ (ਤਿਥ ਦਾ ਉਪਦੇਸ਼ ਹੈ ਕਿ ਸਰੀਰ ਦੇ) ਨੌਂ ਹੀ ਛੇਕ ਅਪਵਿਤ੍ਰ ਹਨ।(ਕਿਉਂਕਿ ਲੋਕ) ਹਰੀ ਦਾ ਨਾਮ ਨਹੀਂ ਜਪਦੇ (ਤੇ ਮਨਮੁੱਖਾਂ ਵਾਲੇ) ਉਲਟੇ ਕੰਮ ਕਰਦੇ ਹਨ।ਪਰਾਈ ਇਸਤ੍ਰੀਆਂ ਨੂੰ ਭੋਗਦੇ ਹਨ ਤੇ ਸਾਧੂਆਂ ਦੀ ਨਿੰਦਾ ਬਕਦੇ ਹਨ।ਕੰਨਾਂ ਨਾਲ ਹਰੀ ਦਾ ਜਸ ਥੋੜਾ ਜਿਹਾ ਸਮਾਂ ਵੀ ਨਹੀਂ ਸੁਣਦੇ।(ਅਪਣਾ) ਪੇਟ ਭਰਨ ਦੀ ਖਾਤਰ ਪਰਾਇਆ ਧਨ ਚੁਰਾਉਂਦੇ ਹਨ।(ਉਨ੍ਹਾਂ ਦੇ ਲੋਭ ਦੀ) ਅੱਗ ਦੂਰ ਨਹੀਂ ਹੁੰਦੀ ਤੇ ਨਾ ਹੀ (ਸੰਤੋਖ ਰੂਪ ਜਲ ਪਾ ਕੇ ਉਨ੍ਹਾਂ ਨੇ) ਤ੍ਰਿਸ਼ਨਾ ਬੁਝਾਈ ਹੈ।ਹਰੀ ਦੀ ਸੇਵਾ ਬਿਨਾ ਇਹ ਫਲ ਲੱਗਦੇ ਹਨ।ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੇ ਭੁਲਣ ਕਰਕੇ ਅਭਾਗੇ ਲੋਕ ਮਰ ਕੇ ਜੰਮਦੇ ਹਨ (ਆਵਾਗਵਨ ਵਿਚ ਪਏ ਰਹਿੰਦੇ ਹਨ)।੯।

ਪਦਾਰਥ = ਨਉਮੀ–ਨੌਮੀ ਥਿਤ।ਨਵੇ–ਨੌਂ ਹੀ।ਛਿਦ੍ਰ–ਛੇਕ (ਮੂੰਹ ਨੱਕ ਕੰਨ ਆਦਿਕ)।ਅਪਵੀਤ–ਅਪਵਿਤ੍ਰ; ਗੰਦੇ।ਬਿਪਰੀਤਿ–ਉਲਟੇ ਕੰਮ।ਪਰ–ਪਰਾਈ।ਤ੍ਰਿਅ–ਇਸਤ੍ਰੀਆਂ।ਰਮਹਿ–ਭੋਗਦੇ ਹਨ।ਬਕਹਿ–ਬੋਲਦੇ ਹਨ।ਨਿੰਦ–ਨਿੰਦਿਆ।ਕਰਨ–ਕੰਨਾਂ ਨਾਲ। ਨ ਸੁਨਹੀ–ਨਹੀਂ ਸੁਣਦੇ।ਬਿੰਦ–ਥੋੜਾ ਸਮਾਂ ਵੀ।ਹਿਰਹਿ–ਚੁਰਾਉਂਦੇ ਹਨ।ਦਰਬੁ–ਧਨ।ਉਦਰ–ਪੇਟ।ਕੈ ਤਾਈ–ਦੀ ਖਾਤਰ।ਨਿਵਰੈ –ਦੂਰ ਹੁੰਦੀ ਹੈ।ਬਿਸਰਤ–ਭੁੱਲਣ ਕਰਕੇ।ਮਰਿ–ਮਰ ਕੇ।ਜਮਹਿ–ਜੰਮਦੇ ਹਨ।ਅਭਾਗੇ–ਬਦ ਨਸੀਬ ਲੋਕ।੯।

ਸਲੋਕੁ ॥ ਦਸ ਦਿਸ ਖੋਜਤ ਮੈ ਫਿਰਿਓ, ਜਤ ਦੇਖਉ ਤਤ ਸੋਇ ॥ ਮਨੁ ਬਸਿ ਆਵੈ ਨਾਨਕਾ, ਜੇ ਪੂਰਨ ਕਿਰਪਾ ਹੋਇ ॥੧੦॥ ਮੈਂ ਦਸੇ ਦਿਸ਼ਾਵਾਂ ਵਿਚ (ਮਨ ਨੂੰ ਵਸ ਕਰਨ ਦੇ ਸਾਧਨ) ਖੋਜਦਾ ਫਿਰਿਆ ਹਾਂ, ਜਿਥੇ ਵੀ ਦੇਖਦਾ ਹਾਂ, ਉਥੇ (ਮਨ ਦਾ ਸੁਭਾਵ) ਉਹੋ ਜਿਹਾ ਹੀ ਹੁੰਦਾ ਹੈ (ਸੰ.ਸ.; ਫ;.ਸ.; ਸੰ.ਪੋ.); ਦਸੇ ਪਾਸੇ ਮੈਂ ਪ੍ਰਭੂ ਨੂੰ ਲਭਦਾ ਫਿਰਿਆ ਹਾਂ, ਜਿਧਰ ਮੈਂ ਦੇਖਦਾ ਹਾਂ ਉਧਰ ਉਹ ਹੀ ਹੈ (ਦਰਪਣ; ਨਿਰਣੈ)।ਨਾਨਕ ਗੁਰੂ ਜੀ ਆਖਦੇ ਹਨ ਕਿ ਮਨ ਤਾਂ ਵਸ ਵਿਚ ਆਉਂਦਾ ਹੈ ਜੇ ਪ੍ਰਭੂ ਦੀ ਪੂਰਨ ਕ੍ਰਿਪਾ ਹੋਵੇ।੧੦।

ਪਦਾਰਥ = ਦਸ ਦਿਸ–ਦਸੇ ਦਿਸ਼ਾਂ ਵਿਚ।ਜਤ–ਜਿਥੇ।ਤਤ–ਉਥੇ।ਸੋਇ–ਉਹ (ਪ੍ਰਭੂ ਹੀ)।ਬਸਿ–ਕਾਬੂ ਵਿਚ।੧੦।

ਪਉੜੀ ॥ ਦਸਮੀ ਦਸ ਦੁਆਰ ਬਸਿ ਕੀਨੇ ॥ ਮਨਿ ਸੰਤੋਖੁ ਨਾਮ ਜਪਿ ਲੀਨੇ ॥ ਕਰਨੀ ਸੁਨੀਐ ਜਸੁ ਗੋਪਾਲ ॥ ਨੈਨੀ ਪੇਖਤ ਸਾਧ ਦਇਆਲ ॥ (ਮਨ ਨੂੰ ਵਸ ਕਰਨ ਦਾ ਤਰੀਕਾ)।ਦਸਮੀ (ਤਿਥ ਦਾ ਉਪਦੇਸ਼ ਹੈ ਕਿ ਜਿਸ ਮਨੁੱਖ ਨੇ) ਦਸੇ ਦੁਆਰ (ਇੰਦ੍ਰੇ) ਵਸ ਵਿਚ ਕਰ ਲਏ ਹਨ।ਅਤੇ ਵਾਹਿਗੁਰੂ ਦਾ ਨਾਮ ਜਪ ਲਿਆ ਹੈ ਤੇ ਮਨ ਵਿਚ ਸੰਤੋਖ ਹੋ ਗਿਆ ਹੈ।(ਅਤੇ) ਕੰਨਾਂ ਨਾਲ ਵਾਹਿਗੁਰੂ ਦਾ ਜਸ ਸੁਣੀਦਾ ਹੈ।ਅੱਖਾਂ ਨਾਲ ਦਇਆ ਕਰਨ ਵਾਲੇ ਸਾਧੂ ਗੁਰੂ ਦਾ ਦਰਸ਼ਨ ਦੇਖਦਾ ਹੈ।

All Rights Reserved by Harjinder Singh Gyani | www.GuruGranthVakhyaan.org

ਅੰਗ ੨੯੯ = ਰਸਨਾ ਗੁਨ ਗਾਵੈ ਬੇਅੰਤ ॥ ਮਨ ਮਹਿ ਚਿਤਵੈ ਪੂਰਨ ਭਗਵੰਤ ॥ ਹਸਤ ਚਰਨ ਸੰਤ ਟਹਲ ਕਮਾਈਐ ॥ ਨਾਨਕ ਇਹੁ ਸੰਜਮੁ ਪ੍ਰਭ ਕਿਰਪਾ ਪਾਈਐ ॥੧੦॥ (ਜੋ ਮਨੁੱਖ) ਜੀਭ ਨਾਲ ਬੇਅੰਤ ਪ੍ਰਭੂ ਦੇ ਗੁਣ ਗਾਉਂਦਾ ਹੈ। ਮਨ ਵਿਚ ਪੂਰਨ ਵਾਹਿਗੁਰੂ ਦਾ ਧਿਆਨ ਕਰਦਾ ਹੈ। ਹੱਥਾਂ ਨਾਲ ਸੰਤਾਂ ਦੀ ਟਹਲ ਕਰਨੀ ਚਾਹੀਦੀ ਹੈ ਤੇ ਪੈਰਾਂ ਨਾਲ ਸਾਧ ਸੰਗ ਵਿਚ ਜਾਣਾ ਚਾਹੀਦਾ ਹੈ। ਨਾਨਕ ਗੁਰੂ ਜੀ ਆਖਦੇ ਹਨ ਇਹ ਤਰੀਕਾ ਹੈ (ਮਨ ਵਸ ਕਰਨ ਦਾ, ਪਰ ਇਹ) ਪ੍ਰਭੂ ਦੀ ਕ੍ਰਿਪਾ ਨਾਲ ਪਾਈਦਾ ਹੈ।੧੦।

ਪਦਾਰਥ = ਦਸ ਦੁਆਰ–ਦਸ ਇੰਦ੍ਰੇ (ਦੋ ਅੱਖਾਂ, ਦੋ ਕੰਨ, ਦੋ ਨੱਕ, ਮੂੰਹ, ਲਿੰਗ, ਗੁਦਾ ਤੇ ਦਿਮਾਗ)। ਕੀਨੇ–ਕੀਤੇ। ਮਨਿ–ਮਨ ਵਿਚ। ਕਰਨੀ–ਕੰਨਾਂ ਨਾਲ। ਨੈਨੀ–ਅੱਖਾਂ ਨਾਲ। ਪੇਖਤ–ਦੇਖਦਾ ਹੈ। ਰਸਨਾ–ਜੀਭ ਨਾਲ। ਚਿਤਵੈ–ਧਿਆਨ ਕਰਦਾ ਹੈ। ਹਸਤ–ਹੱਥਾਂ ਨਾਲ। ਚਰਨ–ਪੈਰਾਂ ਨਾਲ। ਟਹਲ–ਸੇਵਾ। ਸੰਜਮੁ–ਤਰੀਕਾ; ਜੀਵਨ ਜੁਗਤੀ।੧੦।

ਸਲੋਕੁ ॥ ਏਕੋ ਏਕੁ ਬਖਾਨੀਐ, ਬਿਰਲਾ ਜਾਣੈ ਸ੍ਵਾਦੁ ॥ ਗੁਣ ਗੋਬਿੰਦ ਨ ਜਾਣੀਐ, ਨਾਨਕ ਸਭੁ ਬਿਸਮਾਦੁ ॥੧੧॥ (ਹੇ ਭਾਈ! ਲੋਕਾਂ ਵੱਲੋਂ) ਆਖਿਆ ਜਾਂਦਾ ਹੈ ਕਿ ਇਕੋ ਇਕ ਪ੍ਰਭੂ ਹੈ, (ਪਰ ਉਸ ਇਕ ਪ੍ਰਭੂ ਦੇ ਅਨੁਭਵ ਦਾ) ਸੁਆਦ ਕੋਈ ਬਿਰਲਾ ਮਨੁੱਖ ਹੀ ਜਾਣਦਾ ਹੈ। ਹੇ ਨਾਨਕ! ਗੋਬਿੰਦ ਦੇ ਗੁਣ ਜਾਣੇ ਨਹੀਂ ਜਾ ਸਕਦੇ, (ਇਸ ਕਰਕੇ) ਸਭ ਨੂੰ ਹੈਰਾਨ ਹੋਣਾ ਪੈਂਦਾ ਹੈ (ਰੱਬ ਨੂੰ ਪੂਰਨ ਤੌਰ ਤੇ ਜਾਣਨਾ ਅਸੰਭਵ ਹੈ, ਪਰ ਰਸ ਮਾਣਿਆ ਜਾ ਸਕਦਾ ਹੈ, ਰਸ ਮਾਨਣ ਵਾਲੇ ਸਭ ਬਿਸਮਾਦ ਹੋ ਜਾਂਦੇ ਹਨ)।੧੧।

ਪਦਾਰਥ = ਏਕੋ ਏਕੁ–ਇਕੋ ਇਕ ਪ੍ਰਭੂ। ਬਖਾਨੀਐ–ਆਖੀਦਾ ਹੈ। ਸ੍ਵਾਦ–ਅਨੰਦ। ਬਿਸਮਾਦੁ–ਹੈਰਾਨ।੧੧।

ਪਉੜੀ ॥ ਏਕਾਦਸੀ ਨਿਕਟਿ ਪੇਖਹੁ ਹਰਿ ਰਾਮੁ ॥ ਇੰਦ੍ਰੀ ਬਸਿ ਕਰਿ ਸੁਣਹੁ ਹਰਿ ਨਾਮੁ ॥ ਮਨਿ ਸੰਤੋਖੁ ਸਰਬ ਜੀਅ ਦਇਆ ॥ ਇਨ ਬਿਧਿ ਬਰਤੁ ਸੰਪੂਰਨ ਭਇਆ ॥ ਧਾਵਤ ਮਨੁ ਰਾਖੈ ਇਕ ਠਾਇ ॥ ਮਨੁ ਤਨੁ ਸੁਧੁ ਜਪਤ ਹਰਿ ਨਾਇ ॥ ਸਭ ਮਹਿ ਪੂਰਿ ਰਹੇ ਪਾਰਬ੍ਰਹਮ ॥ ਨਾਨਕ ਹਰਿ ਕੀਰਤਨੁ ਕਰਿ, ਅਟਲ ਏਹੁ ਧਰਮ ॥੧੧॥ ਇਕਾਦਸੀ (ਥਿਤ ਦਾ ਉਪਦੇਸ ਹੈ ਕਿ ਸਾਰੇ) ਰਮੇ ਹੋਏ ਹਰੀ ਨੂੰ ਨੇੜੇ ਦੇਖੋ (ਇਸ ਤਰ੍ਹਾਂ ਦਾ ਵਰਤ ਰੱਖੋ)। ਇੰਦ੍ਰੀਆਂ ਨੂੰ ਵਸ ਵਿਚ ਕਰਕੇ ਹਰੀ ਦਾ ਨਾਮ ਸੁਣੋ (ਅੱਖਾਂ ਨੂੰ ਪਰਾਇਆ ਰੂਪ ਦੇਖਣ ਤੋਂ, ਕੰਨਾਂ ਨੂੰ ਪਰਾਈ ਨਿੰਦਿਆ ਸੁਣਨ ਤੋਂ, ਪੈਰਾਂ ਨੂੰ ਕੁਸੰਗਤ ਵਿਚ ਜਾਣ ਤੋਂ, ਹੱਥਾਂ ਨੂੰ ਬੁਰੇ ਕੰਮ ਕਰਨ ਤੋਂ ਰੋਕ ਕੇ ਰੱਖੋ)। ਮਨ ਵਿਚ ਸੰਤੋਖ ਰੱਖੋ ਤੇ ਸਾਰੇ ਜੀਵਾਂ ਉਪਰ ਦਇਆ ਕਰੋ। ਇਸ ਤਰੀਕੇ ਨਾਲ (ਰੱਖਿਆ ਇਕਾਦਸੀ ਦਾ ਵਰਤ ਸਮਝੋ) ਸੰਪੂਰਨ ਹੋ ਗਿਆ। (ਜੋ ਮਨੁੱਖ) ਦੌੜਦੇ ਮਨ ਨੂੰ ਇਕ ਥਾਂ ਟਿਕਾ ਕੇ ਰਖਦਾ ਹੈ। ਹਰੀ ਦਾ ਨਾਮ ਜਪਦਿਆਂ (ਉਸ ਦਾ) ਮਨ ਤਨ ਪਵਿਤ੍ਰ ਹੋ ਜਾਂਦਾ ਹੈ। ਨਾਨਕ ਗੁਰੂ ਜੀ ਆਖਦੇ ਹਨ (ਕਿ ਹੇ ਭਾਈ! ਜਿਹੜਾ) ਪਾਰਬ੍ਰਹਮ ਸਭ ਵਿਚ ਪੂਰਨ ਹੋ ਰਿਹਾ ਹੈ, (ਵਰਤ ਆਦਿ ਛਡ ਕੇ ਉਸਦਾ) ਕੀਰਤਨ ਕਰ, ਇਹੋ ਹੀ ਅਟੱਲ ਧਰਮ ਹੈ।੧੧।

ਪਦਾਰਥ = ਏਕਾਦਸੀ–ਗਿਆਰਵੀਂ ਥਿਤ। ਨਿਕਟਿ–ਨੇੜੇ। ਪੇਖਹੁ–ਦੇਖੋ। ਬਸਿ ਕਰਿ–ਕਾਬੂ ਕਰਕੇ। ਸਰਬ ਜੀਅ–ਸਾਰੇ ਜੀਵਾਂ ਉਤੇ। ਇਨ ਬਿਧਿ–ਇਸ ਤਰੀਕੇ ਨਾਲ। ਭਇਆ–ਹੋਇਆ। ਧਾਵਤ–ਦੌੜਦਾ। ਇਕ ਠਾਇ–ਇਕ ਟਿਕਾਣੇ ਤੇ। ਸੁਧੁ–ਪਵਿਤ੍ਰ। ਹਰਿ ਨਾਇ –ਹਰੀ ਦਾ ਨਾਮ। ਪੂਰਿ ਰਹੇ–ਪੂਰਨ (ਵਿਆਪਕ) ਹੋ ਰਿਹਾ ਹੈ। ਅਟਲ–ਸਦਾ ਕਾਇਮ ਰਹਿਣ ਵਾਲਾ।੧੧।

ਸਲੋਕੁ ॥ ਦੁਰਮਤਿ ਹਰੀ ਸੇਵਾ ਕਰੀ, ਭੇਟੇ ਸਾਧ ਕ੍ਰਿਪਾਲ ॥ ਨਾਨਕ ਪ੍ਰਭ ਸਿਉ ਮਿਲਿ ਰਹੇ, ਬਿਨਸੇ ਸਗਲ ਜੰਜਾਲ ॥੧੨॥ (ਜਦ ਹੇ ਭਾਈ!) ਕ੍ਰਿਪਾਲੂ ਸਾਧੂ ਗੁਰੂ ਜੀ ਮਿਲੇ, (ਤੇ ਉਨ੍ਹਾਂ ਦੀ) ਸੇਵਾ ਕੀਤੀ (ਤਾਂ ਰੱਬ ਤੋਂ ਦੂਰ ਕਰਨ ਵਾਲੀ) ਖੋਟੀ ਬੁੱਧੀ ਦੂਰ ਹੋ ਗਈ। ਨਾਨਕ ਗੁਰੂ ਜੀ ਆਖਦੇ ਹਨ (ਇਸ ਤਰ੍ਹਾਂ) ਸਾਰੇ ਜੰਜਾਲ ਨਾਸ਼ ਹੋ ਗਏ ਅਤੇ (ਹੁਣ) ਪ੍ਰਭੂ ਨਾਲ ਮਿਲੇ ਰਹਿੰਦੇ ਹਾਂ।੧੨।

ਪਦਾਰਥ = ਦੁਰਮਤਿ–ਖੋਟੀ ਬੁੱਧੀ। ਹਰੀ–ਦੂਰ ਹੋਈ। ਭੇਟੇ–ਮਿਲੇ। ਕ੍ਰਿਪਾਲ–ਕ੍ਰਿਪਾ ਦੇ ਘਰ। ਸਿਉ–ਨਾਲ। ਜੰਜਾਲ–ਬੰਧਨ।੧੨।

ਪਉੜੀ ॥ ਦੁਆਦਸੀ ਦਾਨੁ ਨਾਮੁ ਇਸਨਾਨੁ ॥ ਹਰਿ ਕੀ ਭਗਤਿ ਕਰਹੁ ਤਜਿ ਮਾਨੁ ॥ ਹਰਿ ਅੰਮ੍ਰਿਤ ਪਾਨ ਕਰਹੁ ਸਾਧ ਸੰਗਿ ॥ ਮਨ ਤ੍ਰਿਪਤਾਸੈ ਕੀਰਤਨ ਪ੍ਰਭ ਰੰਗਿ ॥ ਕੋਮਲ ਬਾਣੀ ਸਭ ਕਉ ਸੰਤੋਖੈ ॥ ਪੰਚ ਭੂ ਆਤਮਾ ਹਰਿ ਨਾਮ ਰਸਿ ਪੋਖੈ ॥ ਗੁਰ ਪੂਰੇ ਤੇ ਏਹ ਨਿਹਚਉ ਪਾਈਐ ॥ ਨਾਨਕ ਰਾਮ ਰਮਤ ਫਿਰਿ ਜੋਨਿ ਨ ਆਈਐ ॥੧੨॥ ਬਾਰ੍ਹਵੀਂ (ਥਿਤ ਦਾ ਉਪਦੇਸ ਹੈ ਕਿ) ਨਾਮ ਜਪੋ, ਦਾਨ ਕਰੋ (ਵੰਡ ਛਕੋ) ਤੇ ਇਸ਼ਨਾਨ ਕਰੋ (ਤਨ ਮਨ ਨੂੰ ਨਿਰਮਲ ਰੱਖੋ)। ਹੰਕਾਰ ਛਡ ਕੇ ਹਰੀ ਦੀ ਭਗਤੀ ਕਰੋ। ਸਾਧ ਸੰਗਤ ਵਿਚ ਹਰੀ ਦਾ ਨਾਮ ਰੂਪ ਅੰਮ੍ਰਿਤ ਪੀਣਾ ਕਰੋ। ਪ੍ਰੇਮ ਨਾਲ ਪ੍ਰਭੂ ਦਾ ਕੀਰਤਨ ਕੀਤਿਆਂ ਮਨ ਰੱਜ ਜਾਂਦਾ ਹੈ। ਕੋਮਲ ਬਾਣੀ (ਬੋਲੋ ਜੋ) ਸਭ ਨੂੰ ਸੰਤੋਖ ਦਿੰਦੀ (ਪ੍ਰਸੰਨ ਕਰਦੀ) ਹੈ। ਮਨ ਹਰੀ ਦੇ ਨਾਮ ਰਸ ਨਾਲ ਰੱਜ ਜਾਂਦਾ ਹੈ। (ਪਰ) ਇਹ ਨਿਸਚਾ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ ਵਾਹਿਗੁਰੂ ਦਾ ਸਿਮਰਨ ਕਰਦਿਆਂ ਮੁੜ ਜੋਨੀਆਂ ਵਿਚ ਨਹੀਂ ਆਈਦਾ।੧੨।

ਪਦਾਰਥ = ਦੁਆਦਸੀ–ਬਾਰ੍ਹਵੀਂ ਥਿੱਤ। ਤਜਿ–ਛਡ ਕੇ। ਮਾਨੁ–ਹੰਕਾਰ। ਪਾਨ ਕਰਹੁ–ਪੀਵੋ। ਤ੍ਰਿਪਤਾਸੈ–ਰੱਜ ਜਾਂਦਾ ਹੈ। ਰੰਗਿ–ਪ੍ਰੇਮ ਨਾਲ। ਕੋਮਲ ਬਾਣੀ–ਕਠੋਰਤਾ ਰਹਿਤ ਬਚਨ; ਕੂਲੀ (ਮਿੱਠੀ) ਬੋਲੀ। ਕਉ–ਨੂੰ। ਸੰਤੋਖੈ–ਪ੍ਰਸੰਨ ਕਰਦੀ ਹੈ; ਅਨੰਦ ਦੇਂਦੀ ਹੈ। ਪੰਚ

ਭੂ ਆਤਮਾ-ਪੰਜਾਂ ਤੱਤਾਂ ਤੋਂ ਬਣਿਆ ਮਨ। ਰਸਿ-ਰਸ ਨਾਲ। ਪੋਖੈ-(ਹਰੀ ਦੇ ਨਾਮ ਰਸ ਨਾਲ ਮਨ) ਰਿਸ਼ਟ ਪੁਸ਼ਟ ਹੁੰਦਾ ਹੈ; ਰੱਜ ਜਾਂਦਾ ਹੈ। ਤੇ-ਤੋਂ। ਨਿਹਚਉ-ਨਿਸਚਾ। ਰਾਮ-ਵਾਹਿਗੁਰੂ। ਰਮਤ-ਸਿਮਰਦਿਆਂ। ਫਿਰਿ-ਮੁੜ ਕੇ। ਜੋਨਿ-ਜੋਨੀਆਂ ਵਿਚ।੧੨।

ਸਲੋਕੁ ॥ ਤੀਨਿ ਗੁਣਾ ਮਹਿ ਬਿਆਪਿਆ, ਪੂਰਨ ਹੋਤ ਨ ਕਾਮ ॥ ਪਤਿਤ ਉਧਾਰਣੁ ਮਨਿ ਬਸੈ, ਨਾਨਕ ਛੂਟੈ ਨਾਮ ॥੧੩॥ (ਇਹ ਜੀਵ) ਤਿੰਨਾਂ ਗੁਣਾਂ ਵਿਚ ਲੱਗਿਆ ਹੋਇਆ ਹੈ, (ਇਸੇ ਕਰਕੇ ਇਸਦੇ ਪ੍ਰਮਾਰਥ ਦੀ ਪ੍ਰਾਪਤੀ ਦੇ) ਕੰਮ ਪੂਰੇ ਨਹੀਂ ਹੁੰਦੇ (ਕਿਉਂਕਿ ਤਿੰਨੇ ਗੁਣ ਜੀਵ ਨੂੰ ਅਪਣੇ ਅਪਣੇ ਪਾਸੇ ਖਿਚਦੇ ਰਹਿੰਦੇ ਹਨ)। ਨਾਨਕ ਗੁਰੂ ਜੀ ਆਖਦੇ ਹਨ (ਕਿ ਜੇ ਜੀਵ ਦੇ) ਮਨ ਵਿਚ ਪਾਪੀਆਂ ਨੂੰ ਉਧਾਰਨ ਵਾਲਾ ਨਾਮ ਵਸ ਜਾਵੇ ਤਾਂ (ਜੀਵ ਤਿੰਨ ਗੁਣਾਂ ਦੇ ਬੰਧਨਾਂ ਤੋਂ) ਛੁਟ ਜਾਂਦਾ ਹੈ।੧੩।

ਪਦਾਰਥ = ਤੀਨਿ-ਤਿੰਨ (ਰਜੋ ਸਤੋ ਤਮੋ ਗੁਣ)। ਬਿਆਪਿਆ-ਲੱਗਿਆ ਹੋਇਆ। ਹੋਤ ਨ-ਨਹੀਂ ਹੁੰਦਾ। ਕਾਮ-ਕੰਮ; ਕਾਮਨਾ। ਪਤਿਤ-ਪਾਪੀਆਂ ਨੂੰ। ਉਧਾਰਣ-ਤਾਰਨ ਵਾਲਾ। ਛੂਟੈ-ਮੁਕਤ ਹੁੰਦਾ ਹੈ।੧੩।

ਪਉੜੀ ॥ ਤ੍ਰਉਦਸੀ ਤੀਨਿ ਤਾਪ ਸੰਸਾਰ ॥ ਆਵਤ ਜਾਤ ਨਰਕ ਅਵਤਾਰ ॥ ਹਰਿ ਹਰਿ ਭਜਨੁ ਨ ਮਨ ਮਹਿ ਆਇਓ ॥ ਸੁਖ ਸਾਗਰ ਪ੍ਰਭੁ ਨਿਮਖ ਨ ਗਾਇਓ ॥ ਹਰਖ ਸੋਗ ਕਾ ਦੇਹ ਕਰਿ ਬਾਧਿਓ ॥ ਦੀਰਘ ਰੋਗੁ ਮਾਇਆ ਆਸਾਧਿਓ ॥ ਦਿਨਹਿ ਬਿਕਾਰ ਕਰਤ ਸ੍ਰਮੁ ਪਾਇਓ ॥ ਨੈਨੀ ਨੀਦ ਸੁਪਨ ਬਰੜਾਇਓ ॥ ਹਰਿ ਬਿਸਰਤ ਹੋਵਤ ਏਹ ਹਾਲ ॥ ਸਰਨਿ ਨਾਨਕ ਪ੍ਰਭ ਪੁਰਖ ਦਇਆਲ ॥੧੩॥ ਤੇਰ੍ਹਵੀਂ (ਤਿੱਥ ਦਾ ਉਪਦੇਸ਼ ਹੈ ਕਿ) ਸੰਸਾਰ ਦੇ ਜੀਵਾਂ ਨੂੰ ਤਿੰਨ ਤਰ੍ਹਾਂ ਦੇ ਤਾਪ ਲੱਗੇ ਹੋਏ ਹਨ। (ਇਸ ਲਈ ਜੀਵ) ਜਨਮ ਲੈ ਕੇ ਨਰਕਾਂ ਸੁਰਗਾਂ ਵਿਚ ਆਉਂਦਾ ਜਾਂਦਾ ਰਹਿੰਦਾ ਹੈ। (ਕਿਉਂਕਿ ਇਸ ਦੇ) ਮਨ ਵਿਚ ਹਰਿ ਹਰਿ ਨਾਮ ਦਾ ਭਜਨ ਨਹੀਂ ਆਇਆ। ਤੇ ਨਾ ਹੀ ਸੁੱਖਾਂ ਦੇ ਸਾਗਰ ਪ੍ਰਭੂ (ਦੇ ਜਸ) ਨੂੰ ਨਿਮਖ ਮਾਤ੍ਰ ਗਾਇਆ ਹੈ। ਸਰੀਰ ਨੂੰ ਖੁਸ਼ੀ ਗਮੀ ਵਿਚ ਬੰਨ੍ਹ ਰਖਿਆ ਹੈ (ਖੁਸ਼ੀ ਗਮੀ ਦਾ ਕੈਦੀ ਬਣਾ ਦਿਤਾ ਹੈ। ਇਸੇ ਲਈ ਇਸ ਨੂੰ) ਮਾਇਆ ਦਾ ਲਾ ਇਲਾਜ ਤੇ ਲੰਬਾ ਰੋਗ ਲੱਗਾ ਹੋਇਆ ਹੈ (ਮਾਇਆ ਕਿਸੇ ਦੀ ਪੂਰੀ ਨਹੀਂ ਹੋਈ)। ਦਿਨ ਵੇਲੇ ਵਿਕਾਰ; ਮਾੜੇ ਕੰਮ ਕਰਦਾ ਥੱਕ ਪੈਂਦਾ ਹੈ। (ਰਾਤ ਨੂੰ) ਅੱਖਾਂ ਵਿਚ ਨੀਂਦ ਆਉਣ ਤੇ ਸੁਪਨੇ ਵਿਚ ਬਰੜਾਉਂਦਾ ਹੈ (ਉਨ੍ਹਾਂ ਬਿਕਾਰਾਂ ਕਰਕੇ ਸੁਪਨੇ ਵਿਚ ਬੋਲਦਾ ਹੈ)। ਹਰੀ ਨੂੰ ਭੁੱਲਣ ਕਰਕੇ ਇਹ ਹਾਲ ਹੁੰਦਾ ਹੈ। ਹੇ ਨਾਨਕ! (ਜੋ ਮਨੁੱਖ) ਦਇਆ ਕਰਨ ਵਾਲੇ ਵਿਆਪਕ ਪ੍ਰਭੂ ਦੀ ਸਰਨ ਵਿਚ ਆ ਜਾਂਦੇ ਹਨ (ਉਨ੍ਹਾਂ ਦੇ ਦੁਖ ਦੂਰ ਹੋ ਜਾਂਦੇ ਹਨ)।੧੩।

ਪਦਾਰਥ = ਤ੍ਰਉਦਸੀ-ਤੇਰ੍ਹਵੀਂ ਤਿਥ। ਤੀਨਿ ਤਾਪ-ਆਧਿ ਬਿਆਧਿ ਤੇ ਉਪਾਧਿ ਰੋਗ। ਅਵਤਾਰ-ਜਨਮ। ਸੁਖ ਸਾਗਰ-ਸੁੱਖਾਂ ਦਾ ਸਾਗਰ। ਨਿਮਖ-ਅੱਖ ਝਮਕਣ ਜਿੰਨਾ ਸਮਾਂ। ਹਰਖ-ਖੁਸ਼ੀ। ਸੋਗ-ਗਮੀ। ਦੇਹ-ਸਰੀਰ। ਕਰਿ ਬਾਧਿਓ-ਬੰਨ੍ਹ ਰੱਖਿਆ ਹੈ। ਦੀਰਘ ਰੋਗ -ਪੁਰਾਣਾ ਰੋਗ। ਆਸਾਧਿਓ-ਲਾ ਇਲਾਜ; ਠੀਕ ਨਾ ਹੋਣ ਵਾਲਾ। ਦਿਨਹਿ-ਦਿਨ ਵੇਲੇ। ਸ੍ਰਮੁ-ਥਕੇਵਾਂ। ਨੈਨੀ-ਅੱਖਾਂ ਵਿਚ। ਬਰੜਾਇਓ -ਸੁਤਾ ਪਿਆ ਨੀਂਦ ਵਿਚ ਬੋਲਦਾ ਹੈ। ਹੋਵਤ-ਹੁੰਦਾ ਹੈ। ਹਾਲ-ਹਾਲਤ; ਦਸ਼ਾ। ਪੁਰਖ-ਸਰਬ ਬਿਆਪਕ।੧੩।

ਸਲੋਕੁ ॥ ਚਾਰਿ ਕੁੰਟ ਚਉਦਹ ਭਵਨ, ਸਗਲ ਬਿਆਪਤ ਰਾਮ ॥ ਨਾਨਕ ਊਨ ਨ ਦੇਖੀਐ, ਪੂਰਨ ਤਾ ਕੇ ਕਾਮ ॥੧੪॥ ਚਾਰੇ ਕੁੰਟਾਂ ਤੇ ਚੌਦਾਂ ਭਵਨਾਂ ਵਿਚ ਸਾਰਿਆਂ ਵਿਚ ਰਾਮ ਵਿਆਪਕ ਹੈ। ਹੇ ਨਾਨਕ! (ਪ੍ਰਭੂ ਕਿਤੇ ਵੀ) ਘਟ ਨਹੀਂ ਦੇਖੀਦਾ (ਸਭ ਜਗ੍ਹਾ ਇਕੋ ਜਿਹਾ ਵਿਆਪਕ ਹੈ), ਉਸ ਦੇ ਸਾਰੇ ਕੰਮ ਪੂਰਨ ਹਨ; ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਨੂੰ ਊਨ ਨਾ ਦੇਖੀਏ (ਜੋ ਮਨੁੱਖ ਸਭ ਜਗ੍ਹਾ ਪ੍ਰਭੂ ਨੂੰ ਪਰੀਪੂਰਨ ਦੇਖਦਾ ਹੈ) ਉਸ ਦੇ ਕੰਮ ਪੂਰਨ ਹੋ ਜਾਂਦੇ ਹਨ (ਸੰਪ੍ਰਦਾਵਾਂ ਨੇ ਇਹ ਅਰਥ ਕੀਤੇ ਹਨ)।੧੪।

ਪਦਾਰਥ = ਚਾਰਿ ਕੁੰਟ-ਚਾਰੇ ਪਾਸੇ। ਚਉਦਹ ਭਵਨ-ਚੌਦਾਂ ਲੋਕ (ਸੱਤ ਪਤਾਲ ਤੇ ਸੱਤ ਅਕਾਸ਼)। ਸਗਲ-ਸਾਰਿਆਂ ਵਿਚ। ਬਿਆਪਤ -ਮੌਜੂਦ। ਰਾਮ-ਵਾਹਿਗੁਰੂ। ਊਨ-ਘੱਟ। ਪੂਰਨ-ਪੂਰੇ; ਸਫਲ। ਤਾ ਕੇ-ਉਸ ਦੇ।੧੪।

ਪਉੜੀ ॥ ਚਉਦਹਿ ਚਾਰਿ ਕੁੰਟ ਪ੍ਰਭ ਆਪ ॥ ਸਗਲ ਭਵਨ ਪੂਰਨ ਪਰਤਾਪ ॥ ਦਸੇ ਦਿਸਾ ਰਵਿਆ ਪ੍ਰਭੁ ਏਕੁ ॥ ਧਰਨਿ ਅਕਾਸ ਸਭ ਮਹਿ ਪ੍ਰਭ ਪੇਖੁ ॥ ਜਲ ਥਲ ਬਨ ਪਰਬਤ ਪਾਤਾਲ ॥ ਪਰਮੇਸ੍ਵਰ ਤਹ ਬਸਹਿ ਦਇਆਲ ॥ ਸੂਖਮ ਅਸਥੂਲ ਸਗਲ ਭਗਵਾਨ ॥ ਨਾਨਕ ਗੁਰਮੁਖਿ ਬ੍ਰਹਮੁ ਪਛਾਨ ॥੧੪॥ ਚੌਦਵੀਂ (ਥਿਤ ਦੁਆਰਾ ਉਪਦੇਸ਼ ਦੇਂਦੇ ਹਨ ਕਿ) ਚਾਰੇ ਪਾਸੇ ਪ੍ਰਭੂ ਆਪ ਹੀ (ਵਿਆਪਕ) ਹੈ। ਸਾਰੇ ਭਵਨਾਂ ਵਿਚ ਉਸਦਾ ਪ੍ਰਤਾਪ ਪੂਰਨ ਹੈ। ਦਸੇ ਦਿਸ਼ਾਵਾਂ ਵਿਚ ਇਕ ਪ੍ਰਭੂ ਰਮਿਆ ਹੋਇਆ ਹੈ। ਧਰਤੀ ਵਿਚ ਅਕਾਸ਼ ਵਿਚ ਸਭ ਵਿਚ ਪ੍ਰਭੂ ਨੂੰ ਦੇਖੋ। ਜਲਾਂ ਥਲਾਂ ਜੰਗਲਾਂ ਪਹਾੜਾਂ ਤੇ ਪਤਾਲਾਂ ਵਿਚ। ਉਥੇ (ਸਭਨਾਂ ਵਿਚ) ਦਿਆਲੂ ਪ੍ਰਮੇਸਰ ਵਸਦਾ ਹੈ। ਸੂਖਮ ਤੇ ਸਥੂਲ ਸਰਬ ਰੂਪ ਭਗਵਾਨ ਹੈ (ਸਥੂਲ ਤੇ ਸੂਖਮ ਸਭ ਵਿਚ ਹਰੀ ਵਸਦਾ ਹੈ)। ਨਾਨਕ ਗੁਰੂ ਜੀ ਫੁਰਮਾਉਂਦੇ ਹਨ ਕਿ (ਕੋਈ) ਗੁਰਮੁਖ ਹੀ ਬ੍ਰਹਮ ਨੂੰ ਪਛਾਣਦਾ ਹੈ।੧੪।

ਪਦਾਰਥ = ਚਉਦਹਿ-ਚੋਦਵੀਂ ਥਿਤ। ਸਗਲ-ਸਾਰੇ। ਭਵਨ-ਲੋਕਾਂ ਵਿਚ। ਪਰਤਾਪ-ਤੇਜ; ਬਲ। ਦਸੇ ਦਿਸਾ-ਦਸੇ ਦਿਸ਼ਾਵਾਂ ਵਿਚ; ਸਾਰੇ ਪਾਸੇ। ਰਵਿਆ-ਰਵਿਆ-ਪਸਰਿਆ ਹੈ। ਧਰਨਿ-ਧਰਤੀ ਵਿਚ। ਪੇਖੁ-ਦੇਖੋ। ਬਨ-ਜੰਗਲਾਂ ਵਿਚ। ਪਰਬਤ-ਪਹਾੜਾਂ ਵਿਚ। ਤਹ-

ਉਥੇ; ਉਨ੍ਹਾਂ ਵਿਚ। ਸੂਖਮ–ਅਦ੍ਰਿਸਟ। ਅਸਥੂਲ–ਦਿਸਦਾ ਸੰਸਾਰ। ਗੁਰਮੁਖਿ–ਗੁਰੂ ਅਨੁਸਾਰੀ ਮਨੁੱਖ। ੧੪।

ਸਲੋਕੁ ॥ ਆਤਮੁ ਜੀਤਾ ਗੁਰਮਤੀ, ਗੁਣ ਗਾਏ ਗੋਬਿੰਦ ॥ ਸੰਤ ਪ੍ਰਸਾਦੀ ਭੈ ਮਿਟੇ, ਨਾਨਕ ਬਿਨਸੀ ਚਿੰਦ ॥੧੫॥ (ਜਿਸ ਪੁਰਖ ਨੇ) ਗੁਰੂ ਦੀ ਸਿਖਿਆ ਨਾਲ ਅਪਣੇ ਮਨ ਨੂੰ ਜਿਤ ਲਿਆ ਹੈ ਤੇ ਗੋਬਿੰਦ ਦੇ ਗੁਣ ਗਾਏ ਹਨ। ਨਾਨਕ ਗੁਰੂ ਜੀ ਆਖਦੇ ਹਨ ਕਿ ਸੰਤ ਗੁਰੂ ਦੀ ਕ੍ਰਿਪਾ ਨਾਲ (ਉਸ ਦੇ ਜਨਮ ਮਰਣ ਦੇ) ਭੈ ਮਿਟ ਗਏ ਹਨ ਤੇ (ਹਰ ਕਿਸਮ ਦੀ) ਚਿੰਤਾ ਵੀ ਨਾਸ਼ ਹੋ ਗਈ ਹੈ। ੧੫।

ਪਦਾਰਥ = ਆਤਮੁ–ਮਨ ਨੂੰ। ਗੁਰਮਤੀ–ਗੁਰੂ ਦੀ ਸਿਖਿਆ ਨਾਲ। ਪ੍ਰਸਾਦੀ–ਕ੍ਰਿਪਾ ਨਾਲ। ਭੈ–ਡਰ। ਚਿੰਦ–ਚਿੰਤਾ। ੧੫।

ਅੰਗ ੩੦੦ = ਪਉੜੀ ॥ ਅਮਾਵਸ ਆਤਮ ਸੁਖੀ ਭਏ, ਸੰਤੋਖੁ ਦੀਆ ਗੁਰਦੇਵ ॥ ਮਨੁ ਤਨੁ ਸੀਤਲੁ ਸਾਂਤਿ ਸਹਜ, ਲਾਗਾ ਪ੍ਰਭ ਕੀ ਸੇਵ ॥ ਟੂਟੇ ਬੰਧਨ ਬਹੁ ਬਿਕਾਰ, ਸਫਲ ਪੂਰਨ ਤਾ ਕੇ ਕਾਮ ॥ ਦੁਰਮਤਿ ਮਿਟੀ ਹਉਮੈ ਛੁਟੀ, ਸਿਮਰਤ ਹਰਿ ਕੋ ਨਾਮ ॥ ਸਰਨਿ ਗਹੀ ਪਾਰਬ੍ਰਹਮ ਕੀ, ਮਿਟਿਆ ਆਵਾ ਗਵਨ ॥ ਆਪਿ ਤਰਿਆ ਕੁਟੰਬ ਸਿਉ ,ਗੁਣ ਗੁਬਿੰਦ ਪ੍ਰਭ ਰਵਨ ॥ ਹਰਿ ਕੀ ਟਹਲ ਕਮਾਵਣੀ, ਜਪੀਐ ਪ੍ਰਭ ਕਾ ਨਾਮੁ ॥ ਗੁਰ ਪੂਰੇ ਤੇ ਪਾਇਆ, ਨਾਨਕ ਸੁਖ ਬਿਸ੍ਰਾਮੁ ॥੧੫॥ ਮੱਸਿਆ (ਦੀ ਤਿੱਥ ਦਾ ਉਪਦੇਸ਼ ਹੈ ਕਿ ਉਸ ਮਨੁੱਖ ਦਾ) ਮਨ ਸੁਖੀ ਹੋ ਗਿਆ ਹੈ, (ਜਿਸ ਨੂੰ) ਗੁਰਦੇਵ ਜੀ ਨੇ ਸੰਤੋਖ ਦਿਤਾ ਹੈ। (ਗੁਰੂ ਦੀ ਕ੍ਰਿਪਾ ਨਾਲ ਉਹ) ਪ੍ਰਭੂ ਦੀ ਸੇਵਾ ਵਿਚ ਲੱਗ ਗਿਆ, (ਜਿਸ ਕਰਕੇ ਉਸ ਦੇ) ਮਨ ਤਨ ਸਹਜੇ ਹੀ ਸ਼ਾਂਤ ਤੇ ਸੀਤਲ ਹੋ ਗਏ। (ਉਸ ਦੇ) ਬਹੁਤ ਵਿਕਾਰ ਤੇ ਬੰਧਨ ਟੁੱਟ ਗਏ ਤੇ ਉਸ ਦੇ ਕੰਮ ਪੂਰੇ ਸਫਲ ਹੋ ਗਏ ਹਨ। ਤੇ ਹਰੀ ਦਾ ਨਾਮ ਸਿਮਰਦਿਆਂ ਖੋਟੀ ਮੱਤ ਮਿਟ ਗਈ ਤੇ ਹਉਮੈ ਵੀ ਛੁਟ ਗਈ। (ਜਿਸ ਮਨੁੱਖ ਨੇ) ਪ੍ਰਭੂ ਦੀ ਸ਼ਰਨ ਫੜ ਲਈ, (ਉਸ ਦਾ) ਆਵਾ ਗਵਨ ਮਿਟ ਗਿਆ। ਗੋਬਿੰਦ ਪ੍ਰਭੂ ਦੇ ਗੁਣ ਗਾਉਣ ਨਾਲ (ਉਹ) ਆਪ ਪ੍ਰਵਾਰ ਸਮੇਤ ਤਰ ਗਿਆ। ਪ੍ਰਭੂ ਦਾ ਨਾਮ ਜਪਣਾ ਚਾਹੀਦਾ ਹੈ, (ਇਹੋ ਹੀ) ਹਰੀ ਦੀ ਟਹਿਲ ਕਮਾਉਣੀ ਹੈ। ਨਾਨਕ ਗੁਰੂ ਜੀ ਆਖਦੇ ਹਨ ਕਿ (ਜਿਸ ਮਨੁੱਖ ਨੇ ਨਾਮ) ਗੁਰੂ ਤੋਂ ਪਾਇਆ ਹੈ, (ਉਸ ਦਾ) ਸੁੱਖਾਂ ਵਿਚ ਟਿਕਾਣਾ ਹੁੰਦਾ ਹੈ। ੧੫।

ਪਦਾਰਥ = ਅਮਾਵਸ–ਮੱਸਿਆ। ਭਏ–ਹੋ ਗਿਆ। ਦੀਆ–ਦਿਤਾ। ਸੀਤਲੁ–ਠੰਢਾ। ਸਹਜ–ਸੁਤੇ ਸਿੱਧ। ਬਹੁ–ਬਹੁਤ। ਤਾ ਕੇ–ਉਸ ਦੇ। ਦੁਰਮਤਿ–ਖੋਟੀ ਮੱਤ। ਗਹੀ–ਫੜੀ। ਆਵਾ ਗਵਨ–ਆਉਣਾ ਜਾਣਾ (ਜੰਮਣਾ ਮਰਨਾ)। ਕੁਟੰਬ ਸਿਉ–ਪ੍ਰਵਾਰ ਸਮੇਤ। ਰਵਨ–ਗਾਉਣ ਨਾਲ। ਟਹਲ–ਸੇਵਾ। ਤੇ–ਤੋਂ। ਬਿਸ੍ਰਾਮੁ–ਟਿਕਾਣਾ। ੧੫।

ਸਲੋਕੁ ॥ ਪੂਰਨੁ ਕਬਹੁ ਨ ਡੋਲਤਾ, ਪੂਰਾ ਕੀਆ ਪ੍ਰਭ ਆਪਿ ॥ ਦਿਨੁ ਦਿਨੁ ਚੜੈ ਸਵਾਇਆ, ਨਾਨਕ ਹੋਤ ਨ ਘਾਟਿ ॥੧੬॥ (ਜਿਸ ਨੂੰ) ਪ੍ਰਭੂ ਨੇ ਆਪ ਪੂਰਾ ਬਣਾ ਦਿਤਾ ਹੈ, (ਉਹ) ਪੂਰਨ ਪੁਰਖ ਕਦੇ ਨਹੀਂ ਡੋਲਦਾ। ਨਾਨਕ ਗੁਰੂ ਜੀ ਆਖਦੇ ਹਨ (ਕਿ ਉਹ ਪੁਰਖ) ਦਿਨੋ ਦਿਨ ਵਧਦਾ ਜਾਂਦਾ ਹੈ (ਚੜ੍ਹਦੀ ਕਲਾ ਵਿਚ ਰਹਿੰਦਾ ਹੈ, ਕਦੇ) ਘੱਟ ਨਹੀਂ ਹੁੰਦਾ। ੧੬।

ਪਦਾਰਥ = ਪੂਰਨੁ–ਪੂਰਨ ਪੁਰਖ (ਜਿਸ ਵਿਚ ਕੋਈ ਕਮੀ ਨਹੀਂ)। ਕਬਹੁ–ਕਦੇ। ਕੀਆ–ਕੀਤਾ (ਬਣਾ ਦਿਤਾ)। ਚੜੈ ਸਵਾਇਆ–ਵਧਦਾ ਹੈ; ਚੜ੍ਹਦੀ ਕਲਾ ਵਿਚ। ਹੋਤ ਨ–ਨਹੀਂ ਹੁੰਦਾ। ਘਾਟਿ–ਕਮੀ; ਊਣਤਾਈ। ੧੬।

ਪਉੜੀ ॥ ਪੂਰਨਮਾ ਪੂਰਨ ਪ੍ਰਭ ਏਕੁ ,ਕਰਣ ਕਾਰਣ ਸਮਰਥੁ ॥ ਜੀਅ ਜੰਤ ਦਇਆਲ ਪੁਰਖੁ ,ਸਭ ਊਪਰਿ ਜਾ ਕਾ ਹਥੁ ॥ ਗੁਣ ਨਿਧਾਨ ਗੋਬਿੰਦ ਗੁਰ, ਕੀਆ ਜਾ ਕਾ ਹੋਇ ॥ ਅੰਤਰਜਾਮੀ ਪ੍ਰਭੁ ਸੁਜਾਨੁ ,ਅਲਖ ਨਿਰੰਜਨ ਸੋਇ ॥ ਪਾਰਬ੍ਰਹਮੁ ਪਰਮੇਸਰੋ, ਸਭ ਬਿਧਿ ਜਾਨਣਹਾਰ ॥ ਸੰਤ ਸਹਾਈ ਸਰਨਿ ਜੋਗੁ ,ਆਠ ਪਹਰ ਨਮਸਕਾਰ ॥ ਅਕਥ ਕਥਾ ਨਹ ਬੂਝੀਐ, ਸਿਮਰਹੁ ਹਰਿ ਕੇ ਚਰਨ ॥ ਪਤਿਤ ਉਧਾਰਨ ਅਨਾਥ ਨਾਥ, ਨਾਨਕ ਪ੍ਰਭ ਕੀ ਸਰਨ ॥੧੬॥ ਪੁੰਨਿਆਂ (ਦਾ ਉਪਦੇਸ਼ ਇਹ ਹੈ ਕਿ) ਇਕ ਪ੍ਰਭੂ ਹੀ ਪੂਰਨ ਹੈ, ਜੋ ਸਾਰੇ ਕਾਰਣਾਂ ਦੇ ਕਰਨ ਨੂੰ ਸਮਰੱਥ ਹੈ (ਮੱਸਿਆ ਤੋਂ ਦੂਜੇ ਦਿਨ ਏਕਮ ਤੋਂ ਚੰਦ ਵਧਦਾ ਹੋਇਆ ਪੁੰਨਿਆ ਨੂੰ ਪੂਰਾ ਹੁੰਦਾ ਹੈ, {ਪੁਨਿਓ ਪੂਰਾ ਚੰਦ ਅਕਾਸ ੩੪੪}, ਪੂਰਨ ਕੇਵਲ ਪ੍ਰਭੂ ਹੈ, ਚੰਦ ਪੂਰਨ ਨਹੀਂ। ਪ੍ਰਭੂ ਸਾਰੇ) ਜੀਵਾਂ ਜੰਤਾਂ ਉਤੇ ਦਇਆ ਕਰਨ ਵਾਲਾ ਹੈ, ਸਾਰੇ (ਜੀਵਾਂ ਦੇ ਸਿਰ) ਉਪਰ ਜਿਸ ਦਾ ਹੱਥ ਹੈ। (ਉਹ) ਗੋਬਿੰਦ ਗੁਣਾਂ ਦਾ ਖਜਾਨਾ ਹੈ, ਵੱਡਾ ਹੈ ਤੇ ਜਿਸ ਦਾ ਕੀਤਾ ਹੋਇਆ ਸਭ ਕੁਛ ਹੁੰਦਾ ਹੈ। ਉਹ ਪ੍ਰਭੂ ਸਭ ਦੇ ਅੰਦਰ ਦੀਆਂ ਜਾਨਣ ਵਾਲਾ, ਸਿਆਣਾ, ਸਮਝ ਵਿਚ ਨਾ ਆਉਣ ਵਾਲਾ ਤੇ ਮਾਇਆ ਤੋਂ ਨਿਰਲੇਪ ਹੈ। (ਉਹ) ਪ੍ਰਕ੍ਰਿਤੀ ਤੋਂ ਪਰੇ ਨਿਰਗੁਣ ਬ੍ਰਹਮ, ਸਭ ਤੋਂ ਵੱਡਾ ਮਾਲਕ ਹੈ ਤੇ ਸਭ ਵਿਧੀਆਂ ਜਾਨਣ ਵਾਲਾ ਹੈ। ਸੰਤਾਂ ਦੀ ਸਹਾਇਤਾ ਕਰਨ ਵਾਲਾ ਹੈ, ਸ਼ਰਣ ਦੇਣ ਯੋਗ ਹੈ, (ਇਸ ਲਈ ਉਸ ਨੂੰ) ਅੱਠੇ ਪਹਿਰ ਨਮਸ਼ਕਾਰ ਕਰੋ। (ਜਿਸ ਪ੍ਰਭੂ ਦੀ) ਕਥਾ ਅਕੱਥ ਹੈ, ਜੋ ਸਮਝੀ ਨਹੀਂ ਜਾ ਸਕਦੀ, (ਉਸ) ਹਰੀ ਦੇ ਚਰਨ ਸਿਮਰੋ (ਉਸ ਦਾ ਸਿਮਰਨ ਕਰੋ। ਉਹ) ਪਾਪੀਆਂ ਦਾ ਉਧਾਰ ਕਰਨ ਵਾਲਾ ਹੈ, ਅਨਾਥਾਂ ਦਾ ਮਾਲਕ ਹੈ, ਨਾਨਕ ਗੁਰੂ ਜੀ ਆਖਦੇ ਹਨ ਕਿ ਪ੍ਰਭੂ ਦੀ ਸ਼ਰਨ ਵਿਚ ਪੈ ਜਾਓ। ੧੬।

ਪਦਾਰਥ = ਪੂਰਨਮਾ–ਪੁੰਨਿਆਂ (ਪੂਰਨਮਾਸੀ)। ਕਰਣ ਕਾਰਣ–ਸਾਰੇ ਕਾਰਣਾਂ ਦਾ ਕਰਤਾ; ਜਗਤ ਦਾ ਮੂਲ ਕਾਰਣ। ਸਮਰਥੁ–ਸਰਬ ਸ਼ਕਤੀਮਾਨ। ਜੀਅ–ਜੀਵ। ਜਾ ਕਾ–ਜਿਸ ਦਾ। ਨਿਧਾਨ–ਖਜਾਨਾ। ਗੁਰ–ਵੱਡਾ; ਪੂਜਨੀਕ। ਅੰਤਰਜਾਮੀ–ਸਭ ਦੇ ਅੰਦਰ ਦੀ ਜਾਨਣ

All Rights Reserved by Harjinder Singh Gyani | www.GuruGranthVakhyaan.org

ਵਾਲਾ। ਸੁਜਾਨੁ–ਸਿਆਣਾ। ਅਲਖ–(ਅਲੱਖ ਬੋਲੋ) ਅਦ੍ਰਿਸਟ; ਸਮਝ ਵਿਚ ਨਾ ਆਉਣ ਵਾਲਾ। ਨਿਰੰਜਨ–ਮਾਇਆ ਦੇ ਅਸਰ ਤੋਂ ਰਹਿਤ। ਬਿਧਿ–ਤਰੀਕੇ (ਪਾਲਣ ਪੋਸਣ ਆਦਿ ਦੇ)। ਸਰਨਿ ਜੋਗੁ–ਸ਼ਰਨ ਵਿਚ ਆਇਆਂ ਦੀ ਰਖਿਆ ਕਰਨ ਯੋਗ। ਅਕਥ (ਅਕੱਥ ਬੋਲੋ)–ਜੋ ਬਿਆਨ ਨਾ ਹੋ ਸਕੇ। ਪਤਿਤ–ਪਾਪੀ। ਉਧਾਰਨ–ਉਧਾਰ ਕਰਨ ਵਾਲਾ। ਅਨਾਥ–ਯਤੀਮ। ਨਾਥ–ਮਾਲਕ।੧੬।

**ਵਿਆਖਿਆ** = ਮੱਸਿਆ ਸਮੇਤ ਪੰਦਰਾਂ ਥਿੱਤਾਂ ਤੋਂ ਬਾਦ ਪੂਰਨਮਾਸੀ ਦਾ ਉਪਦੇਸ਼ ਉਚਾਰਿਆ ਹੈ। ਇਨ੍ਹਾਂ ਥਿਤਾਂ ਦਾ ਉਪਦੇਸ਼ ਉਨ੍ਹਾਂ ਲਈ ਹੈ, ਜੋ ਕਿਸੇ ਥਿਤ ਨੂੰ ਫਲਦਾਇਕ ਤੇ ਕਿਸੇ ਨੂੰ ਨੁਕਸਾਨ ਦੇਹ ਮੰਨਣ ਦੇ ਵਹਿਮਾਂ ਭਰਮਾਂ ਵਿਚ ਹਨ। ਅਜੇਹੇ ਲੋਕ ਵਾਹਿਗੁਰੂ ਦੀ ਬਖਸ਼ਿਸ਼ ਤੋਂ ਵਾਂਝੇ ਰਹਿੰਦੇ ਹਨ। ਮੱਸਿਆ ਤੋਂ ਬਾਦ ਸ਼ੁਕਲ ਪੱਖ ਦੀਆਂ ਏਕਮ ਦੂਜ ਆਦਿ ਥਿਤਾਂ ਸ਼ੁਰੂ ਹੋ ਜਾਂਦੀਆਂ ਹਨ। ਮੱਸਿਆ ਤਕ ਪੰਦਰਾਂ ਥਿਤਾਂ ਗਿਣ ਕੇ ਤੇ ਉਨ੍ਹਾਂ ਦਾ ਉਪਦੇਸ਼ ਦੇ ਕੇ ਅੱਗੇ ਪੁੰਨਿਆ ਥਿਤ ਦਾ ਵਰਨਣ ਕੀਤਾ ਹੈ। ਪੁੰਨਿਆ ਤੋਂ ਪਹਿਲਾਂ ਵਾਲੀਆਂ ੧੪ ਥਿਤਾਂ ਦਾ ਉਪਦੇਸ਼ ਉਹੋ ਹੀ ਹੈ ਜੋ ਮੱਸਿਆ ਤੋਂ ਪਹਿਲਾਂ ਦੀਆਂ ਥਿਤਾਂ ਦਾ ਹੈ। ਇਸ ਲਈ ਉਨ੍ਹਾਂ ਚੌਦਾਂ ਥਿਤਾਂ ਦਾ ਦੁਬਾਰਾ ਵਰਨਣ ਨਹੀਂ ਕੀਤਾ ਗਿਆ। ਗੁਰੂ ਅਰਜਨ ਦੇਵ ਜੀ ਹੁਣ ਬਾਣੀ ਦਾ ਸਾਰੰਸ਼ ਤੇ ਅਖੀਰਲਾ ਮੰਗਲ ਉਚਾਰਨ ਕਰਦੇ ਹਨ।

**ਸਲੋਕੁ ॥ ਦੁਖ ਬਿਨਸੇ ਸਹਸਾ ਗਇਓ, ਸਰਨਿ ਗਹੀ ਹਰਿ ਰਾਇ ॥ ਮਨਿ ਚਿੰਦੇ ਫਲ ਪਾਇਆ, ਨਾਨਕ ਹਰਿ ਗੁਨ ਗਾਇ** ॥੧੭॥ (ਹੇ ਭਾਈ! ਜਿਸ ਮਨੁੱਖ ਨੇ) ਹਰੀ ਰਾਜੇ ਦੀ ਸ਼ਰਣ ਗ੍ਰਹਿਣ ਕੀਤੀ ਹੈ, (ਉਸ ਦੇ) ਦੁਖ ਨਾਸ਼ ਹੋ ਗਏ ਹਨ ਅਤੇ ਸੰਸਾ ਵੀ ਦੂਰ ਹੋ ਗਿਆ ਹੈ। ਹੇ ਨਾਨਕ! (ਉਸ ਮਨੁੱਖ ਨੇ) ਮਨ ਚਿੰਦੇ ਫਲ ਪ੍ਰਾਪਤ ਕਰ ਲਏ ਹਨ, (ਜਿਸ ਨੇ) ਹਰੀ ਦੇ ਗੁਣ ਗਾਏ ਹਨ।੧੭।

**ਪਦਾਰਥ** = ਬਿਨਸੇ–ਨਾਸ਼ ਹੋ ਗਏ। ਸਹਸਾ–ਸੰਸਾ; ਭਰਮ। ਗਹੀ–ਫੜੀ ਹੈ। ਹਰਿ ਰਾਇ–ਹਰੀ ਰਾਜਾ। ਮਨ ਚਿੰਦੇ–ਮਨ ਵਿਚ ਸੋਚੇ ਹੋਏ। ਗਾਏ–ਗਾਏ ਹਨ।੧੭।

**ਪਉੜੀ ॥ ਕੋਈ ਗਾਵੈ ਕੋ ਸੁਣੈ, ਕੋਈ ਕਰੈ ਬੀਚਾਰੁ ॥ ਕੋ ਉਪਦੇਸੈ ਕੋ ਦ੍ਰਿੜੈ, ਤਿਸ ਕਾ ਹੋਇ ਉਧਾਰੁ ॥ ਕਿਲਬਿਖ ਕਾਟੈ ਹੋਇ ਨਿਰਮਲਾ, ਜਨਮ ਜਨਮ ਮਲੁ ਜਾਇ ॥ ਹਲਤਿ ਪਲਤਿ ਮੁਖੁ ਊਜਲਾ, ਨਹ ਪੋਹੈ ਤਿਸੁ ਮਾਇ ॥ ਸੋ ਸੁਰਤਾ ਸੋ ਬੈਸਨੋ, ਸੋ ਗਿਆਨੀ ਧਨਵੰਤੁ ॥ ਸੋ ਸੂਰਾ ਕੁਲਵੰਤੁ ਸੋਇ, ਜਿਨਿ ਭਜਿਆ ਭਗਵੰਤੁ ॥ ਖਤ੍ਰੀ ਬ੍ਰਾਹਮਣੁ ਸੂਦੁ ਬੈਸੁ ,ਉਧਰੈ ਸਿਮਰਿ ਚੰਡਾਲ ॥ ਜਿਨਿ ਜਾਨਿਓ ਪ੍ਰਭੁ ਆਪਨਾ, ਨਾਨਕ ਤਿਸਹਿ ਰਵਾਲ** ॥੧੭॥ ਕੋਈ (ਮਨੁੱਖ ਚਾਹੇ ਹਰੀ ਦੇ ਗੁਣ ਰਾਗ ਵਿਚ) ਗਾਵੇ, ਕੋਈ ਸੁਣੇ ਤੇ ਕੋਈ (ਚਾਹੇ ਇਨ੍ਹਾਂ ਗੁਣਾਂ ਦੀ) ਵਿਚਾਰ ਕਰੇ। (ਚਾਹੇ) ਕੋਈ ਮਨੁੱਖ ਉਪਦੇਸ਼ ਦੇਵੇ, ਕੋਈ (ਗੁਣਾਂ ਨੂੰ ਦਿਲ ਵਿਚ) ਦ੍ਰਿੜ ਕਰੇ, ਉਸ ਦਾ ਉਧਾਰ ਹੋ ਜਾਵੇਗਾ। (ਉਹ ਅਪਣੇ) ਪਾਪ ਕੱਟ ਲਏਗਾ, (ਹਉਮੈ ਦੀ) ਮੈਲ ਤੋਂ ਰਹਿਤ ਹੋ ਜਾਵੇਗਾ, (ਉਸ ਦੀ) ਜਨਮਾਂ ਜਨਮਾਂ ਦੀ ਮੈਲ ਲਹਿ ਜਾਵੇਗੀ। (ਉਸ ਦਾ) ਲੋਕ ਪ੍ਰਲੋਕ ਵਿਚ ਮੁਖ ਉਜਲਾ ਹੋਵੇਗਾ ਤੇ ਮਾਇਆ ਉਸ ਨੂੰ ਪੋਹ ਨਹੀਂ (ਅਸਰ ਕਰ) ਸਕੇਗੀ। ਉਹ ਮਨੁੱਖ ਸੂਝ ਵਾਲਾ ਹੈ, ਉਹ ਵੈਸ਼ਨੋ ਹੈ, ਉਹ ਗਿਆਨ ਵਾਨ ਹੈ ਤੇ (ਉਹ ਹੀ) ਧਨ ਵਾਲਾ ਹੈ। ਉਹ (ਪੁਰਖ) ਸੂਰਵੀਰ ਹੈ, ਉਹ ਹੀ (ਉਚੀ) ਕੁਲ ਵਾਲਾ ਹੈ, ਜਿਸ ਨੇ ਭਗਵਾਨ ਨੂੰ ਸਿਮਰਿਆ ਹੈ। (ਸਿਮਰਨ ਦਾ ਅਧਿਕਾਰ ਕਿਸ ਨੂੰ ਹੈ? ਚਾਰ ਵਰਣਾਂ ਵਿਚੋਂ ਚਾਹੇ) ਖਤ੍ਰੀ ਹੋਵੇ, ਬ੍ਰਾਹਮਣ ਹੋਵੇ, ਸ਼ੂਦ੍ਰ ਜਾਂ ਵੈਸ਼ ਹੋਵੇ, (ਚਾਹੇ ਕੋਈ) ਚੰਡਾਲ ਹੋਵੇ, (ਪ੍ਰਭੂ ਦਾ) ਨਾਮ ਸਿਮਰ ਕੇ (ਹਰ ਕੋਈ) ਮੁਕਤ ਹੋ ਜਾਂਦਾ ਹੈ। ਜਿਸ ਪੁਰਖ ਨੇ ਅਪਣੇ ਪ੍ਰਭੂ ਨੂੰ ਜਾਣ ਲਿਆ ਹੈ, ਨਾਨਕ ਉਸ ਦੇ ਚਰਨਾਂ ਦੀ ਧੂੜ ਹੈ।੧੭।

**ਪਦਾਰਥ** = ਕੋ–ਕੋਈ (ਮਨੁੱਖ)। ਦ੍ਰਿੜੈ–ਮਨ ਵਿਚ ਬਿਠਾ ਲੈਂਦਾ ਹੈ। ਤਿਸ ਕਾ–ਉਸ ਦਾ। ਉਧਾਰ–ਮੁਕਤ; ਪਾਰ ਉਤਾਰਾ। ਕਿਲਬਿਖ–ਪਾਪ। ਕਾਟੈ–ਕੱਟ ਲਏਗਾ। ਨਿਰਮਲਾ–ਪਵਿਤ੍ਰ; ਮੈਲ ਤੋਂ ਰਹਿਤ। ਮਲੁ–ਵਿਕਾਰਾਂ ਦੀ ਮੈਲ। ਹਲਤਿ–ਇਸ ਲੋਕ ਵਿਚ। ਪਲਤਿ–ਪ੍ਰਲੋਕ ਵਿਚ। ਊਜਲਾ–ਰੋਸ਼ਨ; ਸਾਫ। ਨਹ ਪੋਹੈ–ਪੋਹ ਨਹੀਂ ਸਕੇਗੀ। ਮਾਇ–ਮਾਇਆ। ਸੋ–ਉਹ। ਸੁਰਤਾ–ਸੂਝ ਵਾਨ; ਸ਼ਰਧਾ ਨਾਲ ਸੁਣਨ ਵਾਲਾ। ਬੈਸਨੋ–ਵੈਸ਼ਨਵ (ਉਚੇ ਆਚਰਣ ਵਾਲਾ) ਭਗਤ। ਧਨਵੰਤ–ਧਨਵਾਨ। ਸੂਰਾ–ਸੂਰ ਬੀਰ। ਕੁਲਵੰਤ–ਉਚੀ ਕੁਲ ਵਾਲਾ। ਸੋਇ–ਉਹ ਹੀ। ਜਿਨਿ–ਜਿਸ ਨੇ। ਸੂਦੁ–ਸ਼ੂਦ੍ਰ। ਚੰਡਾਲ–ਬਹੁਤ ਨੀਚ ਜਾਤ ਦਾ ਮਨੁੱਖ। ਤਿਸਹਿ–ਉਸ ਦੀ। ਰਵਾਲ–ਚਰਨ ਧੂੜੀ।੧੭।

All Rights Reserved by Harjinder Singh Gyani | www.GuruGranthVakhyaan.org